ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

TARKSHEEL

ਜੁਲਾਈ-ਅਗਸਤ 2013
July-August 2013




ਅੰਤਰਝਾਤ :

- ਸਮਾਜਿਕ ਨਾ ਬਰਾਬਰੀ
- ਮੌਤ ਦੀ ਸਜ਼ਾ...
- ਦੁਨੀਆਂ ਬਦਲੋ...
- ਬ੍ਰਹਿਮੰਡ ਯਾਤਰਾ
- ਤੇ ਹੋਰ ਗਿਆਨ ਵਰਧਕ ਰਚਨਾਵਾਂ...



'ਆਜ਼ਾਦੀ' ਦੇ 66 ਸਾਲ, ਬੁੱਤ ਲੱਖਾਂ ਦੇ... ਮਨੁੱਖ ਕੰਗਾਲ

ਮਦਰ ਟਰੇਸਾ ਦੇ ਨਾਂ



ਜਾਵੇਦ ਅਖ਼ਤਰ

ਐ ਮਾਂ ਟਰੇਸਾ…
ਮੁਝਕੋ ਤੇਰੀ ਅਜ਼ਮਤ ਸੇ ਇਨਕਾਰ ਨਹੀਂ ਹੈ
ਜਾਨੇ ਕਿਤਨੇ
ਸੂਖੇ ਲਬ ਔਰ ਵੀਰਾਂ ਆਂਖੇਂ
ਥਕੇ ਬਦਨ ਔਰ ਜ਼ਖ਼ਮੀ ਰੂਹੇਂ
ਕੂੜਾਘਰ ਮੇਂ ਰੋਟੀ ਕਾ ਏਕ ਟੁਕੜਾ ਢੂੰਡਤੇ
ਨੰਗੇ ਬੱਚੇ
ਫੁਟਪਾਥੋਂ ਪਰ ਗਲਤੇ ਸੜਤੇ ਬੂੜ੍ਹੇ ਕੋਹੜੀ
ਜਾਨੇ ਕਿਤਨੇ
ਬੇਘਰ ਬੇਦਰ ਬੇਵੱਸ ਇਨਸਾਂ
ਜਾਨੇ ਕਿਤਨੇ
ਟੂਟੇ ਕੁਚਲੇ ਬੇਬੱਸ ਇਨਸਾਂ
ਤੇਰੀ ਛਾਉਂ ਮੇਂ
ਜੀਨੇ ਕੀ ਹਿੰਮਤ ਪਾਤੇ ਹੈ
ਇਨਕੋ ਅਪਨੇ ਹੋਨੇ ਕੀ ਸਜ਼ਾ ਮਿਲੀ ਹੈ
ਉਸ ਹੋਨੇ ਕੀ ਸਜ਼ਾ ਸੇ
ਥੋੜੀ ਸੀ ਹੀ ਸਹੀ
ਮੋਹਲਤ ਪਾਤੇ
ਤੇਰਾ ਲਮਸ[1] ਮਸੀਹਾ ਹੈ
ਔਰ ਤੇਰਾ ਕਰਮ ਹੈ ਏਕ ਸਮੰਦਰ
ਜਿਸਕਾ ਕੋਈ ਪਾਰ ਨਹੀਂ ਹੈ
ਐ ਮਾਂ ਟਰੇਸਾ…
ਮੁਝਕੋ ਤੇਰੀ ਅਜ਼ਮਤ ਸੇ ਇਨਕਾਰ ਨਹੀਂ ਹੈ
ਮੈਂ ਠਹਿਰਾ ਖ਼ੁਦਗਰਜ਼
ਬਸ ਏਕ ਅਪਨੇ ਹੀ ਖ਼ਾਤਿਰ ਜੀਨੇਵਾਲਾ
ਮੈਂ ਤੁਝਸੇ ਕਿਸ ਮੂੰਹ ਸੇ ਪੂਛੂੰ
ਤੂਨੇ ਕਭੀ ਯੇ ਕਿਉਂ ਨਹੀਂ ਪੂਛਾ
ਕਿਸਨੇ ਇਨ ਬਦਹਾਲੋਂ ਕੋ ਬਦਹਾਲ ਕੀਆ ਹੈ
ਤੂਨੇ ਕਭੀ ਯੇ ਕਿਉਂ ਨਹੀਂ ਸੋਚਾ
ਕੌਨ ਸੀ ਤਾਕਤ
ਇਨਸਾਨੋਂ ਸੇ ਜੀਨੇ ਕਾ ਹੱਕ ਛੀਨ ਕੇ
ਉਨਕੋ ਫੁਟਪਾਥੋਂ ਔਰ ਕੂੜਾ ਘਰੋਂ ਤੱਕ
ਪਹੁੰਚਾਤੀ ਹੈ
ਤੂਨੇ ਕਭੀ ਯੇ ਕਿਉਂ ਨਹੀਂ ਦੇਖਾ
ਵਹੀ ਨਿਜ਼ਾਮੇ-ਜ਼ਰ
ਜਿਸਨੇ ਇਨ ਭੂਖੋਂ ਸੇ ਰੋਟੀ ਛੀਨੀ ਹੈ
ਤੇਰੇ ਕਹਿਨੇ ਪਰ
ਭੂਖੋਂ ਕੇ ਆਗੇ
ਕੁਛ ਟੁਕੜੇ ਡਾਲ ਰਹਾ ਹੈ
ਤੂਨੇ ਕਭੀ ਯੇ ਕਿਉਂ ਨਹੀਂ ਚਾਹਾ
ਨੰਗੇ ਬੱਚੇ
ਬੂੜ੍ਹੇ ਕੋਹੜੀ
ਬੇਬਸ ਇਨਸਾਂ
ਇਸ ਦੁਨੀਆਂ ਸੇ
ਅਪਨੇ ਜੀਨੇ ਕਾ ਹੱਕ ਮਾਂਗੇਂ
ਜੀਨੇ ਕੀ ਖ਼ੈਰਾਤ ਨਾ ਮਾਂਗੇ
ਐਸਾ ਕਿਉਂ ਹੈ
ਏਕ ਜ਼ਾਨਿਬ ਮਜ਼ਲੂਮ[2] ਸੇ ਤੁਝਕੋ ਹਮਦਰਦੀ ਹੈ
ਦੂਸਰੀ ਜ਼ਾਨਿਬ
ਜ਼ਾਲਿਮ ਸੇ ਭੀ ਆਰ[3] ਨਹੀਂ ਹੈ
ਲੇਕਿਨ ਸੱਚ ਹੈ
ਐਸੀ ਬਾਤੇਂ
ਮੈਂ ਤੁਝਸੇ ਕਿਸ ਮੂੰਹ ਸੇ ਪੂਛੂੰ
ਪੂਛੂੰਗਾ ਤੋ
ਮੁਝ ਪਰ ਭੀ ਵੋ ਜ਼ਿੰਮੇਵਾਰੀ ਆ ਜਾਏਗੀ
ਜਿਸਸੇ ਮੈਂ ਬਚਤਾ ਆਇਆ ਹੂੰ
ਬੇਹਤਰ ਹੈ ਖ਼ਾਮੋਸ਼ ਰਹੂੰ ਮੈਂ
ਔਰ ਅਗਰ ਕੁਛ ਕਹਿਨਾ ਹੋ ਤੋ
ਯਹੀਂ ਕਹੂੰ ਮੈਂ
ਐ ਮਾਂ ਟਰੇਸਾ
ਮੁਝਕੋ ਤੇਰੀ ਅਜ਼ਮਤ ਸੇ ਇਨਕਾਰ ਨਹੀਂ ਹੈ।

1. ਸੰਘਰਸ਼ 2. ਜ਼ੁਲਮ ਸਹਿਣਵਾਲਾ 3. ਸੰਕੋਚ

ਪੇਸ਼ਕਸ਼ : ਹਰਮੇਸ਼ ਮਾਲੜੀ

ਕਠੋਰ ਅਨੁਭਵ, ਬੁੱਧੀ, ਵਿਵੇਕ ਤੇ ਸੰਵੇਦਨ ਤੋਂ ਬਿਨਾਂ ਦ੍ਰਿਸ਼ਟੀਕੋਣ ਨਹੀਂ ਬਣਦਾ। ਇਹ ਤੀਜੀ ਅੱਖ ਹੈ, ਇਹ ਉਨ੍ਹਾਂ ਨੂੰ ਮਿਲਦੀ ਹੈ ਜੋ ਸਾਗਦੇ ਹੋਣ
…ਗੁਰਦਿਆਲ ਸਿੰਘ

ਚੰਦਾ
ਸਲਾਨਾ : 100 ਰੁਪਏ
ਵਿਦੇਸ਼ : 25 ਯੂ.ਐੱਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ, ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ (ਪੰਜਾਬ) ਤੋਂ ਜਾਰੀ ਕੀਤਾ।

ਤਤਕਰਾ

ਕੰਪੋਜ਼ਿੰਗ: ਨੀਰਜ ਕੁਮਾਰ 8427755241

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ, (ਚੰਡੀਗੜ੍ਹ) ਮਿਤੀ 17-1-94 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।


ਸੰਪਾਦਕੀ

ਪੰਜਾਬ ਸਿੱਖਿਆ ਵਿਭਾਗ ਵੱਲੋਂ ਸਕੂਲਾਂ ਨੂੰ ਪਿਛਲੇ ਦਿਨੀਂ ਲਾਇਬ੍ਰੇਰੀਆਂ ਲਈ ਸਪਲਾਈ ਕੀਤੀਆਂ ਪੁਸਤਕਾਂ ਦਾ ਮਾਮਲਾ ਇਸ ਵੇਲੇ ਭਖਵੀਂ ਬਹਿਸ ਦਾ ਮੁੱਦਾ ਬਣਿਆ ਹੋਇਆ ਹੈ। ਇਨ੍ਹਾਂ ਪੁਸਤਕਾਂ ਦੀ ਖਰੀਦੋ-ਫਰੋਖਤ ਵਿੱਚ ਜਿੱਥੇ ਸਾਰੇ ਨਿਯਮਾਂ ਨੂੰ ਛਿੱਕੇ ਤੇ ਟੰਗ ਕੇ ਕਰੋੜਾਂ ਰੁਪਏ ਦਾ ਘਪਲਾ ਕੀਤਾ ਗਿਆ ਹੈ, ਉਥੇ ਇੰਨਾਂ ਪੁਸਤਕਾਂ ਦਾ ਵਿਸ਼ਾ ਵਸਤੂ ਅਤਿ ਨੀਵੇਂ ਪੱਧਰ ਦਾ, ਗੈਰ ਵਿਗਿਆਨਕ ਅਤੇ ਅਸ਼ਲੀਲਤਾ ਭਰਪੂਰ ਹੈ। ਪੁਸਤਕਾਂ ਵਿਚਲੇ ਗੀਤਾਂ ਵਿੱਚ ਔਰਤਾਂ ਲਈ ਪਟੋਲਾ, ਪੰਜ ਫੁੱਟੀ ਤਲਵਾਰ, ਉਹ ਹੱਥ ਨਾ ਆਉਂਦੀ ਓਏ.. ਆਦਿ ਸ਼ਬਦ ਵਰਤੇ ਗਏ ਹਨ। ਸਿਹਤ ਸੰਬੰਧੀ ਕਈ ਗਲਤ ਮਿੱਥਾਂ ਅਤੇ ਸਮਾਜਿਕ ਰਿਸ਼ਤਿਆਂ ਤੇ ਚਿੱਕੜ ਉਛਾਲੀ ਕੀਤੀ ਗਈ ਹੈ। ਸਾਡੇ ਵਿਚਾਰਣ ਦਾ ਮੁੱਦਾ ਹੈ-ਕੀ ਇਹ ਸਮੱਗਰੀ ਬਾਲਾਂ ਦੇ ਪੜ੍ਹਣ ਯੋਗ ਹੈ? ਬਚਪਨ ਨੂੰ ਜੀਵਨ ਦੀ ਬੁਨਿਆਦ ਕਿਹਾ ਜਾਂਦਾ ਹੈ। ਮਨੋਵਿਗਿਆਨਕਾਂ ਦਾ ਮਤ ਹੈ ਕਿ ਇਸ ਉਮਰੇ ਬਾਲ ਮਨਾਂ ਤੇ ਜੋ ਉਕਰਿਆ ਜਾਂਦਾ ਹੈ, ਉਹ ਸਦੀਵੀਂ ਹੋ ਜਾਂਦਾ ਹੈ। ਬਾਲ ਸਾਹਿਤ ਇੱਕ ਬਹੁਤ ਹੀ ਜਿੰਮੇਵਾਰੀ ਵਾਲਾ ਕਾਰਜ ਹੈ। ਅੰਮ੍ਰਿਤਸਰ ਦੇ ਧਾਰਮਿਕ ਪੁਸਤਕਾਂ ਛਾਪਣ ਵਾਲੇ ਇੱਕ ਪ੍ਰਕਾਸ਼ਕ ਨੇ ਇਹ ਪੁਸਤਕਾਂ ਛਾਪੀਆਂ ਹਨ। ਇਹ ਕਿਹੋ ਜਿਹੀ ਧਾਰਮਿਕਤਾ ਹੈ? ਸਿੱਖਿਆ ਮੰਤਰੀ, ਜਿੰਮੇਵਾਰ ਅਧਿਕਾਰੀਆਂ, ਕਮੇਟੀ ਨੇ ਇਨ੍ਹਾਂ ਪੁਸਤਕਾਂ ਨੂੰ ਖਰੀਦਣ ਤੋਂ ਪਹਿਲਾਂ ਪੜ੍ਹਨ ਦੀ ਲੋੜ ਮਹਿਸੂਸ ਨਹੀਂ ਕੀਤੀ ਕਿਉਂਕਿ ਇਸ ਪ੍ਰਕ੍ਰਿਆ ਦਾ ਕੇਂਦਰ ਬਿੰਦੂ ਬੱਚਿਆਂ ਦੀ ਭਲਾਈ ਦੀ ਥਾਂ ਕੁੱਝ ਹੋਰ ਸੀ। ਬੁਰਜੂਆ ਪਾਰਟੀਆਂ ਵੱਲੋਂ ਸਿਆਸੀ ਉਦੇਸ਼ਾਂ ਅਧੀਨ ਕੀਤੇ ਵਿਰੋਧ ਨੂੰ ਛੱਡ ਕੇ ਸੰਵੇਦਨਸ਼ੀਲ ਲੋਕਾਂ ਵੱਲੋਂ ਇਸ ਵਿਰੋਧ ਦਾ ਕੀਤੇ ਜਾਣਾ ਪ੍ਰਸ਼ੰਸਾਯੋਗ ਹੈ। ਰਾਜ ਸੱਤਾ ਵਿੱਚ ਭਾਈਵਾਲ ਇੱਕ ਮੁੱਖ ਸਿਆਸੀ ਪਾਰਟੀ ਨੇ ਇਸ ਦੇ ਖਿਲਾਫ਼ ਇੱਕ ਸ਼ਬਦ ਤੱਕ ਨਹੀਂ ਬੋਲਿਆ ਜੋ ਵਿਗਿਆਨਕ ਕਿਤਾਬਾਂ ਤੇ ਪਾਬੰਦੀ ਦੀ ਮੰਗ ਹਮੇਸ਼ਾ ਵਿਧਾਨ ਸਭਾ ਵਿੱਚ ਜ਼ੋਰ ਸ਼ੋਰ ਨਾਲ ਉਠਾਉਂਦੀ ਹੈ। ਇਹ ਸਾਰਾ ਵਰਤਾਰਾ ਸਹਿਜ ਨਹੀਂ। ਰਾਜ ਸੱਤਾ ਤੇ ਕਾਬਜ ਲੁਟੇਰੀਆਂ ਜਮਾਤਾਂ ਦੇ ਲੁਕਵੇਂ ਏਜੰਡੇ ਦਾ ਹੀ ਇੱਕ ਹਿੱਸਾ ਹੈ। ਅਸ਼ਲੀਲ ਸੱਭਿਆਚਾਰ, ਨਸ਼ਿਆਂ ਦੀ ਭਰਮਾਰ ਹਮੇਸ਼ਾਂ ਲੁਟੇਰੇ ਰਾਜ ਪ੍ਰਬੰਧ ਦੀ ਉਮਰ ਲੰਬੀ ਕਰਦੇ ਹਨ। ਸਾਡੇ ਵੱਲੋਂ ਜਿੱਥੇ ਇੰਨਾਂ ਪੁਸਤਕਾਂ, ਇਨ੍ਹਾਂ ਦੀ ਖਰੀਦਦਾਰੀ ਵਿੱਚ ਹੋਏ ਭ੍ਰਿਸ਼ਟਾਚਾਰ ਦਾ ਡਟਵਾਂ ਵਿਰੋਧ, ਇਸ ਲਈ ਜਿੰਮੇਵਾਰ ਵਿਅਕਤੀਆਂ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਕਰਨਾ ਬਣਦਾ ਹੈ। ਉੱਥੇ ਇਸ ਗੱਲ ਲਈ ਦਬਾਓ ਵਧਾਇਆ ਜਾਣਾ ਅਤੇ ਇਸ ਮੁੱਦੇ ਨੂੰ ਲੋਕਾਂ ਵਿੱਚ ਲੈ ਕੇ ਜਾਣਾ ਅਤਿ ਜਰੂਰੀ ਹੈ ਕਿ, ਕਿਸ ਤਰ੍ਹਾਂ ਦੇ ਸਾਹਿਤ ਦੀ ਸਾਡੇ ਸਮਾਜ, ਬਾਲਾਂ, ਨੌਜਵਾਨਾਂ ਨੂੰ ਲੋੜ ਹੈ? ਸਮਾਜ ਦੇ ਵਿਕਾਸ ਲਈ ਵਿਗਿਆਨਕ, ਅਗਾਂਹਵਧੂ ਸਾਹਿਤ ਹੀ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਸ ਲਈ ਸਕੂਲਾਂ ਵਿੱਚ ਇਸਤਰ੍ਹਾਂ ਦਾ ਸਾਹਿਤ ਹੀ ਲਾਇਬ੍ਰੇਰੀਆਂ ਦਾ ਹਿੱਸਾ ਬਨਣਾ ਚਾਹੀਦਾ ਹੈ। ਸਿਰਫ ਕਹਿ ਦੇਣ ਨਾਲ ਹੀ ਹਿੱਸਾ ਨਹੀਂ ਬਣੇਗਾ। ਆਓ ਲੋਕ ਚੇਤਨਾ ਉਸਾਰਦੇ ਹੋਏ ਸਮਾਜਿਕ-ਸੱਭਿਆਚਾਰਕ ਤਬਦੀਲੀ ਲਈ ਮਜ਼ਬੂਤ ਲੋਕ ਲਹਿਰ ਖੜ੍ਹੀ ਕਰੀਏ।

ਇੱਕ ਦ੍ਰਿਸ਼ਟੀਕੋਣ:

ਮੌਤ ਦੀ ਸਜ਼ਾ ਬਾਰੇ

ਹੇਮ ਰਾਜ ਸਟੈਨੋ



ਭਗਤ ਸਿੰਘ ਨੇ ਜੇਲ੍ਹ ਅੰਦਰੋਂ ਲਿਖੇ ਆਪਣੇ ਮਹੱਤਵਪੂਰਨ ਲੇਖ "ਮੈਂ ਨਾਸਤਿਕ ਕਿਉਂ ਹਾਂ?" ਵਿੱਚ ਇਸ ਗੱਲ ਦਾ ਜ਼ਿਕਰ ਕੀਤਾ ਕਿ "ਸਾਰੇ ਸਿਆਣੇ ਚਿੰਤਕ ਬਦਲੇ ਦੇ ਸਿਧਾਂਤ ਦੀ ਨਿਖੇਧੀ ਕਰਦੇ ਹਨ। ਵਰਜਣ ਵਾਲੇ ਸਿਧਾਂਤ ਦੀ ਨੁਕਤਾਚੀਨੀ ਕਰਦੇ ਹਨ।" (ਮੈਂ ਨਾਸਤਿਕ ਕਿਉਂ ਹਾਂ? ਪ੍ਰਕਾਸ਼ਕ- ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਪੰਨਾ 24)। ਸੋ ਭਗਤ ਸਿੰਘ ਤੋਂ ਵੀ ਪਹਿਲਾਂ ਇਹ ਬਹਿਸ ਚਾਲੂ ਸੀ ਕਿ ਮੌਤ ਦੀ ਸਜ਼ਾ ਕਾਇਮ ਰੱਖੀ ਜਾਵੇ ਜਾਂ ਨਾ। ਜਦੋਂ ਸਾਡੇ ਦੇਸ਼ ਦਾ ਸੰਵਿਧਾਨ ਬਣ ਰਿਹਾ ਸੀ ਤਾਂ ਸੰਵਿਧਾਨ ਬਣਾਉਣ 'ਚ ਸ਼ਾਮਲ ਕਿੰਨੇ ਹੀ ਮੈਂਬਰਾਂ ਨੇ ਮੌਤ ਦੀ ਸਜ਼ਾ ਵਾਲੇ ਕਾਨੂੰਨ ਨੂੰ ਖਤਮ ਕਰਨ ਦੀ ਮੰਗ ਉਠਾਈ ਸੀ। ਡਾ.ਅੰਬੇਡਕਰ ਨੇ ਸੰਵਿਧਾਨ ਬਣਾਉਣ ਲਈ ਬਣੀ ਸੰਘਟਕ ਸਭਾ (Constituent Assembly) 'ਚ ਮੰਗ ਕੀਤੀ ਸੀ ਕਿ "ਮੌਤ ਦੀ ਸਜ਼ਾ ਨੂੰ ਮੁੱਢੋਂ-ਸੁੱਢੋਂ ਖਤਮ ਕਰਨਾ ਹੀ ਇਸ ਦੇਸ਼ ਲਈ ਵਾਜਬ ਗੱਲ ਹੋਵੇਗੀ।" ਸੋ ਮੌਤ ਦੀ ਸਜ਼ਾ ਵਾਲਾ ਕਾਨੂੰਨ ਕਾਇਮ ਰੱਖਣ ਜਾਂ ਇਸਨੂੰ ਖਤਮ ਕਰਨ ਬਾਰੇ ਬਹਿਸ ਬੜੇ ਲੰਬੇ ਸਮੇਂ ਤੋਂ ਚਾਲੂ ਰਹਿ ਰਹੀ ਹੈ। ਦੁਨੀਆਂ ਦੇ ਦੋ-ਤਿਹਾਈ ਦੇਸ਼ਾਂ ਨੇ ਇਹ ਕਾਨੂੰਨ ਖਤਮ ਕਰ ਦਿੱਤਾ ਹੈ। ਸੰਯੁਕਤ ਰਾਸ਼ਟਰ ਆਮ ਸਭਾ ਵਿੱਚ ਵੀ ਸੰਨ 2010 'ਚ ਹੋਈ 65 ਵੀਂ ਬੈਠਕ 'ਚ ਵੀ ਇਸ ਕਾਨੂੰਨ ਨੂੰ ਸੰਸਾਰ ਪੱਧਰ 'ਤੇ ਖਤਮ ਕਰਨ ਦਾ ਮਤਾ ਪਾਸ ਕਰਦਿਆਂ ਸਾਰੇ ਮੁਲਕਾਂ ਨੂੰ ਇਸ 'ਤੇ ਅਮਲ ਕਰਨ ਦਾ ਸੱਦਾ ਦਿੱਤਾ ਗਿਆ(ਦਾ ਹਿੰਦੂ, ਅੰਗਰੇਜ਼ੀ, 5 ਜੂਨ 2013)। ਹੁਣ ਫਿਰ ਮੌਤ ਦੀ ਸਜ਼ਾ ਰੱਦ ਕਰਨ ਜਾਂ ਬਹਾਲ ਰੱਖਣ ਦਾ ਮੁੱਦਾ ਬਹੁਤ ਭਖਿਆ ਹੋਇਆ ਹੈ। ਕੁੱਝ ਹਿੱਸਾ ਮੌਤ ਦੀ ਸਜ਼ਾ ਰੱਦ ਕਰਵਾਉਣ ਦੇ ਹੱਕ ਵਿੱਚ ਹੈ ਅਤੇ ਕੁੱਝ ਹਿੱਸਾ ਇਸਨੂੰ ਬਣਾਈ ਰੱਖਣ ਦੇ ਹੱਕ ਵਿੱਚ। ਇਸ ਸਬੰਧੀ ਦੋਨਾਂ ਧਿਰਾਂ ਵੱਲੋਂ ਇਸ ਦੇ ਹੱਕ ਅਤੇ ਵਿਰੋਧ ਵਿੱਚ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ। ਅਸੀਂ ਇਸ ਮੁੱਦੇ 'ਤੇ ਸਾਡਾ ਦ੍ਰਿਸ਼ਟੀਕੋਣ ਪੇਸ਼ ਕਰ ਰਹੇ ਹਾਂ।

ਮਨੁੱਖੀ ਸਮਾਜ ਜਮਾਤਾਂ ਅੰਦਰ ਵੰਡਿਆ ਹੋਇਆ ਹੈ। ਜਮਾਤਾਂ ਅੰਦਰ ਵੰਡੇ-ਹੋਏ ਸਮਾਜ ਅੰਦਰ ਕਾਨੂੰਨ ਵੀ ਨਿਰਪੱਖ ਨਹੀਂ ਹੁੰਦਾ। ਜ਼ਮੀਨ ਗ੍ਰਹਿਣ(Acquire) ਕਰਨ ਦੇ ਕਾਨੂੰਨ ਦੀ ਮਿਸਾਲ ਲਵੋ। ਹਕੂਮਤਾਂ ਜ਼ਮੀਨ ਗ੍ਰਹਿਣ ਕਰਨ ਦਾ ਕਾਨੂੰਨ ਬਣਾ ਦਿੰਦੀਆਂ ਹਨ ਤਾਂ ਇਹ (ਕਾਨੂੰਨ) ਉਨ੍ਹਾਂ ਦੇ ਪੱਖ 'ਚ ਜਾਂਦਾ ਹੈ ਜਿੰਨਾਂ ਨੂੰ ਹਕੂਮਤਾਂ ਨੇ ਜ਼ਮੀਨ ਗ੍ਰਹਿਣ ਕਰਕੇ ਦੇਣੀ ਹੈ ਅਤੇ ਇਹੀ ਕਾਨੂੰਨ ਕਿਸਾਨਾਂ ਦੇ ਵਿਰੋਧ ਵਿੱਚ ਭੁਗਤ ਜਾਂਦਾ ਹੈ। ਇਸੇ ਤਰ੍ਹਾਂ ਜਿਹੜਾ ਵੀ ਕਾਨੂੰਨ ਕਾਰਖਾਨੇਦਾਰਾਂ-ਸਰਮਾਏਦਾਰਾਂ ਦੇ ਹੱਕ ਵਿੱਚ ਬਣਾਇਆ ਜਾਂਦਾ ਹੈ ਉਹ ਮਜ਼ਦੂਰਾਂ ਦੇ ਵਿਰੋਧ ਵਿੱਚ ਭੁਗਤਦਾ ਹੈ। ਹੁਣ ਦੇਖੋ ਕਾਨੂੰਨ ਉਹੀ ਹੈ, ਇੱਕ ਜਮਾਤ ਦੇ ਪੱਖ 'ਚ ਹੈ ਅਤੇ ਦੂਸਰੀ ਦੇ ਵਿਰੋਧ 'ਚ। ਸਾਇੰਸ ਆਪਣੇ ਆਪ 'ਚ ਨਿਰਪੱਖ ਹੈ। ਐਟਮ ਸ਼ਕਤੀ ਦੇ ਫਾਰਮੂਲੇ ਦੀ ਮਿਸਾਲ ਲਵੋ। ਕੋਈ ਜਮਾਤ ਬਣਾਵੇ ਉਸ ਨੂੰ ਓਹੀ ਫਾਰਮੂਲਾ ਲਾਗੂ ਕਰਨਾ ਪਵੇਗਾ। ਪਰ ਲੋਕ-ਵਿਰੋਧੀ ਸ਼ਕਤੀਆਂ ਇਸਨੂੰ ਲੋਕਾਂ ਦੀ ਤਬਾਹੀ ਲਈ ਵਰਤਦੀਆਂ ਹਨ। ਇਸ ਲਈ ਜਮਾਤੀ ਸਮਾਜ ਅੰਦਰ ਸਾਇੰਸ ਵੀ ਪੱਖਪਾਤੀ ਹੋ ਨਿੱਬੜਦੀ ਹੈ। ਗੱਲ ਕੀ, ਜਮਾਤਾਂ ਅੰਦਰ ਵੰਡੇ ਹੋਏ ਸਮਾਜ ਅੰਦਰ ਭਾਵੇਂ ਕੋਈ ਵਿਚਾਰ ਆਪਣੇ ਆਪ ਵਿੱਚ ਨਿਰਪੱਖ ਵੀ ਹੋਵੇ,ਉਹ ਵੀ ਅੰਤਿਮ ਤੌਰ 'ਤੇ ਕਾਬਜ਼ ਜਮਾਤ ਦੇ ਪੱਖ 'ਚ ਅਤੇ ਨਪੀੜੀ ਜਮਾਤ ਦੇ ਵਿਰੋਧ 'ਚ ਭੁਗਤਣ ਲਈ ਬੱਝਿਆ ਹੋਇਆ ਹੁੰਦਾ ਹੈ। ਇਸੇ ਤਰ੍ਹਾਂ ਕਾਨੂੰਨ ਵੀ ਇੱਕ ਜਮਾਤ ਦੇ ਪੱਖ ਵਿੱਚ ਅਤੇ ਦੂਸਰੀ ਜਮਾਤ ਦੇ ਵਿਰੋਧ ਵਿੱਚ ਭੁਗਤਣ ਲਈ ਬੱਝਿਆ ਹੋਇਆ ਹੁੰਦਾ ਹੈ।

ਇਸੇ ਕਰਕੇ ਹੀ ਜਦੋਂ ਸਾਡੇ ਦੇਸ਼ 'ਤੇ ਰਾਜ ਕਰ ਰਹੀ ਅੰਗਰੇਜ਼ ਸਰਮਾਏਦਾਰਾਂ ਦੀ ਹਕੂਮਤ ਕਾਲੇ ਕਾਨੂੰਨ ਪਾਸ ਕਰਨ ਜਾ ਰਹੀ ਸੀ ਤਾਂ ਭਗਤ ਸਿੰਘ ਵਰਗਿਆਂ ਨੇ ਅਸੈਂਬਲੀ ਵਿੱਚ ਬੰਬ ਸੁੱਟੇ। ਕਿਉਂ? ਕਿਉਂਕਿ ਇਹ ਕਾਨੂੰਨ ਸਾਡੇ ਦੇਸ਼ ਦੀ ਜਨਤਾ ਨੂੰ ਦਬਾਉਣ ਲਈ ਵਰਤੇ ਜਾਣੇ ਸਨ ਅਤੇ ਅੰਗਰੇਜ਼ ਸਰਮਾਏਦਾਰਾਂ ਦੀ ਰਖਵਾਲੀ ਹੋਣੀ ਸੀ।

ਹਾਂ, ਇਹ ਗੱਲ ਠੀਕ ਹੈ ਕਿ ਲੁਟੇਰੀਆਂ ਹਕੂਮਤਾਂ ਕੁੱਝ ਕਾਨੂੰਨ ਇਹੋ ਜਿਹੇ ਵੀ ਪਾਸ ਕਰਦੀਆਂ ਹਨ ਜਿਹੜੇ ਓਪਰੀ ਨਜ਼ਰੇ ਆਮ ਜਨਤਾ ਦੇ ਹੱਕ ਵਿੱਚ ਜਾਪਦੇ ਹਨ। ਮਿਸਾਲ ਦੇ ਤੌਰ 'ਤੇ

ਹਕੂਮਤ, ਆਮ ਜਨਤਾ ਨੂੰ ਕੁੱਝ ਚੰਗੀਆਂ ਸਿਹਤ ਸਹੂਲਤਾਂ ਦੇਣ ਦਾ ਕਾਨੂੰਨ ਪਾਸ ਕਰ ਦਿੰਦੀ ਹੈ। ਬਿਨਾਂ-ਸ਼ੱਕ ਇਹ ਜਨਤਾ ਦੀ ਸਿਹਤ 'ਚ *ਕੁੱਝ ਸੁਧਾਰ* ਲਿਆਵੇਗਾ। ਇਸ ਤਰ੍ਹਾਂ ਓਪਰੀ ਨਜ਼ਰੇ ਇਹ ਕਾਨੂੰਨ ਆਮ ਜਨਤਾ ਦੇ ਪੱਖੀ ਜਾਪੇਗਾ। ਪਰ ਜ਼ਰਾ ਇਸ ਦੀ ਚੀਰ-ਫਾੜ ਕਰਕੇ ਦੇਖੋ।

ਫਰਜ਼ ਕਰੋ ਕਿ ਇੱਕ ਕਿਰਤੀ ਮਨੁੱਖ ਸਾਲ ਵਿੱਚ 300 ਦਿਨ ਕੰਮ ਕਰਦਾ ਹੈ। ਪੈਦਾਵਾਰ ਕਰਨ ਲਈ ਉਸਦੀ ਬਣਦੀ ਉਜਰਤ 'ਚੋਂ ਲੁਟੇਰੀ ਧਿਰ ਦੇ ਹੱਥ 'ਚ ਇੱਕ ਦਿਨ 'ਚ 40 ਰੁਪੈ ਚਲੇ ਜਾਂਦੇ ਹਨ। ਹੁਣ ਫਰਜ਼ ਕਰੋ ਕਿ ਕਿਰਤੀ ਬਿਮਾਰ ਰਹਿਣ ਕਰਕੇ 300 ਦਿਨ ਦਾ ਥਾਂ 270 ਦਿਨ ਕੰਮ ਕਰੇ ਭਾਵ 30 ਦਿਨ ਘੱਟ। ਲੁਟੇਰੀ ਧਿਰ ਕੋਲ ਇਨ੍ਹਾਂ 30 ਦਿਨਾਂ ਦੇ ਜਿਹੜੇ 1200 ਰੁਪੈ ਜਮ੍ਹਾਂ ਹੋਣੇ ਸਨ ਉਹ ਨਹੀਂ ਹੋਣਗੇ। ਇਸ ਤਰ੍ਹਾਂ ਉਹ ਘਾਟੇ 'ਚ ਰਹੇਗੀ। ਤਾਂਹੀਓਂ, ਲੋਕਾਂ ਤੋਂ ਟੈਕਸਾਂ ਦੇ ਰੂਪ 'ਚ ਉਗਰਾਹੀ ਰਕਮ 'ਚੋਂ ਹੀ ਕੁੱਝ ਪੈਸੇ ਖਰਚ ਕਰਕੇ ਕਿਰਤੀ ਦੀ ਸਿਹਤ 'ਚ ਕੁੱਝ ਨਾ ਕੁੱਝ ਸੁਧਾਰ ਕਰਕੇ ਲੁਟੇਰੀ ਧਿਰ ਆਪਣੇ ਲਈ 1200 ਰੁਪੈ ਦਾ ਮੁਨਾਫਾ ਹੋਰ ਬਟੋਰ ਲੈਂਦੀ ਹੈ ਭਾਵ ਸਿਹਤ ਸਹੂਲਤਾਂ 'ਚ ਮਾਮੂਲੀ ਸੁਧਾਰ ਦਾ ਕਾਨੂੰਨ ਵੀ ਅੰਤਿਮ ਤੌਰ 'ਤੇ ਅਤੇ ਮੁੱਖ ਤੌਰ 'ਤੇ ਲੁਟੇਰੀ ਧਿਰ ਦੇ ਪੱਖੀ ਕਾਨੂੰਨ ਹੀ ਬਣ ਜਾਂਦਾ ਹੈ।

ਮੁਕਦੀ ਗੱਲ, ਲੁਟੇਰੀ ਧਿਰ ਵੱਲੋਂ ਬਣਾਇਆ ਹਰ ਕਾਨੂੰਨ ਪੂਰਨ ਜਾਂ ਮੁੱਖ ਤੌਰ 'ਤੇ, ਸਿੱਧੇ ਜਾਂ ਅਸਿੱਧੇ, ਫੌਰੀ ਜਾਂ ਅੰਤਿਮ ਤੌਰ 'ਤੇ ਲੁਟੇਰੀ ਧਿਰ ਦੇ ਹੱਕ 'ਚ ਅਤੇ ਕਿਰਤੀ ਧਿਰ ਦੇ ਵਿਰੋਧ ਵਿੱਚ ਹੀ ਹੁੰਦਾ ਹੈ ਅਤੇ ਇਹ ਇਵੇਂ ਹੀ ਹੁੰਦਾ ਰਹੇਗਾ ਜਦੋਂ ਤੱਕ ਵਿਰੋਧੀ ਜਮਾਤਾਂ ਦੀ ਹੋਂਦ ਹੈ। ਕਾਨੂੰਨ ਭਾਵੇਂ ਆਰਥਕ ਖੇਤਰ ਨਾਲ ਸਬੰਧਤ ਹੋਵੇ ਤੇ ਭਾਵੇਂ ਕਿਸੇ ਵੀ ਹੋਰ ਖੇਤਰ ਨਾਲ। ਲੁਟੇਰੀ ਅਤੇ ਜ਼ਾਬਰ ਧਿਰ ਤੋਂ ਸੱਚੀ-ਮੁੱਚੀਂ ਕਿਰਤੀ ਜਮਾਤ ਦੇ ਪੱਖ 'ਚ ਭੁਗਤਣ ਵਾਲਾ ਕਾਨੂੰਨ ਬਣਾਉਣ ਦੀ ਝਾਕ ਰੱਖਣ ਦਾ ਅਰਥ ਇਨ੍ਹਾਂ ਜਮਾਤਾਂ ਦੇ ਖਾਸੇ ਬਾਰੇ ਭਰਮ ਪਾਲਣਾ ਹੈ ਅਤੇ ਅਗਾਂਹ ਪੈਦਾ ਕਰਨਾ ਹੈ।

ਹੁਣ ਸਿੱਧੇ ਤੌਰ 'ਤੇ ਮੌਤ ਦੀ ਸਜ਼ਾ ਕਾਇਮ ਰੱਖਣ ਦੇ ਕਾਨੂੰਨ ਵੱਲ ਆਈਏ।

ਕੀ ਮੌਤ ਦੀ ਸਜ਼ਾ ਨਾਲ ਅਪਰਾਧ ਰੁਕ ਜਾਣਗੇ? ਜੇਕਰ ਔਰਤ ਦੇ ਗਰਭ 'ਚ ਬੱਚਾ ਪਲ ਰਿਹਾ ਹੈ ਤਾਂ ਉਸ ਔਰਤ ਦਾ ਛੁਟਕਾਰਾ ਜਾਂ ਤਾਂ ਜਣੇਪੇ ਨਾਲ ਹੋਵੇਗਾ ਜਾਂ ਫਿਰ ਗਰਭਪਾਤ ਕਰਵਾਉਣ ਨਾਲ। ਜੇਕਰ ਕੋਈ ਇਹ ਸੋਚੇ ਕਿ ਨਾ ਤਾਂ ਜਣੇਪਾ ਹੋਵੇ ਅਤੇ ਨਾ ਹੀ ਗਰਭਪਾਤ ਪਰ ਔਰਤ ਦੇ ਪੇਟ 'ਚੋਂ ਬੱਚਾ ਕਾਨੂੰਨ ਬਣਾਉਣ ਨਾਲ ਹੀ ਗਾਇਬ ਹੋ ਜਾਵੇ ਤਾਂ ਉਹ ਅਧਿਆਤਮਕਮਤਾ ਦਾ ਸ਼ਿਕਾਰ ਹੀ ਸਮਝਿਆ ਜਾਵੇਗਾ ਭਾਵੇਂ ਉਸਦੀ ਨੀਤ 'ਤੇ ਅਸੀਂ ਕੋਈ ਸ਼ੱਕ ਨਾ ਵੀ ਕਰੀਏ। ਹੋਰ ਲਵੋ। ਇੱਕ ਅੰਦਾਜ਼ੇ ਅਨੁਸਾਰ ਸਾਡੇ ਦੇਸ਼ ਅੰਦਰ 22 ਕਰੋੜ ਲੋਕ ਰੋਜ਼ ਰਾਤ ਨੂੰ ਭੁੱਖੇ ਸੌਂਦੇ ਹਨ, 7000 ਲੋਕ ਰੋਜ਼ਾਨਾ ਅਤੇ ਸਾਲ ਭਰ 'ਚ 25 ਲੱਖ ਤੋਂ ਉੱਪਰ ਭੁੱਖ ਨਾਲ ਮਰਦੇ ਹਨ। ਦੂਸਰੇ ਪਾਸੇ ਗੋਦਾਮਾਂ ਵਿੱਚ ਅਨਾਜ ਗਲ-ਸੜ ਰਿਹਾ ਹੈ ਜਾਂ ਟਨਾਂ-ਦੇ-ਟਨ ਚੂਹੇ ਖਾਈ ਜਾ ਰਹੇ ਹਨ। ਮਨੁੱਖ ਨੂੰ ਖਾਣ ਲਈ ਤਾਂ ਕੁੱਝ ਨਾ ਦਿੱਤਾ ਜਾਵੇ ਪਰ ਇੱਕ ਕਾਨੂੰਨ ਬਣਾ ਦਿੱਤਾ ਜਾਵੇ ਕਿ ਭੁੱਖ ਨਾਲ ਮਰਨਾ ਮਨ੍ਹਾ ਹੈ ਤਾਂ ਕੀ ਭੁੱਖ ਨਾਲ ਮੌਤਾਂ ਹੋਣੋਂ ਹਟ ਜਾਣਗੀਆਂ? ਬਿਲਕੁਲ ਵੀ ਨਹੀਂ। ਇੰਝ ਸੋਚਣਾ ਖਾਮ-ਖਿਆਲ ਹੀ ਰਹੇਗੀ।

ਇੱਕ ਗੱਲ ਹੋਰ। ਸਾਰੇ ਲੋਕ-ਪੱਖੀ ਲੋਕ ਸਮਝਦੇ ਅਤੇ ਕਹਿੰਦੇ ਹਨ ਕਿ ਇਹ ਸਮਾਜਕ-ਪ੍ਰਬੰਧ ਲੁਟੇਰਾ ਹੈ, ਮਨੁੱਖ ਖਾਣਾ ਹੈ, ਸਾਰੀਆਂ ਬੁਰਿਆਈਆਂ ਅਤੇ ਅਪਰਾਧ ਇਸਦੇ ਗਰਭ 'ਚੋਂ ਹੀ ਪੈਦਾ ਹੁੰਦੇ ਹਨ ਆਦਿ ਆਦਿ। ਹੁਣ ਜੇਕਰ ਕੋਈ ਕਹੇ ਕਿ ਸਮਾਜਕ-ਪ੍ਰਬੰਧ ਭਾਵੇਂ ਲੁਟੇਰਾ ਰਹੇ ਪਰ ਕਾਨੂੰਨ ਬਣਾ ਦਿਓ ਕਿ ਕੋਈ ਲੁੱਟੇ ਨਾ। ਪਹਿਲੀ ਗੱਲ ਤਾਂ ਲੁਟੇਰੇ ਪ੍ਰਬੰਧ 'ਚ ਅਜਿਹਾ ਕਾਨੂੰਨ ਬਣ ਹੀ ਨਹੀਂ ਸਕਦਾ। ਚਲੋ ਅਸੀਂ ਮਿੰਟ ਦੀ ਮਿੰਟ ਮੰਨ ਲਈਏ ਕਿ ਅਜਿਹਾ ਕਾਨੂੰਨ ਬਣ ਜਾਵੇ ਤਾਂ ਕੀ ਸਰਮਾਏਦਾਰ ਜਾਂ ਲੈਂਡਲਾਰਡ, ਜਿਹੜੇ ਜਿਉਂਦੇ ਹੀ ਕਿਰਤੀਆਂ ਦੀ ਲੁੱਟ 'ਤੇ ਹਨ, ਉਹ ਲੁੱਟ ਕਰਨੀ ਬੰਦ ਕਰ ਦੇਣਗੇ। ਇਹ ਬਿਲਕੁਲ ਉੱਪਰ ਦਿੱਤੀ ਔਰਤ ਦੇ ਗਰਭ ਵਾਲੀ ਉਦਾਹਰਣ ਦੀ ਤਰ੍ਹਾਂ ਹੈ। ਉਹ ਕਿਵੇਂ? ਕਿਉਂਕਿ ਇਉਂ ਸੋਚਣ ਦਾ ਅਰਥ ਇਹ ਬਣ ਜਾਂਦਾ ਹੈ ਕਿ ਭਾਵੇਂ ਸਮਾਜ ਦੇ ਗਰਭ 'ਚ ਲੁੱਟ ਦਾ ਬੱਚਾ ਬਣਦਾ-ਪਲਦਾ ਅਤੇ ਜਨਮ ਲੈਂਦਾ ਰਹਿੰਦਾ ਹੈ, ਕਿਰਤੀ ਜਨਤਾ ਦੀ ਹਾਲਤ ਨੂੰ ਬੁਰੇ ਰੁਖ ਪ੍ਰਭਾਵਿਤ ਵੀ ਕਰਦਾ ਰਹਿੰਦਾ ਹੈ, ਪਰ ਲੁੱਟ ਦਾ ਇਹ ਬੱਚਾ ਕਾਨੂੰਨ ਬਣਾਉਣ ਨਾਲ ਹੀ ਉੱਡ-ਪੁੱਡ ਜਾਵੇਗਾ ਭਾਵੇਂ ਸਮਾਜ ਦਾ ਉਪਰੇਸ਼ਨ (ਗਰਭਪਾਤ) ਨਾ ਵੀ ਕੀਤਾ ਜਾਵੇ (ਭਾਵ ਸਮਾਜ ਨੂੰ ਮੁੱਢੋਂ-ਸੁੱਢੋਂ ਤਬਦੀਲ ਨਾ ਵੀ ਕੀਤਾ ਜਾਵੇ।) ਹੋਰ ਬੁਰਿਆਈਆਂ ਤੇ ਅਪਰਾਧਾਂ 'ਤੇ ਵੀ ਇਹੀ ਗੱਲ ਢੁੱਕਦੀ ਹੈ। ਇਸੇ ਲਈ ਭਗਤ ਸਿੰਘ ਨੇ ਲਿਖਿਆ ਸੀ

,"...ਅਨਪੜ੍ਹ ਪਰਿਵਾਰ ਵਿੱਚ ਜੰਮੇ ਬੰਦੇ ਦੀ ਕੀ ਹੋਣੀ ਹੋਏਗੀ? ਉਹ ਗਰੀਬ ਹੈ, ਇਸ ਲਈ ਉਹ ਪੜ੍ਹਾਈ ਨਹੀਂ ਕਰ ਸਕਦਾ...ਉਹਦੀ ਅਗਿਆਨਤਾ, ਉਹਦੀ ਗਰੀਬੀ ਤੇ ਜਿਹੜਾ ਸਲੂਕ ਉਹਦੇ ਨਾਲ ਹੁੰਦਾ ਹੈ, ਇਨ੍ਹਾਂ ਸਾਰੀਆਂ ਗੱਲਾਂ ਕਾਰਨ ਸਮਾਜ ਤਾਈਂ ਉਸਦਾ ਦਿਲ ਸਖਤ ਹੋ ਜਾਏਗਾ। ਫਰਜ਼ ਕਰੋ ਕਿ ਉਹ ਪਾਪ ਕਰਦਾ ਹੈ ਤਾਂ ਇਹ ਖਮਿਆਜ਼ਾ ਕੌਣ ਭੁਗਤੇਗਾ। ਰੱਬ ਜਾਂ ਪਾਪ ਕਰਨ ਵਾਲਾ ਜਾਂ ਸਮਾਜ ਦੇ ਗੁਣੀ-ਗਿਆਨ ਬੰਦੇ? ਉਹਨੂੰ ਮਿਲੀਆਂ ਸਜ਼ਾਵਾਂ ਬਾਰੇ ਤੁਸੀਂ ਕੀ ਆਖੋਗੇ...।"(ਮੈਂ ਨਾਸਤਿਕ ਕਿਉਂ ਹਾਂ? ਪ੍ਰਕਾਸ਼ਕ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ.ਸਫਾ 25)

ਇਸ ਲਈ ਕਾਨੂੰਨ ਬਣਾ ਦੇਣ ਨਾਲ ਲੁੱਟ, ਬੁਰਿਆਈਆਂ ਅਤੇ ਅਪਰਾਧਾਂ ਆਦਿ ਤੋਂ ਸਾਡਾ ਸਮਾਜ ਰਹਿਤ ਹੋ ਜਾਵੇਗਾ, ਇਹ ਸੋਚਣਾ ਠੀਕ ਨਹੀਂ ਹੈ। ਸੋ ਮੌਤ ਦੀ ਸਜ਼ਾ ਕਾਇਮ ਰਹਿਣ ਅਤੇ ਲਾਗੂ ਹੋਣ ਨਾਲ ਵੀ ਅਪਰਾਧ ਨਹੀਂ ਰੁਕ ਸਕਦੇ।

ਕੀ ਫਿਰ ਅਪਰਾਧ ਚਾਲੂ ਰਹਿਣੇ ਚਾਹੀਦੇ ਹਨ? ਨਹੀਂ, ਬਿਲਕੁਲ ਵੀ ਨਹੀਂ। ਪਰ ਅਪਰਾਧੀਆਂ ਦੇ ਅਪਰਾਧ ਦਾ ਫੈਸਲਾ ਕਰਨ ਵੇਲੇ ਨਿਆਂ ਦਾ ਉਦੇਸ਼ ਕੀ ਹੋਵੇ? ਕੀ ਬਦਲਾ ਲੈਣਾ, ਵਰਜਣਾ ਜਾਂ ਸੁਧਾਰ। ਬਦਲਾ ਲੈਣਾ ਨਿਆਂ ਨਹੀਂ ਹੈ। ਅਪਰਾਧੀ ਦੀ ਮਾਨਸਿਕਤਾ ਸੁਧਾਰਨ ਦੀ ਥਾਂ ਵਰਜਣ ਲਈ ਉਸ 'ਤੇ ਕਾਨੂੰਨੀ ਦਹਿਸ਼ਤ ਪਾਉਣਾ ਵੀ ਨਿਆਂ ਦਾ ਉਦੇਸ਼ ਨਹੀਂ ਹੋ ਸਕਦਾ ਕਿਉਂਕਿ ਦਹਿਸ਼ਤ ਅਪਰਾਧੀ ਮਾਨਸਿਕਤਾ ਨੂੰ ਤਬਦੀਲ ਨਹੀਂ ਕਰਦੀ ਬਲਕਿ ਹੋਰ ਕਰੂਰ ਬਣਾਉਂਦੀ ਹੈ। ਜੇਲਾਂ 'ਚ ਗਏ ਅਪਰਾਧੀ ਇਸੇ ਕਰਕੇ ਹੀ ਹੋਰ ਖੂੰਖਾਰ ਬਣਕੇ ਬਾਹਰ ਨਿਕਲਦੇ ਹਨ ਕਿਉਂਕਿ ਉੱਥੇ ਉਨ੍ਹਾਂ ਦਾ ਸੁਧਾਰ ਨਹੀਂ ਬਲਕਿ ਉਨ੍ਹਾਂ ਨੂੰ ਦੰਡ ਦੀ ਦਹਿਸ਼ਤ ਹੇਠ ਰੱਖਿਆ ਜਾਂਦਾ ਹੈ (ਉਂਝ ਭਾਵੇਂ ਅੱਜ ਕੱਲ ਜੇਲ੍ਹਾਂ ਨੂੰ ਸੁਧਾਰ ਘਰ ਕਿਹਾ ਜਾਂਦਾ ਹੈ)। ਇਹੀ ਪੱਖਾਂ ਨੂੰ ਧਿਆਨ 'ਚ ਰੱਖਦਿਆਂ ਭਗਤ ਸਿੰਘ ਨੇ ਨਿਆਂ ਦੇ ਉਦੇਸ਼ ਬਾਰੇ ਲਿਖਿਆ, "ਸੁਧਾਰਕ ਸਿਧਾਂਤ ਹੀ ਜ਼ਰੂਰੀ ਹੈ ਅਤੇ ਇਨਸਾਨੀ ਤਰੱਕੀ ਦਾ ਅਟੁੱਟ ਅੰਗ ਹੈ। ਇਸ ਸਿਧਾਂਤ ਦਾ ਮੰਤਵ ਇਹ ਹੈ ਕਿ ਕਸੂਰਵਾਰ ਸਭ ਤੋਂ ਵੱਧ ਕਾਬਲ ਤੇ ਅਮਨ-ਪਸੰਦ ਸ਼ਹਿਰੀ ਬਣ ਕੇ ਸਮਾਜ ਵਿੱਚ ਵਾਪਸ ਜਾਵੇ।" ਪਰ ਮੌਤ ਦੀ ਸਜ਼ਾ ਇਨਸਾਨ ਦੇ ਸੁਧਰ ਜਾਣ ਦਾ ਮੌਕਾ ਖਤਮ ਕਰ ਦਿੰਦੀ ਹੈ। ਇੱਥੇ ਸਵਾਲ ਖੜ੍ਹਾ ਕੀਤਾ ਜਾ ਸਕਦਾ ਹੈ ਕਿ ਜੇਕਰ ਕਿਸੇ ਇਨਸਾਨ 'ਚ ਸੁਧਰਨ ਦੀ ਗੁੰਜਾਇਸ਼ ਹੀ ਨਾ ਰਹੇ। ਅਪਰਾਧੀ ਇਨਸਾਨ ਸੁਧਰ ਨਹੀਂ ਸਕਦਾ ਅਤੇ ਆਮ ਇਨਸਾਨ ਅਪਰਾਧੀ ਨਹੀਂ ਬਣ ਸਕਦਾ, ਇਉਂ ਸੋਚਣਾ ਧਾਰਮਿਕ ਬਿਰਤੀ ਦੀ ਤਰ੍ਹਾਂ ਸੋਚਣਾ ਹੈ ਕਿਉਂਕਿ ਧਾਰਮਿਕ ਸ਼ਰਧਾ ਵਾਲੇ ਲੋਕ ਆਪਣੇ ਧਰਮ ਦੇ ਹਰ ਕਥਨ ਨੂੰ ਅੰਤਿਮ ਸੱਚ ਮੰਨਦੇ ਹੁੰਦੇ ਹਨ, ਉਹ ਹਾਲਤਾਂ ਦੀ ਗੱਲ ਹੀ ਨਹੀਂ ਕਰਦੇ। ਜਦੋਂ (ਅਸਲੀ, ਫਿਲਮ ਵਾਲਾ ਨਹੀਂ) ਡਾਕੂ ਗੱਬਰ ਸਿੰਘ ਆਤਮ-ਸਮਰਪਣ ਕਰਕੇ ਬਾਹਰ ਆਇਆ ਤਾਂ ਟੀ.ਵੀ.'ਤੇ ਉਸਦੀ ਇੰਟਰਵਿਊ ਆਈ। ਉਸਨੂੰ ਸਵਾਲ ਪੁੱਛਿਆ ਗਿਆ ਕਿ ਉਹ ਡਾਕੂ ਕਿਉਂ ਬਣਿਆ? ਇਸ 'ਤੇ ਉਸਦਾ ਜਵਾਬ ਸੀ ਕਿ ਉਸ ਨਾਲ ਜੋ ਧੱਕੇ-ਧੋੜੇ ਹੋਏ ਅਤੇ ਇਸਤੋਂ ਅੱਗੇ ਉਸਨੂੰ ਕਿਤੋਂ ਇਨਸਾਫ ਨਾ ਮਿਲਿਆ ਤਾਂ ਉਸਨੇ ਹਥਿਆਰ ਚੁੱਕ ਲਏ। ਉਸਤੋਂ ਫਿਰ ਸਵਾਲ ਪੁੱਛਿਆ ਗਿਆ ਕਿ ਜੇਕਰ ਹੁਣ ਵੀ ਉਸਨੂੰ ਇਨਸਾਫ ਨਾ ਮਿਲਿਆ ਤਾਂ ਉਹ ਕੀ ਕਰੇਗਾ? ਉਸਨੇ ਜਵਾਬ ਵਿੱਚ ਕਿਹਾ ਕਿ ਉਹ ਫਿਰ ਹਥਿਆਰ ਚੁੱਕ ਲਵੇਗਾ। ਸੋ ਇਨਸਾਨ ਦੇ ਵਿਗੜਨ ਅਤੇ ਸੁਧਰਨ 'ਚ ਹਾਲਾਤਾਂ ਦੀ ਮੁੱਖ ਭੂਮਿਕਾ ਹੁੰਦੀ ਹੈ।ਤਰਕਸ਼ੀਲ ਸੁਸਾਇਟੀ ਦਾ ਤਜ਼ਰਬਾ ਇਸ ਗੱਲ ਦੀ ਗਹਿ-ਗੱਢਵੀਂ ਗਵਾਹੀ ਭਰਦਾ ਹੈ। ਤਰਕਸ਼ੀਲਾਂ ਕੋਲ ਕਿੰਨੇ ਅਜਿਹੇ ਕੇਸ ਆਉਂਦੇ ਹਨ ਜੋ ਘਰੇਲੂ ਮਾਹੌਲ ਦੇ ਦਬਾਅ ਅਧੀਨ ਆ ਕੇ ਆਪਣੇ ਹੀ ਘਰ ਦਾ ਵੱਡਾ ਨੁਕਸਾਨ ਕਰ ਬਹਿੰਦੇ ਹਨ। ਜਦੋਂ ਤਰਕਸ਼ੀਲ ਉਨ੍ਹਾਂ ਦੇ ਘਰ ਦਾ ਮਾਹੌਲ ਤਬਦੀਲ ਕਰਵਾ ਦਿੰਦੇ ਹਨ ਤਾਂ ਉਹ ਇਨਸਾਨ ਸੁਧਰ ਕੇ ਪਰਿਵਾਰ ਦੇ ਇੱਕ ਨਰੋਏ ਅੰਗ ਵਜੋਂ ਵਿਚਰਨ ਲੱਗਦਾ ਹੈ। ਕਹਿਣ ਤੋਂ ਭਾਵ ਕਿ ਮਨੁੱਖ ਦੀ ਚੰਗੀ-ਮਾੜੀ, ਗਲਤ-ਠੀਕ ਮਾਨਸਿਕਤਾ ਨੂੰ ਬਣਾਉਣ 'ਚ ਉਸ ਵੇਲੇ ਦੀਆਂ ਬਾਹਰੀ ਹਾਲਤਾਂ ਦੀ ਮੁੱਖ ਭੂਮਿਕਾ ਹੁੰਦੀ ਹੈ। ਇਸ ਲਈ ਨਿਆਂ ਦਾ ਉਦੇਸ਼ ਅਪਰਾਧੀ ਨੂੰ ਇਹੋ-ਜਿਹੇ ਮਾਹੌਲ 'ਚ ਭੇਜਣਾ ਹੋਣਾ ਚਾਹੀਦਾ ਹੈ ਜੋ ਉਸਦੇ ਸੁਧਰਨ ਲਈ ਮੌਕਾ ਪੈਦਾ ਕਰੇ।

ਮੌਤ ਦੀ ਸਜ਼ਾ ਇੱਕ ਜ਼ਾਬਰ ਕਾਨੂੰਨੀ ਹਥਿਆਰ ਹੈ। ਇਨ੍ਹਾਂ ਹਕੂਮਤਾਂ ਕੋਲ ਮੌਜੂਦ ਅਤੇ ਹੋਰ ਬਣਾਏ ਜਾਣ ਵਾਲੇ ਜ਼ਾਬਰ ਕਾਨੂੰਨਾਂ ਨਾਲ ਸਾਡਾ ਕੋਈ ਲਾਗਾ-ਦੇਗਾ ਨਹੀਂ ਹੈ,ਅਸੀਂ ਅਜਿਹਾ ਕਿਵੇਂ ਵੀ ਨਹੀਂ ਕਹਿ ਸਕਦੇ। ਜਿਵੇਂ ਥੋੜਾ-ਚਿਰ ਹੋਇਆ ਅਮਲ 'ਚ ਅਸੀਂ ਪੰਜਾਬ ਅੰਦਰ ਬਣਾਏ ਜਾਣ

ਵਾਲੇ ਦੋ ਕਾਲੇ ਕਾਨੂੰਨਾਂ ਖਿਲਾਫ ਜੱਦੋਜਹਿਦ ਕਰਕੇ ਕੀਤਾ ਸੀ ਇਵੇਂ ਸਾਨੂੰ ਇਸ ਕਾਨੂੰਨ ਨੂੰ ਖਤਮ ਕਰਨ ਦੀ ਮੰਗ ਵੀ ਕਰਨੀ ਪਵੇਗੀ। ਪਰ ਜੇਕਰ ਅਸੀਂ ਸਿੱਧੇ ਜਾਂ ਅਸਿੱਧੇ, ਜਾਣੇ-ਅਣਜਾਣੇ, ਵਿੱਚ ਮੌਤ ਦੀ ਸਜ਼ਾ ਵਾਲੇ ਕਾਨੂੰਨ 'ਤੇ ਚੁੱਪ ਸਾਧਾਂਗੇ ਤਾਂ ਇਹ ਇਸ (ਕਾਨੂੰਨ)ਨੂੰ ਬਣੇ ਰਹਿਣ ਦਾ ਪੈਂਤੜਾ ਬਣ ਜਾਵੇਗਾ ਅਤੇ ਇਹ ਸਾਡੇ ਵੱਲੋਂ ਹਕੂਮਤਾਂ ਦੇ ਹੱਥ 'ਚ ਜ਼ਾਬਰ ਤੋਂ ਜ਼ਾਬਰ ਕਾਨੂੰਨ ਬਣਾਉਣ ਅਤੇ ਵਰਤਣ ਦਾ ਇਖਲਾਕੀ ਅਧਿਕਾਰ ਦੇਣਾ ਬਣ ਜਾਵੇਗਾ। ਹਾਂ, ਇਹ ਸਾਡੀ ਪੱਕੀ ਤੇ ਸਪੱਸ਼ਟ ਸਮਝ ਹੈ ਕਿ ਜੇਕਰ ਇਹ ਕਾਨੂੰਨ ਖਤਮ ਵੀ ਹੋ ਜਾਂਦਾ ਹੈ ਤਾਂ ਵੀ ਨਾ ਤਾਂ ਹਕੂਮਤਾਂ ਦਾ ਜ਼ਾਬਰ ਖਾਸਾ ਤਬਦੀਲ ਹੋਵੇਗਾ ਅਤੇ ਨਾ ਹੀ ਇਨ੍ਹਾਂ ਹਕੂਮਤਾਂ ਵੱਲੋਂ ਕੀਤਾ ਜਾਣ ਵਾਲਾ ਜ਼ਬਰ ਘਟੇਗਾ। ਇਸ ਲਈ ਜੇਕਰ ਕੋਈ ਇਸ ਕਾਨੂੰਨ ਨੂੰ ਖਤਮ ਕਰਨ ਦੀ ਮੰਗ ਕਰਦਿਆਂ ਇਨ੍ਹਾਂ ਹਕੂਮਤਾਂ ਦੇ ਜ਼ਾਬਰ ਖਾਸੇ ਨੂੰ ਜਮਹੂਰੀਅਤ ਦੇ ਘੁੰਡ ਹੇਠ ਲੁਕਾਉਣ ਦਾ ਯਤਨ ਕਰਦਾ ਹੈ ਉਹ ਜਾਂ ਤਾਂ ਆਪ ਭਰਮ ਵਿੱਚ ਹੋਵੇਗਾ ਜਾਂ ਫਿਰ ਜਾਣ-ਬੁੱਝਕੇ ਲੋਕਾਂ 'ਚ ਭਰਮ ਫੈਲਾ ਰਿਹਾ ਹੋਵੇਗਾ।

ਮੌਤ ਦੀ ਸਜ਼ਾ ਇੱਕ ਹਿੰਸਕ ਵਰਤਾਰਾ ਹੈ। ਪਰ ਇੱਥੇ ਸੁਆਲ (ਜਾਂ ਭਰਮ ਕਹਿ ਲਵੋ) ਇਹ ਪੈਦਾ ਹੋ ਸਕਦਾ ਹੈ ਕਿ ਲੋਕ-ਪੱਖੀ ਸ਼ਕਤੀਆਂ ਜਦੋਂ ਅਜਿਹਾ ਕਰਦੀਆਂ ਹਨ ਤਾਂ ਕੀ ਉਹ ਹਿੰਸਾ ਦੇ ਘੇਰੇ 'ਚ ਨਹੀਂ ਆਉਂਦਾ। ਜੇਕਰ ਉਹ ਹਿੰਸਾ ਦੇ ਘੇਰੇ ਵਿੱਚ ਆਉਂਦਾ ਹੈ ਤਾਂ ਫਿਰ ਉਹ ਦੂਸਰੇ ਦੀ ਹਿੰਸਾ ਨੂੰ ਕਿਵੇਂ ਨਿੰਦ/ਭੰਡ/ਰੱਦ ਕਰ ਸਕਦੀਆਂ ਹਨ। ਬਸ, ਇਹ ਗੱਲ ਹੈ ਜਿਹੜੀ ਬਹੁਤਿਆਂ ਨੂੰ ਭੰਬਲਭੂਸੇ 'ਚ ਪਾਉਂਦੀ ਹੈ। ਆਓ ਇਸ ਬਾਰੇ ਵੀ ਥੋੜੀ ਚਰਚਾ ਕਰੀਏ।

ਕੀ ਕਿਸੇ ਮਨੁੱਖ ਨੂੰ ਮਾਰ ਦੇਣਾ ਹੀ ਹਿੰਸਾ ਹੈ? ਨਹੀਂ। ਕਿਉਂ ਨਹੀਂ? ਫਰਜ਼ ਕਰੋ ਕਿ ਕੋਈ ਦੇਸ਼ ਦੂਸਰੇ ਦੇਸ਼ 'ਤੇ ਹਮਲਾ ਕਰ ਦਿੰਦਾ ਹੈ ਤਾਂ ਹਮਲੇ ਅਧੀਨ ਆਏ ਦੇਸ਼ ਦੀਆਂ ਫੌਜਾਂ ਵੱਲੋਂ ਆਪਣੇ ਦੇਸ਼ ਦੀ ਰੱਖਿਆ ਕਰਨ ਲਈ ਹਮਲਾਵਰ ਦੇਸ਼ ਦੇ ਫੌਜੀਆਂ ਨੂੰ ਮਾਰਨਾ ਹੀ ਪਵੇਗਾ। ਇਹ ਆਪਣੇ ਦੇਸ਼ ਦੀ ਰੱਖਿਆ ਲਈ ਚੁੱਕਿਆ ਕਦਮ ਕਹਿਲਾਉਂਦਾ ਹੈ ਅਤੇ ਜੰਗ ਲਈ ਲੋੜੀਂਦਾ ਬਲ-ਪ੍ਰਯੋਗ ਬਣ ਜਾਂਦਾ ਹੈ। ਇੱਕ ਇਤਿਹਾਸਕ ਮਿਸਾਲ ਲਵੋ। ਔਰੰਗਜ਼ੇਬ ਦੀ ਹਕੂਮਤ ਖਿਲਾਫ ਗੁਰੂ ਗੋਬਿੰਦ ਸਿੰਘ ਨੇ ਜੱਦੋਜਹਿਦ ਕੀਤੀ। ਉਨ੍ਹਾਂ ਔਰੰਗਜ਼ੇਬ ਨੂੰ ਲਿਖੇ ਜ਼ਫਰਨਾਮਾ (ਵਿਜੈ ਪੱਤਰ) ਵਿੱਚ ਲਿਖਿਆ:

"ਹਰ ਆਂ ਕਸ ਜ਼ਿ ਦੀਵਾਰ ਆਮਦ ਬਿਰੂੰ॥
ਬਖੁਰਦਨ ਯਕੇ ਤੀਰ ਸ਼ੁਦ ਗਰਕਿ ਖੂੰ॥

ਅਰਥ: ਤੇਰਾ ਜਿਹੜਾ ਕੋਈ ਸੂਰਮਾ ਕੰਧ ਦੀ ਓਟ ਤੋਂ ਬਾਹਰ ਆਇਆ, ਉਹ ਸਾਡਾ ਇੱਕੋ ਤੀਰ ਖਾ ਕੇ ਖੂਨ ਵਿੱਚ ਗਰਕ ਹੋ ਗਿਆ ਭਾਵ ਮਰ ਗਿਆ।" (ਸਫਾ 589 ਜਫਰਨਾਮਹ ਪਾ:10,ਪ੍ਰਕਾਸ਼ਕ:ਭਾ:ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ ਚੌਥੀ ਅਡੀਸ਼ਨ ਮਾਰਚ, 2004)

ਗੁਰੂ ਗੋਬਿੰਦ ਸਿੰਘ ਨੇ ਆਪਣੇ ਇਸ ਕਰਮ ਨੂੰ ਹਿੰਸਾ ਨਹੀਂ ਕਿਹਾ ਸਗੋਂ ਵਡਿਆਇਆ ਹੈ ਜੋ ਠੀਕ ਵੀ ਹੈ। ਕਿਉਂਕਿ ਉਨ੍ਹਾਂ ਦਾ ਉਦੇਸ਼ ਇਸਲਾਮ ਧਰਮ ਵਾਲਿਆਂ ਨੂੰ ਮਾਰਨਾ ਨਹੀਂ ਸੀ ਬਲਕਿ ਆਪਣੇ ਦੇਸ਼ ਨੂੰ ਔਰੰਗਜ਼ੇਬ ਦੇ ਜ਼ਬਰੋ-ਜ਼ੁਲਮ ਤੋਂ ਮੁਕਤ ਕਰਨਾ ਸੀ। ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਸਾਂਡਰਸ ਮਾਰਿਆ। ਉਨ੍ਹਾਂ ਨੂੰ ਅੰਗਰੇਜ਼ਾਂ ਪ੍ਰਤੀ ਨਸਲੀ ਨਫਰਤ ਨਹੀਂ ਸੀ ਬਲਕਿ ਉਨ੍ਹਾਂ ਦਾ ਉਦੇਸ਼ ਅੰਗਰੇਜ਼ ਸਰਮਾਏਦਾਰਾਂ ਤੋਂ ਸਾਡੇ ਦੇਸ਼ ਨੂੰ ਲੁੱਟ ਤੋਂ ਮੁਕਤੀ ਦਿਵਾਕੇ ਆਜ਼ਾਦ, ਬਰਾਬਰੀ ਵਾਲਾ ਅਤੇ ਨਿਆਂਪੂਰਵਕ ਪ੍ਰਬੰਧ ਕਾਇਮ ਕਰਨਾ ਸੀ।

ਦਰਅਸਲ ਹਿੰਸਾ ਤਾਂ ਕਿਸੇ ਮਨੁੱਖ ਦੁਆਰਾ ਕੀਤੇ ਕਰਮ ਦਾ ਵਿਸ਼ੇਸ਼ਣ ਹੈ। ਇਹ ਆਪਣੇ ਆਪ 'ਚ ਕਰਮ ਨਹੀਂ ਹੈ। ਕਿਸੇ ਇਨਸਾਨ ਦੇ ਕਿਸੇ ਵੀ ਕਰਮ ਨੂੰ ਉਸਦੇ ਉਦੇਸ਼ ਨਾਲੋਂ ਵੱਖ ਕਰਕੇ ਨਹੀਂ ਅੰਗਿਆ ਜਾਣਾ ਚਾਹੀਦਾ। ਇਹੀ ਪੈਮਾਨਾ ਹਿੰਸਾ ਦਾ ਨਿਰਣਾ ਕਰਨ ਦਾ ਆਧਾਰ ਬਣਨਾ ਚਾਹੀਦਾ ਹੈ। ਹੁਣ ਦੇਖੋ! ਕੀ ਔਰੰਗਜ਼ੇਬ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਇੱਕੋ ਸੀ? ਨਹੀਂ। ਕੀ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਅਤੇ ਅੰਗਰੇਜ਼ ਸਰਮਾਏਦਾਰਾਂ ਦਾ ਉਦੇਸ਼ ਇੱਕੋ ਸੀ? ਫਿਰ ਨਹੀਂ। ਔਰੰਗਜ਼ੇਬ ਅਤੇ ਅੰਗਰੇਜ਼ ਸਰਮਾਏਦਾਰਾਂ ਦਾ ਉਦੇਸ਼ ਸਾਡੇ ਦੇਸ਼ ਨੂੰ ਲੁੱਟਣਾ ਅਤੇ ਜ਼ਬਰੋ-ਜ਼ੁਲਮ ਨਾਲ ਆਪਣੀ ਅਨਿਆਂਈਂ ਹਕੂਮਤ ਕਾਇਮ ਰੱਖਣਾ ਸੀ। ਗੁਰੂ ਗੋਬਿੰਦ ਸਿੰਘ ਅਤੇ ਭਗਤ ਸਿੰਘ ਵਰਗਿਆਂ ਦਾ ਉਦੇਸ਼ ਸਾਡੇ ਦੇਸ਼ ਨੂੰ ਮੁਕਤ ਕਰਕੇ ਨਿਆਂਈਂ ਵਿਵਸਥਾ ਕਾਇਮ ਕਰਨਾ ਸੀ। ਇਸੇ ਲਈ ਭਗਤ ਸਿੰਘ ਨੇ ਹਿੰਸਾ ਬਾਰੇ ਸਪੱਸ਼ਟ ਲਿਖਿਆ,"ਹਿੰਸਾ ਉਸ ਜ਼ਬਰ ਦਾ ਨਾਮ ਹੈ ਜੋ ਅਨਿਆਂ ਲਈ ਕੀਤਾ ਜਾਂਦਾ ਹੈ।" ਸੋ ਲੁਟੇਰੀਆਂ ਹਕੂਮਤਾਂ ਵੱਲੋਂ ਕੀਤਾ ਜਾਂਦਾ ਹਰ ਜ਼ਬਰ ਹਿੰਸਾ ਦੇ ਘੇਰੇ ਵਿੱਚ

ਆਉਂਦਾ ਹੈ। ਪਰ ਲੁੱਟ-ਖਸੁੱਟ, ਜ਼ਬਰੋ-ਜ਼ੁਲਮ ਅਤੇ ਅਨਿਆਂ ਤੋਂ ਮੁਕਤੀ ਲਈ ਕੀਤੀ ਜਾਂਦੀ ਜੱਦੋਜਹਿਦ 'ਚ ਇਹ ਕਰਮ ਬਲ-ਪ੍ਰਯੋਗ ਕਹਿਲਾਉਂਦਾ ਹੈ। ਕਿਉਂਕਿ ਦੋਨਾਂ ਧਿਰਾਂ ਦੇ ਉਦੇਸ਼ 'ਚ ਸਿਫਤੀ ਵਖਰੇਵਾਂ ਹੁੰਦਾ ਹੈ। ਲੁਟੇਰੀ ਧਿਰ ਦਾ ਮਕਸਦ ਮਨੁੱਖਤਾ ਦੀ ਮੁਕਤੀ ਨਾ ਹੋ ਕੇ ਲੁੱਟ ਕਰਨ ਲਈ ਜ਼ਬਰ ਕਰਨਾ ਹੁੰਦਾ ਹੈ। ਲੋਕ-ਪੱਖੀ ਸ਼ਕਤੀਆਂ ਦਾ ਮਕਸਦ ਲੁੱਟ ਅਤੇ ਜ਼ਬਰ ਨੂੰ ਖਤਮ ਕਰਦਿਆਂ ਲੁੱਟੀ ਤੇ ਦਬਾਈ, ਨਪੀੜੀ ਤੇ ਲਤਾੜੀ ਜਾਂਦੀ ਮਨੁੱਖਤਾ ਦੀ ਮੁਕਤੀ ਹੁੰਦਾ ਹੈ। ਇਸ ਲਈ ਜਮਾਤੀ ਸਮਾਜ ਅੰਦਰ ਹਿੰਸਕ ਜਾਪਦੀ ਸਜ਼ਾ ਦੀ ਹਰ ਕਾਰਵਾਈ ਸਿਫਤੀ ਤੌਰ 'ਤੇ ਵੱਖੋ-ਵੱਖਰੀ ਹੋਣ ਨੂੰ ਧਿਆਨ ਵਿੱਚ ਰੱਖਕੇ ਹੀ ਨਿਰਣਾ ਕੀਤਾ ਜਾਣਾ ਚਾਹੀਦਾ ਹੈ।

ਨਿਚੋੜ: ਜਮਾਤਾਂ ਅੰਦਰ ਵੰਡੇ ਹੋਏ ਸਮਾਜ ਅੰਦਰ ਭਾਵੇਂ ਕੋਈ ਵਿਚਾਰ ਆਪਣੇ ਆਪ ਵਿੱਚ ਨਿਰਪੱਖ ਵੀ ਹੋਵੇ ਉਹ ਵੀ ਕਿਸੇ ਇੱਕ ਜਮਾਤ ਦੇ ਪੱਖ 'ਚ ਅਤੇ ਦੂਸਰੀ ਦੇ ਵਿਰੋਧ 'ਚ ਭੁਗਤਣ ਲਈ ਬੱਝਿਆ ਹੋਇਆ ਹੁੰਦਾ ਹੈ; ਕਾਨੂੰਨ ਵੀ ਇੱਕ ਜਮਾਤ ਦੇ ਪੱਖ ਵਿੱਚ ਅਤੇ ਦੂਸਰੀ ਜਮਾਤ ਦੇ ਵਿਰੋਧ ਵਿੱਚ ਭੁਗਤਣ ਲਈ ਬੱਝਿਆ ਹੋਇਆ ਹੁੰਦਾ ਹੈ; ਮਨੁੱਖ ਦੀ ਮਾਨਸਿਕਤਾ ਮੁੱਖ ਤੌਰ 'ਤੇ ਉਸ ਵੇਲੇ ਦੀਆਂ ਹਾਲਤਾਂ ਹੀ ਬਣਾਉਂਦੀਆਂ ਹਨ; ਮੌਤ ਦੀ ਸਜ਼ਾ ਨਾਲ ਅਪਰਾਧ ਨਹੀਂ ਰੁਕ ਸਕਦੇ; ਮੌਤ ਦੀ ਸਜ਼ਾ ਦਾ ਕਾਨੂੰਨ ਬਣਾਈ ਰੱਖਣ ਦੀ ਮੰਗ ਕਰਨਾ ਲੋਕ-ਵਿਰੋਧੀ ਹਕੂਮਤ ਦੇ ਹੱਥ ਮਜ਼ਬੂਤ ਕਰਨਾ ਹੀ ਬਣਦਾ ਹੈ; ਨਿਆਂ ਦਾ ਉਦੇਸ਼ ਅਪਰਾਧੀ ਨੂੰ ਸੁਧਾਰਕੇ ਸਮਾਜ ਦਾ ਨਰੋਆ ਅੰਗ ਬਣਾਉਣਾ ਹੁੰਦਾ ਹੈ। ਸੋ ਇਨ੍ਹਾਂ ਪੱਖਾਂ ਨੂੰ ਧਿਆਨ ਵਿੱਚ ਰੱਖਦਿਆਂ ਲੋੜ ਇਸ ਗੱਲ ਦੀ ਹੈ ਕਿ ਮੌਤ ਦੀ ਸਜ਼ਾ ਦਾ ਕਾਨੂੰਨ ਰੱਦ ਕਰਨ ਦੀ ਮੰਗ ਕਰਦਿਆਂ ਲੋਕ-ਵਿਰੋਧੀ ਹਕੂਮਤਾਂ ਅਤੇ ਇਸ ਸਮਾਜਕ-ਪ੍ਰਬੰਧ ਪ੍ਰਤੀ ਜਨਤਾ ਨੂੰ ਚੇਤੰਨ ਕਰਦਿਆਂ ਲਾਮਬੰਦ ਕੀਤਾ ਜਾਵੇ ਤਾਂ ਕਿ ਸਾਰੇ ਅਪਰਾਧਾਂ ਦੀ ਜੜ੍ਹ ਇਸ ਸਮਾਜਕ-ਪ੍ਰਬੰਧ ਨੂੰ ਤਬਦੀਲ ਕਰਨ ਵੱਲ ਵਧਿਆ ਜਾ ਸਕੇ।


ਮੋ: 98769-53561

ਸੁਸਾਇਟੀ ਸਹਾਇਤਾ

ਕਰਤਾਰ ਸਿੰਘ ਪੁੱਤਰ ਸੂਰਜ ਸਿੰਘ ਪਿੰਡ ਲਹਿਰੀ	500
ਪਰਮਜੀਤ ਸਿੰਘ, ਮੰਡੀ ਸੁਪਰਵਾਈਜ਼ਰ, ਮੌੜ ਮੰਡੀ	1100

ਤਰਕਸ਼ੀਲ ਹਾਲ ਲਈ ਸਹਾਇਤਾ

ਹਰਮੇਸ਼ ਸਿੰਘ ਮੱਤੀ, ਇਕਾਈ ਭੀਖੀ, ਆਪਣੇ ਤੌਰ 'ਤੇ ਬੇਟੇ ਦੀ ਸ਼ਾਦੀ 'ਤੇ	2100
ਹੇਮ ਰਾਜ ਸਟੈਨੋ ਰਾਹੀਂ ਬਿਕਰਮਜੀਤ, ਇਕਾਈ ਬਠਿੰਡਾ ਆਪਣੀ ਬੇਟੀ ਦੀ ਸ਼ਾਦੀ 'ਤੇ	2500
ਬਠਿੰਡਾ ਯੂਨਿਟ ਰਾਹੀਂ ਸ੍ਰੀਮਤੀ ਜਗਦੀਸ਼ ਕੌਰ, ਗੁੜਗਾਵਾਂ	500
ਜਸ਼ਨਦੀਪ ਸਿੰਘ ਪੁੱਤਰ ਓਂਕਾਰ ਸਿੰਘ, ਗਰਨਪੁਰ	500
ਗੁਰਬਿੰਦਰ ਸਿੰਘ ਪੁੱਤਰ ਹਰਭਜਨ ਸਿੰਘ, ਰਾਮਾਂ ਮੰਡੀ	1100
ਡਾ.ਬਲਜੀਤ ਸਿੰਘ, ਜੈਮਲਵਾਲਾ, ਆਪਣੀ ਬੇਟੀ ਦੇ ਜਨਮ 'ਤੇ ਆਪਣੇ ਤੌਰ 'ਤੇ	500
ਸੰਗਰੂਰ ਇਕਾਈ ਰਾਹੀਂ ਜਗਜੀਤ ਸਿੰਘ ਭੁਟਾਲ, ਪਿਤਾ ਦੇ ਸ਼ੋਕ ਸਮਾਗਮ 'ਤੇ	500
ਹਰਿੰਦਰ ਲਾਲੀ ਰਾਹੀਂ ਗੁਰਪਾਲ ਸਿੰਘ ਡੀ.ਪੀ., ਗੁੱਜਰਾਂ	1100
ਹਰਸ਼ਰਨ ਕੌਰ	400
ਬਠਿੰਡਾ ਜੋਨ ਰਾਹੀਂ ਸੰਤੋਖ ਸਿੰਘ, ਗਿੱਲ ਕਲਾਂ, ਆਪਣੀ ਬੇਟੀ ਦੇ ਜਨਮ ਦਿਨ 'ਤੇ	500
ਆਤਮਾ ਸਿੰਘ ਲੁਧਿਆਣਾ ਰਾਹੀਂ ਭੁਪਿੰਦਰ ਸਿੰਘ, ਲੁਧਿਆਣਾ, ਆਪਣੇ ਬੇਟੇ ਦੀ ਸ਼ਾਦੀ 'ਤੇ	500
ਜਗੀਰ ਸਿੰਘ,ਦਸ਼ਮੇਸ਼ ਨਗਰ, ਦੋਰਾਹਾ	500
ਗਿਆਨ ਸਿੰਘ, ਇਕਾਈ ਬਠਿੰਡਾ ਰਾਹੀਂ, ਨਛੱਤਰ ਸਿੰਘ, ਸਾਬਕਾ ਐਸ.ਡੀ.ਓ. ਪਬਲਿਕ ਹੈਲਥ, ਬਠਿੰਡਾ: ਤਰਕਸ਼ੀਲਾਂ ਦੀਆਂ ਸੇਵਾਵਾਂ ਤੋਂ ਖੁਸ਼ ਹੋ ਕੇ	500
ਦਰਸ਼ਨ ਸਿੰਘ, ਪੀ.ਟੀ.ਆਈ., ਪਰਸ ਰਾਮ ਨਗਰ, ਬਠਿੰਡਾ, ਆਪਣੀ ਮਾਤਾ ਦੇ ਸ਼ੋਕ ਸਮਾਗਮ 'ਤੇ	1000
ਇਸ ਅੰਕ ਦਾ ਕੁੱਲ ਜੋੜ:	12,200
ਪਿਛਲਾ ਜੋੜ :	2,65,170
ਕੁੱਲ ਜੋੜ:	2,77,300




ਬ੍ਰਹਿਮੰਡ ਯਾਤਰਾ



ਡਾ. ਅਵਤਾਰ ਸਿੰਘ ਢੀਂਡਸਾ

ਸਾਥੀਓ, ਚੰਦਰਮਾ ਤੋਂ ਸ਼ੁੱਕਰ ਗ੍ਰਹਿ ਵੱਲ ਉਡਾਰੀ ਭਰਨ ਤੋਂ ਪਹਿਲਾਂ ਔਹ ਜਰਾ ਸਾਹਮਣੇ ਵੇਖੋ, ਚੰਦ ਦੀ ਧਰਤੀ ਦੇ ਪੂਰਬੀ ਹਿੱਸੇ ਵੱਲ, ਕਿੰਨਾ ਖੂਬਸੂਰਤ ਨਜ਼ਾਰਾ ਹੈ! ਇੱਕ ਵੱਡੇ ਸਾਰੇ ਗੋਲ ਖੱਡੇ ਦੇ ਐਨ ਵਿਚਕਾਰ ਕਿੰਨੀ ਆਕਰਸ਼ਕ ਇੱਕ ਪਹਾੜੀ ਚੋਟੀ ਹੈ..ਇਹ ਲੱਗਭੱਗ 2 ਕਿ.ਮੀ. ਉਚੀ ਹੈ ਇਸ ਖੱਡੇ ਦਾ ਨਾਂ ਹੈ ਟਇਕੋ ਅਤੇ ਇਸ ਪਹਾੜੀ ਦਾ ਨਾਂ ਹੈ ਟਾਇਕੋ ਟੀਸੀ... ਇਹ ਨਾਂ 'ਟਾਇਕੋ ਬਰਾਹੇ' ਵਿਗਿਆਨੀ ਦੇ ਨਾਂ ਉਪਰ ਰੱਖਿਆ ਹੋਇਆ ਹੈ ਇਸੇ ਤਰ੍ਹਾਂ ਹੋਰ ਟੀਸੀਆਂ ਦੇ ਨਾਂ ਵੀ ਵਿਗਿਆਨੀਆਂ ਅਤੇ ਪੁਲਾੜ ਯਾਤਰੀਆਂ ਦੇ ਨਾਂਵਾਂ ਉਪਰ ਰੱਖੇ ਗਏ ਹਨ ਜਿਵੇਂ ਐਡੀਸਨ, ਟਾਇਕੋ ਬਰਾਹੇ, ਕੈਪਲਰ ਆਦਿ ਇਕ ਚੋਟੀ ਦਾ ਨਾਂ ਭਾਰਤੀ ਵਿਗਿਆਨੀ ਹੋਮੀ ਜਹਾਂਗੀਰ ਭਾਵਾ ਦੇ ਨਾਂ ਉਪਰ ਵੀ ਰੱਖਿਆ ਗਿਆ ਹੈ। ਚੰਨ ਦੀ ਸਭ ਤੋਂ ਉਚੀ ਚੋਟੀ 10786 ਮੀਟਰ ਉੱਚੀ ਹੈ ਅਤੇ ਸਾਡੀ ਧਰਤੀ ਦੀ ਸਭ ਤੋਂ ਉੱਚੀ ਚੋਟੀ ਐਵਰੈਸਟ 8,848 ਮੀਟਰ ਉੱਚੀ ਹੈ ਭਾਵ ਚੰਨ ਦੀ ਚੋਟੀ ਐਵਰੈਸਟ ਤੋਂ 1938 ਮੀ ਉਚੀ ਹੈ! ਚਲੋ ਇਕ ਗੱਲ ਤਾਂ ਸ਼ੀਸ਼ੇ ਵਾਂਗ ਸਾਫ ਹੋ ਗਈ ਕਿ ਚੰਨ ਕੋਈ ਦੇਵਤਾ ਨਹੀਂ ਹੈ ਸਗੋਂ ਇਹ ਵੀ ਸਾਡੀ ਧਰਤੀ ਵਾਂਗ ਹੀ ਪਥਰੀਲਾ ਹੈ। ਇਸ ਉਪਰ ਵੀ ਤੁਰਿਆ ਫਿਰਿਆ ਜਾ ਸਕਦਾ ਹੈ।



ਚਲੋ ਦੋਸਤੋ ਚਲਦੇ ਹਾਂ ਔਹ ਬਹੁਤ ਹੀ ਖੂਬਸੂਰਤ ਚਮਕਦੇ ਤਾਰੇ ਵੱਲ... ਧਰਤੀ ਤੋਂ ਤੁਸੀਂ ਇਸ ਨੂੰ ਕਦੇ ਸਵੇਰ ਦੇ ਤਾਰੇ ਅਤੇ ਕਦੇ ਸ਼ਾਮ ਦੇ ਤਾਰੇ ਵਜੋਂ ਵੇਖਦੇ ਹੋ.. ਸਾਵਧਾਨ, ਦੂਰੋਂ ਇਹ ਤਾਰਾ ਹੀ ਨਜ਼ਰ ਆਉਂਦਾ ਹੈ ਪਰ ਇਹ ਵੀ ਸਾਡੀ ਧਰਤੀ ਵਾਂਗ ਸੂਰਜ ਦੁਆਲੇ ਚੱਕਰ ਲਗਾਉਂਦਾ ਇਕ ਗ੍ਰਹਿ ਹੈ। ਸੂਰਜ ਤੋਂ ਸਥਿਤੀ ਅਨੁਸਾਰ ਇਹ ਦੂਜਾ ਗ੍ਰਹਿ ਹੈ । ਧਰਤੀ ਉਪਰ ਰਾਤ ਸਮੇਂ ਅਸਮਾਨ ਵਿੱਚ ਸਭ ਤੋਂ ਵੱਧ ਚਮਕਣ ਵਾਲਾ ਤਾਰਾ ਅਸਲ ਵਿੱਚ ਸ਼ੁੱਕਰ ਗ੍ਰਹਿ ਹੈ। ਚੰਦ ਨੇ ਅਕਾਰ ਦੇ ਹਿਸਾਬ ਨਾਲ, ਪ੍ਰੰਤੂ ਸ਼ੁੱਕਰ ਗ੍ਰਹਿ ਨੇ ਚਮਕਣ ਦੇ ਹਿਸਾਬ ਨਾਲ , ਦੋਵਾਂ ਨੇ ਮਨੁੱਖ ਦਾ ਧਿਆਨ ਮੁੱਢ ਕਦੀਮ ਤੋਂ ਖਿੱਚਿਆ ਹੈ ਕਿਉਂਕਿ ਇਸ ਦੀ ਚਮਕ ਬਹੁਤ ਹੀ ਸੁੰਦਰ ਅਤੇ ਆਕਰਸ਼ਕ ਹੁੰਦੀ ਹੈ ਸੋ ਰੋਮ ਵਾਸੀਆਂ ਨੇ ਇਸ ਦਾ ਨਾਮ ਉਹਨਾਂ ਦੇ ਸਾਹਿਤ ਮੁਤਾਬਿਕ, ਸੁੰਦਰਤਾ ਤੇ ਪਿਆਰ ਦੀ ਦੇਵੀ 'ਵੀਨਸ' ਦੇ ਨਾਮ ਉਪਰ ਹੀ ਰੱਖ ਦਿੱਤਾ। ਭਾਰਤੀ ਪਰੰਪਰਾ ਅਤੇ ਕੁਝ ਪ੍ਰਚੱਲਤ ਕਹਾਣੀਆਂ ਅਨੁਸਾਰ ਇਸ ਦਾ ਨਾਮ ਸ਼ੁੱਕਰ ਰੱਖਿਆ ਗਿਆ।

ਸਾਥੀਓ, ਪਿਛਲੀ ਕੜੀ ਵਿੱਚ ਕੀਤਾ ਤੁਹਾਡਾ ਸਵਾਲ ਮੈਨੂੰ ਯਾਦ ਹੈ ਕਿ ਗ੍ਰਹਿ ਕੀ ਹੁੰਦੇ ਹਨ?? ਲਓ ਸੁਣੋ, ਗ੍ਰਹਿ ਦੀ ਵਿਗਿਆਨਕ ਵਿਆਖਿਆ-ਗ੍ਰਹਿ ਉਹ ਪੁਲਾੜੀ ਪਿੰਡ ਹੁੰਦਾ ਹੈ ਜੋ ਸੂਰਜ ਦੁਆਲੇ ਘੁੰਮਦਾ ਹੈ ਜਿਸਦੇ ਰਸਤੇ ਵਿਚ ਹੋਰ ਕੋਈ ਪੁਲਾੜੀ ਵਸਤੂ ਨਹੀਂ ਹੋਣੀ ਚਾਹੀਦੀ। ਇਹ ਕਿਸੇ ਹੋਰ ਗ੍ਰਹਿ ਦਾ ਰਸਤਾ ਨਾ ਕੱਟਦਾ ਹੋਵੇ ਪ੍ਰੰਤੂ ਇਸਦੇ ਉਲਟ ਗ੍ਰਹਿਆਂ ਬਾਰੇ ਦੰਦ ਕਥਾਵਾਂ ਇਉਂ ਸ਼ੁਰੂ ਹੋਈਆਂ ...ਅਸਲ ਵਿੱਚ ਮਨੁੱਖ ਨੇ ਸਦੀਆਂ ਤੋਂ ਅਸਮਾਨ ਨੂੰ ਰਾਤ ਸਮੇਂ ਗਹੁ ਨਾਲ ਤੱਕਣਾ ਸ਼ੁਰੂ ਕੀਤਾ ਸੀ। ਉਸਨੂੰ ਪਤਾ ਲੱਗਿਆ ਕਿ ਸਾਰੇ ਤਾਰੇ ਇੱਕ ਦੂਜੇ ਦੇ ਮੁਕਾਬਲੇ ਆਪਣੀ ਸਥਿਤੀ ਨਹੀਂ ਬਦਲਦੇ। ਜੇਕਰ ਚਲਦੇ ਵੀ ਹਨ ਤਾਂ ਪੂਰਬ ਤੋਂ ਪੱਛਮ ਵੱਲ ਆਪਣਾ ਰਸਤਾ ਤਹਿ ਕਰਦੇ ਹਨ ਪ੍ਰੰਤੂ ਉਹਨਾਂ ਦੀ ਹੈਰਾਨੀ ਦੀ ਹੱਦ ਉਦੋਂ ਹੋ ਜਾਂਦੀ ਹੋਵੇਗੀ ਜਦੋਂ ਉਹ ਕੁਝ 'ਤਾਰਿਆਂ ਨੂੰ' ਜਿਹਨਾਂ ਵਿੱਚ ਇੱਕ ਸ਼ੁੱਕਰ ਵੀ ਸ਼ਾਮਲ ਸੀ, ਅਸਲ ਵਿੱਚ ਆਪਣਾ ਰਸਤਾ 'ਪੱਛਮ ਤੋਂ ਪੂਰਬ' ਦਿਸ਼ਾ ਵੱਲ ਤਹਿ ਕਰਦੇ ਤੱਕਿਆ ਹੋਵੇਗਾ। ਯੂਨਾਨੀ ਸੱਭਿਅਤਾ ਨੇ ਇਹਨਾਂ ਵਿੱਚ ਵਿਸ਼ੇਸ਼ ਸਕਤੀਆਂ ਹੋਣ ਦਾ ਅੰਦਾਜ਼ਾ ਲਗਾਇਆ। ਬੱਸ ਉਦੋਂ ਤੋਂ ਹੀ ਇਨ੍ਹਾਂ ਦਾ ਅੰਗਰੇਜ਼ੀ ਵਿੱਚ ਨਾਮ 'ਪਲੈਨਟ'-ਭਾਵ ਘੁੱਮਕੜ ਤਾਰੇ

ਰੱਖਿਆ ਗਿਆ। ਇਹਨਾਂ 'ਤਰਿਆਂ' ਨੂੰ ਹੀ ਅਸੀਂ ਗ੍ਰਹਿ ਕਹਿੰਦੇ ਹਾਂ। ਇੱਕ ਬਹੁਤ ਹੀ ਅਜੀਬ ਨਿਯਮ ਵੀ ਦੇ ਦਿੱਤਾ ਗਿਆ, ਕਿ ਇਹਨਾਂ ਗ੍ਰਹਿਆਂ ਵਿੱਚ ਕੋਈ 'ਅਲੋਕਿਕ ਸ਼ਕਤੀ' ਹੈ , ਜੋ ਕਿ ਬਾਕੀ ਤਾਰਿਆਂ ਵਿੱਚ ਨਹੀਂ ਹੈ, ਇਸ ਲਈ ਇਹਨਾਂ ਦੀ ਇਹ ਸ਼ਕਤੀ ਧਰਤੀ ਉਪਰ ਆਉਂਦੀਆਂ ਆਫਤਾਂ ਲਈ ਜਿੰਮੇਵਾਰ ਹੈ। ਵੇਖੋ ਕਿਵੇਂ ਅਗਿਆਨਤਾ ਕਾਰਨ ਗ੍ਰਹਿਆਂ ਨੂੰ ਖਤਰਨਾਕ ਮੰਨ ਲਿਆ ਗਿਆ!!!

ਅਸਲ ਹੁੰਦਾ ਸਿਰਫ ਮੌਕਾ ਮੇਲ ਹੀ ਸੀ ਜਿਵੇਂ ਕਿ ਸ਼ੁੱਕਰ ਗ੍ਰਹਿ (ਤਾਰਾ) ਸਵੇਰੇ ਚੜ੍ਹਦਾ ਤਾਂ ਸੰਯੋਗਵਸ ਇਹ ਮਹੀਨੇ ਜੇਕਰ ਜਨਵਰੀ, ਫਰਵਰੀ, ਮਾਰਚ ਹੁੰਦੇ ਭਾਵ ਮੌਸਮ ਠੀਕ ਰਹਿੰਦਾ ਸੀ, ਪ੍ਰੰਤੂ ਫਿਰ ਕੋਈ ਹੋਰ ਗ੍ਰਹਿ (ਤਾਰਾ) ਨਜ਼ਰੀ ਪੈਂਦਾ ਜਿਵੇਂ ਸ਼ਨੀ, ਉਦੋਂ ਹੋ ਸਕਦਾ ਹੈ ਕਿ ਮੌਸਮ ਜੂਨ, ਜੁਲਾਈ, ਅਗਸਤ ਦਾ ਹੁੰਦਾ ਹੋਵੇਗਾ ਜਦੋਂ ਕਿ ਮੀਂਹ, ਝੱਖੜ ਆਦਿ ਤਾਂ ਮੌਨਸੂਨ ਕਰਕੇ ਆਉਂਦੇ ਸੀ, ਪਰੰਤੂ ਮਨੁੱਖ ਦੀ ਅਲਪ ਬੁੱਧੀ ਨੇ ਇਹਨਾਂ ਆਫਤਾਂ ਨੂੰ ਗ੍ਰਹਿਆਂ ਨਾਲ ਜੋੜ ਕੇ, ਇਕ ਅਜੀਬ ਕਿਸਮ ਦਾ ਡਰ ਪੈਦਾ ਕਰ ਦਿੱਤਾ ਹੋਵੇਗਾ। ਇਸੇ ਡਰ ਕਾਰਨ ਮਨੁੱਖ ਨੇ ਇਹਨਾਂ ਦੀ ਸ਼ਕਤੀ ਦੇ ਦੁਰ ਪ੍ਰਭਾਵ ਤੋਂ ਬਚਣ ਲਈ ਇਹਨਾਂ ਦੀ ਪੂਜਾ ਅਤੇ ਦਾਨ ਆਦਿ ਸ਼ੁਰੂ ਕਰ ਦਿੱਤਾ ਹੋਵੇਗਾ, ਪਰੰਤੂ ਅਸੀਂ ਆਪਣੀ ਯਾਤਰਾ ਦੌਰਾਨ ਸ਼ੁੱਕਰ ਗ੍ਰਹਿ ਬਾਰੇ ਵਿਚਾਰ ਸ਼ੁਰੂ ਕਰ ਰਹੇ ਹਾਂ, ਬੱਸ ਤੁਸੀਂ ਮੇਰੇ ਨਾਲ-ਨਾਲ ਆਪਣੀ ਸੋਚ ਨੂੰ ਚਲਾਉਂਦੇ ਰਹਿਣਾ.........ਜਾਂ ਦੂਜੇ ਸ਼ਬਦਾਂ ਵਿੱਚ ਮੇਰੇ ਨਾਲ ਬ੍ਰਹਿਮੰਡ ਯਾਤਰਾ ਕਰਦੇ ਰਹਿਣਾ.........ਚਲੋ ਵੇਖਦੇ ਹਾਂ ਕਿ ਕੁਝ ਕਿਲੋਗ੍ਰਾਮ ਸਮੱਗਰੀ ਜੋ ਕਿ ਜੋਤਸ਼ੀ ਮਹਾਰਾਜ ਇਕ ਥਾਲ ਵਿੱਚ ਰਖਵਾ ਕੇ ਕਹਿੰਦੇ ਹਨ ਕਿ ਹੁਣ ਸ਼ੁੱਕਰ ਦਾ ਪ੍ਰਭਾਵ ਘਟ ਗਿਆ.... ਕੀ ਇਹ ਸਮੱਗਰੀ ਸ਼ੁੱਕਰ ਗ੍ਰਹਿ ਦੀ ਗਤੀ ਜਾਂ ਪ੍ਰਭਾਵ ਨੂੰ ਰੋਕ ਸਕਦੀ ਹੈ ਜਾਂ ਨਹੀਂ? ਕੀ ਸ਼ੁੱਕਰ ਦਾ ਕੋਈ ਪ੍ਰਭਾਵ ਵੀ ਹੈ ਸਾਡੀ ਧਰਤੀ ਉੱਪਰ?

ਦੋਸਤੋ ਸ਼ੁੱਕਰ ਗ੍ਰਹਿ ਸਾਡੀ ਧਰਤੀ ਤੋਂ ਅਕਾਰ ਵਿੱਚ ਬੱਸ ਥੋੜਾ ਜਿਹਾ ਹੀ ਛੋਟਾ ਹੈ ਭਾਵ ਧਰਤੀ ਦੇ ਵਿਆਸ 6400 ਕਿ.ਮੀ. ਤੋਂ ਸਿਰਫ 326 ਕਿਲੋਮੀਟਰ ਘੱਟ। ਇਸਦੀ ਗਰੂਤਾ ਖਿੱਚ ਵੀ ਧਰਤੀ ਦੀ 9.8 ਮੀ/ਸੈਕਿੰਡ^2 ਤੋਂ ਥੋੜੀ ਜਿੰਨੀ ਹੀ ਘੱਟ ਭਾਵ 8.27 ਮੀ/ਸੈਕਿੰਡ^2 ਹੈ ਭਾਵ ਜੇਕਰ ਇੱਕ ਵਿਅਕਤੀ ਦਾ ਭਾਰ ਧਰਤੀ ਉੱਪਰ 100 ਕਿ.ਗ੍ਰਾ. ਹੈ ਤਾਂ ਇਸਦਾ ਭਾਰ ਸ਼ੁੱਕਰ ਉਪਰ 90ਕਿ. ਗ੍ਰਾ. ਹੋਵੇਗਾ। ਇਹ ਚਮਕਦੇ ਤਾਰੇ ਦੇ ਰੂਪ ਵਿੱਚ ਸਾਨੂੰ ਸਵਾ ਕੁ ਤਿੰਨ ਮਹੀਨੇ ਸ਼ਾਮ ਦੇ ਤਾਰੇ ਵਜੋਂ ਅਤੇ ਸਵਾ ਕੁ ਤਿੰਨ ਮਹੀਨੇ ਸਵੇਰ ਦੇ ਤਾਰੇ ਵਜੋਂ ਵਿਖਾਈ ਦਿੰਦਾ ਰਹਿੰਦਾ ਹੈ। ਕਿਉਂਕਿ ਸੂਰਜ ਦੁਆਲੇ ਇਹ ਆਪਣਾ ਇੱਕ ਚੱਕਰ 225 ਦਿਨਾਂ ਵਿੱਚ ਪੂਰਾ ਕਰਦਾ ਹੈ ਭਾਵ ਇਸ ਦਾ ਸਾਲ ਸਾਡੀ ਧਰਤੀ ਦੇ ਸਾਲ ਤੋਂ ਛੋਟਾ ਹੈ। ਇਸ ਗ੍ਰਹਿ ਦਾ ਭਾਰ ਧਰਤੀ ਦੇ ਭਾਰ ਤੋਂ ਥੋੜਾ ਜਿਹਾ ਹੀ ਘੱਟ ਹੈ ਭਾਵ ਅਰਬਾਂ, ਅਰਬ ਮੀਟਰਿਕ ਟਨ ਸੋ ਸ਼ੁੱਕਰ ਦਾ ਪ੍ਰਭਾਵ ਸਾਡੀ ਧਰਤੀ ਉਪਰ ਨਹੀਂ ਹੈ ਜੇ ਹੁੰਦਾ ਵੀ ਤਾਂ ਅਰਬਾਂ ਟਨ ਭਾਰ ਵਾਲੇ ਗ੍ਰਹਿ ਦੇ ਪ੍ਰਭਾਵ ਨੂੰ ਜੋਤਿਸ਼ੀਆਂ ਦੁਆਰਾ ਸੁਝਾਈ ਹੋਈ ਕੁਝ ਕਿਲੋਗ੍ਰਾਮ ਦਾਨ ਪੁੰਨ ਸਮੱਗਰੀ ਇਸ ਪ੍ਰਭਾਵ ਨੂੰ ਕਿਵੇਂ ਰੋਕ ਸਕਦੀ ਹੈ?

ਚਲੋ ਜਰਾ ਸ਼ੁੱਕਰ ਦੇ ਹੋਰ ਨੇੜੇ ਚੱਲੀਏ। ਸੂਰਜ ਦੁਆਲੇ ਇਸਦੀ ਗਤੀ 35.5 ਕਿ.ਮੀ. ਪ੍ਰਤੀ ਸੈਕਿੰਡ ਹੈ। ਇੰਨੀ ਤੇਜ਼ ਗਤੀ ਨਾਲ ਚੱਕਰ ਲਗਾ ਰਹੇ ਗ੍ਰਹਿ ਦੀ ਗਤੀ ਨੂੰ ਕੰਟਰੋਲ ਕਰਨ ਦਾ ਦਾਅਵਾ ਕਰਦੇ ਨੇ ਜ਼ੋਤਿਸ਼ੀ। ਜਿਹੜੀ ਕੇ ਮਨੁੱਖ ਦੇ ਕੰਟਰੋਲ ਦੇ ਵਸ ਵਿੱਚ ਹੀ ਨਹੀਂ। ਚਲੋ ਝੂਠ ਬੋਲੀਂ ਜਾਣ ਦਿਓ ਇਹਨਾਂ ਨੂੰ , ਆਓ ਘੋਖੀਏ ਸ਼ੁੱਕਰ ਗ੍ਰਹਿ ਨੂੰ.....ਇਹ ਘੁੰਮਦਾ ਹੋਇਆ ਧਰਤੀ ਤੋਂ 38 ਮਿਲੀਅਨ ਕਿ.ਮੀ ਭਾਵ 3ਕਰੋੜ 80 ਲੱਖ ਕਿ.ਮੀ. ਦੂਰ ਉਪਰ ਆ ਜਾਂਦਾ ਹੈ ਅਤੇ ਸਾਡਾ ਪੁਲਾੜੀ ਰਾਕਟ ਜੇਕਰ 12 ਕਿ.ਮੀ. ਪ੍ਰਤੀ ਸੈਕਿੰਡ ਦੀ ਗਤੀ ਨਾਲ ਚੱਲੇ ਤਾਂ ਸਾਨੂੰ ਸ਼ੁੱਕਰ ਗ੍ਰਹਿ ਉਪਰ ਪਹੁੰਚਣ ਲਈ ਤਕਰੀਬਨ 1 ਸਾਲ 2 ਮਹੀਨੇ ਲੱਗ ਜਾਣਗੇ। ਜਿਉਂ-ਜਿਉਂ ਅਸੀਂ ਸ਼ੁੱਕਰ ਦੇ ਨੇੜੇ ਹੁੰਦੇ ਜਾਵਾਂਗੇ ਇਸ ਦਾ ਅਕਾਰ ਵੱਡਾ ਹੋਰ ਵੱਡਾ ਨਜ਼ਰ ਆਵੇਗਾ, ਉੱਧਰ ਧਰਤੀ ਅਤੇ ਚੰਦਰਮਾ ਦਾ ਅਕਾਰ ਘਟਦਾ ਨਜ਼ਰ ਆਵੇਗਾ ਪਰ ਅਸੀਂ ਤਾਂ ਆਪਣੇ ਕਲਪਨਾ ਰੂਪੀ ਰਾਕਟ ਉਪਰ ਸਵਾਰ ਹਾਂ ਇਸ ਲਈ ਅਸੀਂ ਸ਼ੁੱਕਰ ਗ੍ਰਹਿ ਦੇ ਨੇੜੇ ਪਹੁੰਚ ਰਹੇ ਹਾਂ। ਸਾਡੀ ਧਰਤੀ ਉਪਰ 12 ਕਿਲੋਮੀਟਰ ਉਚਾਈ ਤੱਕ ਬੱਦਲ ਰਹਿੰਦੇ ਹਨ ਅਤੇ ਸ਼ੁੱਕਰ ਦੀ ਆਪਣੀ ਪਥਰੀਲੀ ਸਤਹ ਤੋਂ 35 ਕਿਲੋਮੀਟਰ ਉਚਾਈ ਤੱਕ ਬੱਦਲ ਰਹਿੰਦੇ ਹਨ ਅਤੇ ਇਹ ਬੱਦਲ ਪਾਣੀ ਦੇ ਨਹੀਂ ਸਗੋਂ ਸਲਫਰ-ਡਾਈਆਕਸਾਈਡ ਗੈਸ ਦੇ ਬੱਦਲ ਹਨ। ਸਾਡੀ ਧਰਤੀ ਉਪਰ ਤਾਂ ਹਮੇਸ਼ਾਂ ਬੱਦਲ ਨਹੀਂ ਰਹਿੰਦੇ ਇਸ ਲਈ ਪੁਲਾੜੀ ਜਹਾਜ ਤੋਂ ਬੈਠੇ ਧਰਤੀ ਦੇ ਸਮੁੰਦਰਾਂ ਆਦਿ ਦਾ ਨਜ਼ਾਰਾ ਵੇਖਿਆ ਜਾ ਸਕਦਾ ਹੈ ਪ੍ਰੰਤੂ ਸ਼ੁੱਕਰ ਉੱਪਰ ਹਮੇਸ਼ਾ ਬੱਦਲ ਹੋਣ ਕਾਰਨ ਇਸ ਦਾ ਨਜ਼ਾਰਾ

ਸਿਰਫ ਇਨਫਰਾਰੈਡ ਕੈਮਰੇ ਰਾਹੀਂ ਹੀ ਵੇਖਿਆ ਜਾ ਸਕਦਾ ਹੈ ਸੋ ਅਸੀਂ ਸ਼ੁੱਕਰ ਗ੍ਰਹਿ ਉਪਰ ਨਹੀਂ ਉੱਤਰ ਸਕਾਂਗੇ ਸਗੋਂ ਦੂਰ ਤੋਂ ਹੀ ਨਜ਼ਾਰਾ ਵੇਖਣਾ ਪਵੇਗਾ।


ਵੇਖੋ , ਸ਼ੁੱਕਰ ਗ੍ਰਹਿ ਉੱਪਰ ਬਹੁਤ ਸਾਰੇ ਜਵਾਲਾਮੁਖੀ ਨੇ। ਇਸ ਦੀ ਸਤਹ ਕਈ ਥਾਂ ਤੋਂ ਸਮੁੰਦਰ ਵਾਂਗ ਹੈ ਪਰ ਇਸ ਵਿੱਚ ਕੋਈ ਪਾਣੀ ਨਹੀਂ ਹੈ।ਆਕਸੀਜਨ ਤੋਂ ਵੀ ਸ਼ੁੱਕਰ ਗ੍ਰਹਿ ਸੱਖਣਾ ਹੈ।ਹਾਂ, ਤੁਹਾਡੇ ਇਕ ਪ੍ਰਸ਼ਨ ਦਾ ਉੱਤਰ ਸ਼ਾਇਦ ਮੈਂ ਭੁੱਲ ਨਾ ਜਾਵਾਂ – ਕਿ ਇੱਥੇ ਤਾਪਮਾਨ ਕਿੰਨਾ ਕੁ ਹੁੰਦਾ ਹੋਵੇਗਾ। ਇਥੇ ਤਾਪਮਾਨ ਲੱਗਭੱਗ 462^0 ਸੈਲਸੀਅਸ ਤੱਕ ਪਹੁੰਚ ਜਾਂਦਾ ਹੈ।ਸਾਡੇ ਵਿਗਿਆਨੀ ਅਜੇ ਤੱਕ ਅਜ਼ਿਹਾ ਸੂਟ ਨਹੀਂ ਬਣਾ ਸਕੇ ਜੋ ਸੁੱਕਰ ਦੇ 462^0 ਸੈਲਸੀਅਸ ਤਾਪਮਾਨ ਨੂੰ ਝੱਲ ਸਕੇ।ਇਸ ਤਾਪਮਾਨ ਉਪਰ ਤਾਂ ਸਿੱਕਾ ਵੀ ਪਿਘਲ ਜਾਂਦਾ ਹੈ ਪਰ ਇਸ ਉਚੇ ਤਾਪਮਾਨ ਦਾ ਕਰਨ ਕੀ ਹੈ– ਇਹ ਅਸਰ ਕਾਰਬਨ ਡਾਈਆਕਸਾਈਡ ਗੈਸ ਦੁਆਰਾ ਬਣਾਏ ਗਏ ਗਰੀਨ ਹਾਊਸ ਪ੍ਰਭਾਵ ਦਾ ਹੈ। ਸਾਥੀਓ, ਤੁਹਾਡੇ ਮਨ ਵਿਚ ਇਹ ਸਵਾਲ ਜਰੂਰ ਉਠਿਆ ਹੋਣਾ ਹੈ ਕਿ ਸ਼ੁੱਕਰ ਉਪਰ ਗੈਸੀ ਦਬਾਉ ਕਿੰਨਾ ਕੁ ਹੋਵੇਗਾ? ਲਓ ਨੋਟ ਕਰੋ... ਇਥੇ ਗੈਸਾਂ ਦਾ ਦਬਾਉ ਧਰਤੀ ਦੇ ਗੈਸੀ ਦਬਾਉ ਦਾ 90 ਗੁਣਾ ਹੁੰਦਾ ਹੈ ਮਤਲਬ ਕਿ ਜਿਵੇਂ ਇਕ ਬੱਚਾ ਇਕ ਹਵਾ ਦੇ ਭਰੇ ਗੁਬਾਰੇ ਨੂੰ ਆਪਣੇ ਹੱਥਾਂ ਵਿਚ ਦਬਾਅ ਕੇ ਪਿਚਕਾ ਦਿੰਦਾ ਹੈ, ਉਸੇ ਤਰ੍ਹਾਂ ਸ਼ੁੱਕਰ ਦਾ ਗੈਸੀ ਦਬਾਉ ਇੰਨਾ ਜਿਆਦਾ ਹੈ ਕਿ ਸਾਡੇ ਸਰੀਰ ਗੁਬਾਰੇ ਦੀ ਤਰ੍ਹਾਂ ਪਿਚਕ ਹੀ ਜਾਣਗੇ। ਜਿਉਂਦੇ ਰਹਿਣਾ ਅਸੰਭਵ..... ਇਸ ਲਈ ਇਸ ਗ੍ਰਹਿ ਉਪਰ ਜੀਵਨ ਹੋਣ ਲਈ ਢੁਕਵਾਂ ਵਾਤਾਵਰਣ ਨਹੀਂ ਹੈ। ਫਿਰ 'ਏਲੀਅਨਜ਼' ਭਾਵ ਦੂਜੇ ਗ੍ਰਹਿਆਂ ਦੇ ਵਾਸੀਆਂ ਵਾਲੀ ਥਿਊਰੀ ਪਤਾ ਨਹੀਂ ਕਿਸ ਦਿਮਾਗ ਦੀ ਕਾਢ ਹੈ ?? ਸਰਾਸਰ ਝੂਠ ਤੋਂ ਇਲਾਵਾ ਕੁੱਝ ਵੀ ਨਹੀਂ ।

ਦੋਸਤੋ, ਤੁਸੀਂ ਤਾਂ ਭਲੀ ਭਾਂਤ ਜਾਣਦੇ ਹੀ ਹੋ ਕਿ ਪਾਣੀ ਤਾਂ 100 ਦਰਜੇ ਉਪਰ ਭਾਫ ਬਣ ਜਾਂਦਾ ਹੈ, ਇਹੀ ਕਾਰਨ ਹੈ ਸ਼ੁੱਕਰ ਉਪਰ ਪਾਣੀ ਨਹੀਂ ਹੈ ਅਤੇ ਇਸ ਉਪਰ ਕੋਈ ਵੀ ਜੀਵਨ ਨਹੀਂ ਹੈ। ਬੱਸ ਉਜਾੜ ਜਮੀਨ ਦੂਰ-ਦੂਰ ਤੱਕ ਨਜ਼ਰ ਆਉਂਦੀ ਹੈ । ਉੱਚੀਆਂ ਪਹਾੜੀ ਚੋਟੀਆਂ , ਡੂੰਘੇ ਟੋਏ ਅਤੇ ਖੱਡੇ ਹੀ ਖੱਡੇ ਨਜ਼ਰ ਆਉਂਦੇ ਹਨ। ਸ਼ੁੱਕਰ ਅੱਗ ਉਗਲਦੇ ਜਵਾਲਾ ਮੁਖੀਆਂ ਨਾਲ ਭਰਿਆ ਪਿਆ ਹੈ। ਇਸ ਵੱਧ ਤਾਪਮਾਨ ਦਾ ਕਾਰਨ ਹੈ, ਕਾਰਬਨ ਡਾਈਆਕਸਾਈਡ ਗੈਸ ਦੇ ਨਾਲ-ਨਾਲ ਦਿਨ ਦੀ ਲੰਬਾਈ। ਸਾਡੀ ਧਰਤੀ ਦਾ ਦਿਨ 24 ਘੰਟੇ ਦਾ ਹੁੰਦਾ ਹੈ ਪ੍ਰੰਤੂ ਸ਼ੁੱਕਰ ਉਪਰ ਇੱਕ ਦਿਨ 5 ਹਜ਼ਾਰ 8 ਸੌ 32 ਘੰਟਿਆਂ ਦਾ ਹੁੰਦਾ ਹੈ !!! ਹੈਰਾਨ ਨਾ ਹੋਣਾ ਸ਼ੁੱਕਰ ਦਾ ਸਾਲ ਤਾਂ ਸਾਡੇ 225 ਦਿਨਾਂ ਦੇ ਬਰਾਬਰ ਹੁੰਦਾ ਹੈ ਪਰ ਸ਼ੁੱਕਰ ਦਾ ਦਿਨ ਸਾਡੀ ਧਰਤੀ ਦੇ 242.7 ਦਿਨਾਂ ਦੇ ਬਰਾਬਰ ਹੁੰਦਾ ਹੈ !!! ਹੈ ਨਾ ਸ਼ੁੱਕਰ ਗ੍ਰਹਿ ਦਾ ਕਮਾਲ ਕਿ ਇਥੇ ਸਾਲ ਛੋਟਾ ਹੈ ਪਰੰਤੂ ਇਸ ਦਾ ਦਿਨ ਬਹੁਤ ਵੱਡਾ !! ਮਤਲਬ ਇਹ ਹੈ ਦੋਸਤੋ ਕਿ ਸ਼ੁੱਕਰ ਗ੍ਰਹਿ ਆਪਣੀ ਧੁਰੀ ਦੁਆਲੇ ਬਹੁਤ ਹੀ ਹੌਲੀ-ਹੌਲੀ ਘੁੰਮ ਰਿਹਾ ਹੈ। ਥੋੜਾ ਕੁ ਰੁਕਣਾ... ਔਹ ਸਾਹਮਣੇ ਨਜ਼ਰ ਆਉਂਦੀਆਂ ਪਹਾੜੀ ਚੋਟੀਆਂ ਵੱਲ ਵੇਖੋ ਜਰਾ ..... ਇਹਨਾਂ ਪਹਾੜੀਆਂ ਦੇ ਨਾਂ ਭਾਰਤੀ ਹਨ। ਇਹ ਹਨ– ਲਕਸ਼ਮੀ (ਧਨ ਦੀ ਦੇਵੀ), ਸਰਸਵਤੀ(ਦਰਿਆਵਾਂ ਦੀ ਦੇਵੀ), ਕਾਲੀ(ਮੌਤ ਦੀ ਦੇਵੀ), ਗੌਰੀ (ਪਹਾੜਾਂ ਦੀ ਦੇਵੀ), ਅਨਾਲਾ(ਪੈਦਾਇਸੀ ਸ਼ਕਤੀ ਦੇਵੀ), ਊਸ਼ਾ (ਸਵੇਰ ਦੀ ਦੇਵੀ)। ਤੁਸੀਂ ਹੈਰਾਨ ਹੁੰਦੇ ਹੋਵੋਗੇ ਕਿ ਇਹ ਨਾਮ ਦੇਵੀਆਂ ਦੇ ਨਾਵਾਂ ਉੱਪਰ ਹੀ ਕਿਉਂ ਰੱਖੇ ਗਏ ਹਨ ? ਸਾਥੀਓ, ਵੀਨਸ ਨਾਮ ਵੀ ਰੋਮ ਦੀ ਪਿਆਰ ਅਤੇ ਸੁੰਦਰਤਾ ਦੀ ਦੇਵੀ ਦਾ ਹੀ ਹੈ। ਇੱਕ ਅੰਤਰਾਸ਼ਟਰੀ ਸਮਝੌਤੇ ਅਨੁਸਾਰ ਸਾਰੇ ਦੇਸ਼ਾਂ ਨੂੰ ਕੁੱਝ ਮਾਦਾ (Female) ਨਾਵਾਂ ਦੀ ਸੂਚੀ ਦੇਣ ਲਈ ਕਿਹਾ ਗਿਆ ਸੀ ਸਿੱਟੇ ਵਜੋਂ ਭਾਰਤ ਨੇ ਇਹ ਨਾਮ ਭੇਜੇ ਸਨ।

ਸਾਥੀਓ, ਧਿਆਨ ਦੇਣਾ ਜਰਾ ਕੁ.... ਸਾਡੀ ਧਰਤੀ ਉਪਰ ਸੂਰਜ ਪੂਰਬ ਵਿਚੋਂ ਨਿਕਲਦਾ ਹੈ ਪਰ ਸ਼ੁੱਕਰ ਗ੍ਰਹਿ ਉਪਰ ਸੂਰਜ ਪੱਛਮ ਵਿਚੋਂ ਨਿਕਲਦਾ ਹੈ ਅਤੇ ਪੂਰਬ ਵਿਚ ਛਿਪਦਾ ਹੈ। ਇਸਦਾ ਕਾਰਨ ਇਹ ਹੈ ਕਿ ਇਹ ਆਪਣੀ ਧੁਰੀ ਦੁਆਲੇ 'ਪੂਰਬ ਤੋਂ ਪੱਛਮ' ਦਿਸ਼ਾ ਵੱਲ ਘੁੰਮਦਾ ਹੈ ਅਤੇ ਸੂਰਜ ਪੱਛਮ ਤੋਂ ਪੂਰਬ ਵੱਲ ਜਾਂਦਾ ਨਜ਼ਰ ਆਉਂਦਾ ਹੈ। ਇਹ ਇਵੇਂ ਹੀ ਵਾਪਰਦਾ ਜਿਵੇਂ ਸਾਡੀ ਬਸ ਜੇਕਰ ਪੂਰਬ ਤੋਂ ਪੱਛਮ ਦਿਸ਼ਾ ਵਿਚ ਜਾਂਦੀ ਹੈ ਤਾਂ ਸੜਕ ਕਿਨਾਰੇ ਖੜੇ ਦਰਖਤ ਪੱਛਮ ਤੋਂ ਪੂਰਬ ਵੱਲ ਭਾਵ ਉਲਟ ਦਿਸ਼ਾ ਵਿਚ ਭੱਜਦੇ ਨਜ਼ਰ ਆਉਣਗੇ। ਸ਼ੁੱਕਰ ਦੀ ਇਸ ਗਤੀ ਨੂੰ ਉਲਟੀ ਗਤੀ (Retrograde Motion) ਵੀ ਕਿਹਾ ਜਾਂਦਾ ਹੈ। ਪ੍ਰੰਤੂ ਸ਼ੁੱਕਰ ਵਿੱਚ ਧਰਤੀ ਦੇ ਮੁਕਾਬਲੇ ਕੋਈ ਵਿਸ਼ੇਸ਼ ਸ਼ਕਤੀ ਨਹੀਂ ਹੈ (ਜਿਵੇਂ ਕਿ ਜੋਤਿਸ਼ ਬੋਲਦਾ ਹੈ ਕਿ ਸ਼ੁੱਕਰ ਵਿੱਚ ਵਿਸ਼ੇਸ਼ ਸ਼ਕਤੀ ਹੈ) ਅਤੇ ਨਾ ਹੀ ਇਹ ਧਰਤੀ ਉਪਰਲੇ ਮਨੁੱਖਾਂ ਨੂੰ ਪ੍ਰਭਾਵਿਤ ਕਰਦਾ

ਹੈ!!! ਪ੍ਰਭਾਵ ਦੀ ਗੱਲ ਚੱਲੀ ਹੈ ਤਾਂ ਅਸੀਂ ਇਹ ਵੀ ਪਰਖ ਹੀ ਲਈਏ ਕਿ ਪ੍ਰਭਾਵ ਕਿੰਨਾ ਕੁ ਪੈਂਦਾ ਹੈ? ਦੋਸਤੋ ਸ਼ੁੱਕਰ ਸੂਰਜ ਦੁਆਲੇ ਗੇੜਾ ਕੱਢਦਾ, ਸੂਰਜ ਦੇ ਉਹਲੇ ਵੀ ਚਲਾ ਜਾਂਦਾ ਹੈ ਭਾਵ ਹੁਣ ਸੂਰਜ, ਸ਼ੁੱਕਰ ਗ੍ਰਹਿ ਅਤੇ ਧਰਤੀ ਦੇ ਵਿਚਕਾਰ ਹੈ......ਹੁਣ ਤਾਂ ਧਰਤੀ ਉੱਪਰ ਸੂਰਜ ਦਾ ਪ੍ਰਭਾਵ ਜਿਆਦਾ ਹੁੰਦਾ ਹੈ ਅਤੇ ਸ਼ੁੱਕਰ ਗ੍ਰਹਿ ਤਾਂ ਧਰਤੀ ਤੋਂ 25 ਕਰੋੜ ਕਿਲੋਮੀਟਰ ਦੀ ਦੂਰੀ ਤੇ ਚਲਾ ਜਾਂਦਾ ਹੈ ਜਦੋਂ ਕਿ ਸੂਰਜ 15 ਕਰੋੜ ਕਿਲੋਮੀਟਰ ਦੂਰ ਹੁੰਦਾ ਹੈ। ਫਿਰ ਜੋਤਿਸ਼ ਤਾਂ ਝੂਠ ਬੋਲਦਾ ਹੈ ਕਿ ਸ਼ੁੱਕਰ ਗ੍ਰਹਿ ਦਾ ਪ੍ਰਭਾਵ ਸਾਰਾ ਸਾਲ ਧਰਤੀ ਦੇ ਮਨੁੱਖਾਂ ਉਪਰ ਪੈਂਦਾ ਰਹਿੰਦਾ ਹੈ! ਅਸਲ ਵਿੱਚ ਕੋਈ ਪ੍ਰਭਾਵ ਹੈ ਹੀ ਨਹੀਂ।

ਦੋਸਤੋ, ਤੁਹਾਨੂੰ ਇਹ ਪ੍ਰਸ਼ਨ ਜਰੂਰ ਪ੍ਰੇਸ਼ਾਨ ਕਰ ਰਿਹਾ ਹੋਵੇਗਾ ਕਿ ਜੇਕਰ ਸ਼ੁੱਕਰ ਦਾ ਸਾਨੂੰ ਕੋਈ ਨੁਕਸਾਨ ਨਹੀਂ ਹੈ ਤਾਂ ਕੀ ਕੋਈ ਫਾਇਦਾ ਹੈ? ਹਾਂ, ਦੋਸਤੋ ਸ਼ੁੱਕਰ ਗ੍ਰਹਿ ਜਦੋਂ ਸੂਰਜ ਦੀ ਟਿੱਕੀ ਦੇ ਅੱਗਿਉਂ ਦੀ ਲੰਘਦਾ ਹੈ ਤਾਂ ਇਸਨੂੰ 'ਸ਼ੁੱਕਰ ਪਾਰਗਮਨ' ਕਿਹਾ ਜਾਂਦਾ ਹੈ। ਇਹ ਸੂਰਜ ਅਤੇ ਧਰਤੀ ਦੇ ਵਿਚਕਾਰ ਹੁੰਦਾ ਹੈ.......ਇਸ ਦੀ ਮਦਦ ਸਦਕਾ ਹੀ ਵਿਗਿਆਨੀਆਂ ਨੇ ਸੂਰਜ ਅਤੇ ਧਰਤੀ ਦੀ ਦੂਰੀ ਦਾ ਸਹੀ ਪਤਾ ਲਗਾਇਆ ਹੈ। ਇਸ ਲਈ ਸ਼ੁੱਕਰ ਤਾਂ ਸਾਡੇ ਲਈ ਬਹੁਤ ਹੀ ਲਾਹੇਵੰਦ ਗ੍ਰਹਿ ਸਿੱਧ ਹੋਇਆ ਹੈ। **ਇਹ ਸ਼ਭ ਕੁੱਝ ਕਰਨ ਲਈ ਤਾਂ ਫਰਾਂਸ ਦੇ ਵਿਗਿਆਨੀ 'ਲੀ ਜੈਂਟੀਲ' ਨੂੰ ਆਪਣਾ ਸਭ ਕੁੱਝ ਗੁਆਣਾ ਪਿਆ ਸੀ। ਮਾਰਚ 1761 ਵਿਚ ਇਹ ਤਾਰਾ ਵਿਗਿਆਨੀ ਜੂਨ 1761 ਵਾਲੇ ਸ਼ੁੱਕਰ ਪਾਰਗਮਨ ਸਬੰਧੀ ਖੋਜ ਕਰਨ ਲਈ ਸਾਡੇ ਦੇਸ ਨੂੰ ਸਮੁੰਦਰੀ ਯਾਤਰਾ ਕਰਦਾ ਹੋਇਆ ਪਾਂਡੀਚਰੀ ਲਈ ਚੱਲਿਆ। ਪ੍ਰੰਤੂ ਇਥੇ ਪਹੁੰਚ ਕੇ ਉਸ ਨੂੰ ਪਤਾ ਚੱਲਿਆ ਕਿ ਪਾਂਡੀਚਰੀ ਉਪਰ ਤਾਂ ਬਰਤਾਨਵੀ-ਅੰਗਰੇਜਾਂ ਨੇ ਕਬਜਾ ਕਰ ਲਿਆ ਜਿਥੇ ਪਹਿਲਾਂ ਫਰਾਂਸ ਦਾ ਕਬਜਾ ਸੀ। ਉਹ ਵਾਪਸ ਮੁੜਨ ਲੱਗਾ ਕਿ 6 ਜੂਨ 1761 ਨੂੰ ਸ਼ੁੱਕਰ ਪਾਰਗਮਨ ਲੱਗ ਗਿਆ। ਉਸਦਾ ਜਹਾਜ ਸਮੁੰਦਰ ਵਿਚ ਸੀ ਇਸ ਲਈ ਉਹ ਇਸ ਪਾਰਗਮਨ ਦਾ ਨਿਰੀਖਣ ਨਾ ਕਰ ਸਕਿਆ। ਉਸਨੇ ਸੋਚਿਆ ਕਿ ਅਗਲਾ ਸ਼ੁੱਕਰ-ਪਾਰਗਮਨ 8 ਸਾਲਾਂ ਬਾਅਦ ਜੂਨ 1769 ਨੂੰ ਫਿਰ ਲੱਗੇਗਾ, ਦੁਬਾਰਾ ਆਉਣਾ ਮੁਸ਼ਕਿਲ ਹੈ ਸੋ ਉਸਨੇ ਫਰਾਂਸ ਵਾਪਸ ਜਾਣ ਦਾ ਇਰਾਦਾ ਛੱਡ ਦਿੱਤਾ। ਪ੍ਰੰਤੂ 8 ਸਾਲਾਂ ਦੀ ਲੰਬੀ ਇੰਤਜਾਰ ਤੋਂ ਬਾਅਦ ਸ਼ੁੱਕਰ ਪਰਗਮਨ ਵਾਲੇ ਦਿਨ ਜਦੋਂ ਉਹ ਅੱਧੀ ਰਾਤ ਉਠਿਆ ਤਾਂ ਕਾਲੀਆਂ ਘਟਾਂਵਾਂ ਚੜ੍ਹ ਆਈਆਂ... ਸਾਰਾ ਦਿਨ ਜੋਰਦਾਰ ਬਾਰਸ਼ ਹੁੰਦੀ ਰਹੀ... ਸ਼ਾਮੀਂ ਜਦੋਂ ਬਾਰਸ਼ ਹਟੀ ਉਸ ਸਮੇਂ ਪਾਰਗਮਨ ਹਟ ਚੁੱਕਿਆ ਸੀ। ਕੁੱਝ ਵੀ ਹੱਥ ਨਾ ਲੱਗਿਆ। ਬਹੁਤ ਨਿਰਾਸਤਾ ਨਾਲ ਗਿਆਰਾਂ ਸਾਲਾਂ ਬਾਅਦ ਸੰਨ 1772 ਨੂੰ ਜਦੋਂ ਉਹ ਪੈਰਿਸ (ਫਰਾਂਸ) ਵਾਪਸ ਪਹੁੰਚਿਆ ਤਾਂ ਉਸਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਕਿਉਂਕਿ 11 ਸਾਲਾਂ ਤੱਕ ਕੋਈ ਥਹੁ-ਪਤਾ ਨਾ ਹੋਣ ਕਾਰਨ ਉਸਨੂੰ ਕਾਨੂੰਨੀ ਤੌਰ ਤੇ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ ਸੀ!! ਸੋ ਉਸਦੀ ਪਤਨੀ ਨੇ ਦੂਜਾ ਵਿਆਹ ਕਰਵਾ ਲਿਆ ਅਤੇ ਉਸਦੇ ਰਿਸ਼ਤੇਦਾਰਾਂ ਨੇ ਉਸਦੀ ਦੀ ਸਾਰੀ ਜਾਇਦਾਦ ਕਾਨੂੰਨੀ ਤੌਰ ਤੇ ਆਪਸ ਵਿਚ ਵੰਡ ਲਈ। ਕਈਆਂ ਸਾਲਾਂ ਦੀ ਮੁਕੱਦਮੇ ਬਾਜ਼ੀ ਵੀ ਉਸਨੂੰ ਉਸਦਾ ਹੱਕ ਨਾ ਦਿਵਾ ਸਕੀ!!! ਇਹ ਸੀ ਜਨੂੰਨ ਕੁੱਝ ਵਿਗਿਆਨਕ ਖੋਜ ਕਰਨ ਦਾ।**



ਦੋਸਤੋ, ਸ਼ੁੱਕਰ ਪਾਰਗਮਨ 121.5 ਸਾਲਾਂ, ਬਾਅਦ ਫਿਰ 8 ਸਾਲਾਂ ਬਾਅਦ .... ਫਿਰ 105.5 ਸਾਲਾਂ ਬਾਅਦ ਅਤੇ ਫਿਰ 8 ਸਾਲਾਂ ਬਾਅਦ ਲੱਗਦਾ ਹੈ ਜਿਵੇਂ ਸਭ ਤੋਂ ਪਹਿਲਾ ਪਾਰਗਮਨ ਦਸੰਬਰ 1631 ਅਤੇ ਦਸੰਬਰ 1639 ਨੂੰ ਨੋਟ ਕੀਤਾ ਗਿਆ। ਫਿਰ ਜੂਨ 1761 ਅਤੇ ਜੂਨ 1769 , ਦਸੰਬਰ 1874 ਅਤੇ ਦਸੰਬਰ 1882 ਅਤੇ ਫਿਰ ਇਸ ਸ਼ਦੀ ਦਾ ਸ਼ੁੱਕਰ ਪਾਰਗਮਨ ਮਿਤੀ 8 ਜੂਨ 2004 ਅਤੇ 8 ਸਾਲਾਂ ਬਾਅਦ ਮਿਤੀ 6 ਜੂਨ 2012 ਨੂੰ ਵੀ ਲੱਗਿਆ ਸੀ। ਮੇਰਾ ਖਿਆਲ ਹੈ ਹੁਣ ਤੁਹਾਡੇ ਵਿਚੋਂ ਕੋਈ ਇਹ ਜਰੂਰ ਪੁੱਛੇਗਾ ਕਿ ਸਾਨੂੰ ਅਗਲੇ ਸ਼ੁੱਕਰ-ਪਾਰਗਮਨ ਦੇ ਦਰਸ਼ਨ ਹੁਣ ਕਦੋਂ ਕੁ ਹੋਣਗੇ?? ਸਾਥੀਓ , ਅਗਲਾ ਸ਼ੁੱਕਰ-ਪਾਰਗਮਨ ਲੱਗੇਗਾ 2117 ਅਤੇ 2125 ਵਿਚ ...... ਅੱਜ ਦੀ ਮਿਤੀ ਵਿਚ ਇਸ ਧਰਤੀ ਉਤੇ ਵਸਣ ਵਾਲੇ ਸਾਡੇ ਸਾਰਿਆਂ ਵਿਚੋਂ ਕੋਈ ਵੀ ਸ਼ਾਇਦ ਉਦੋਂ ਤੱਕ ਜਿੰਦਾ ਨਹੀਂ ਰਹੇਗਾ!?! ਸਾਇਦ ਤੁਹਾਨੂੰ ਇਹ ਪ੍ਰਸ਼ਨ ਵੀ ਬੇਕਰਾਰ

ਕਰ ਰਿਹਾ ਹੋਵੇ ਕਿ ਸ਼ੁੱਕਰ ਨੂੰ ਅਸੀਂ ਧਰਤੀ ਤੋਂ ਹੁਣ ਕਦੋਂ ਵੇਖਾਂਗੇ ? ਲਓ ਨੋਟ ਕਰੋ ...... ਜੂਨ 2013 ਤੋਂ ਤੁਸੀਂ ਇਸ ਗ੍ਰਹਿ ਨੂੰ 'ਸ਼ਾਮ ਦੇ ਤਾਰੇ' ਵਜੋਂ 3-4 ਮਹੀਨਿਆਂ ਤੱਕ ਵੇਖ ਸਕਦੇ ਹੋ। ਇਹ ਪਹਿਲਾਂ ਰੋਜ਼ਾਨਾਂ ਹੌਲੀ-ਹੌਲੀ ਉਪਰ ਉਠਦਾ ਨਜ਼ਰ ਆਵੇਗਾ ਅਤੇ ਫਿਰ ਰੋਜ਼ਾਨਾ ਹੇਠਾਂ ਵੱਲ ਜਾਂਦਾ ਨਜ਼ਰ ਆਵੇਗਾ। ਦੋਸਤੋ , ਜਰਾ ਕੁ ਪਿੱਛੇ ਮੁੜ ਕੇ ਵੀ ਵੇਖ ਲਵੋ..... ਸਾਡੀ ਧਰਤੀ ਇੱਕ ਛੋਟਾ ਜਿਹਾ ਤਾਰਾ ਹੀ ਨਜ਼ਰ ਆਵੇਗੀ ਅਤੇ ਚੰਦਰਮਾਂ ਨੂੰ ਵੇਖਣ ਲਈ ਦੂਰਬੀਨ ਦੀ ਵਰਤੋਂ ਕਰਨੀ ਪਵੇਗੀ ਮਤਲਬ ਧਰਤੀ ਅਤੇ ਚੰਦ ਅਕਾਸ਼ ਵਿੱਚ ਦੋ ਗ੍ਰਹਿਆਂ ਵਾਂਗ ਚਲਦੇ ਨਜ਼ਰ ਆਉਣਗੇ ਅਤੇ ਜ਼ੋਤਿਸ਼ੀ ਮਹਾਰਾਜ ਫਿਰ ਕਿਵੇਂ ਆਪਣੀਆਂ ਪੱਤ੍ਰੀਆਂ ਨਵੀਂਆਂ ਛਪਵਾਉਣਗੇ ?? ਅਸੀਂ ਸ਼ੁੱਕਰ ਗ੍ਰਹਿ ਕੋਲੋਂ ਲੰਘ ਕੇ ਹੁਣ ਅੱਗੇ ਪਹੁੰਚਾਂਗੇ ਬੁੱਧ ਗ੍ਰਹਿ ਕੋਲ... ਬਸ ਮੇਰਾ ਸਾਥ ਦਿੰਦੇ ਰਹਿਣਾ .....

94634-89789

ਕਿਹੜੇ ਦਿਨ...? ਕੀ.....?

ਜੁਲਾਈ

1 ਜੁਲਾਈ : ਸ਼ਹੀਦ ਮਦਨ ਲਾਲ ਢੀਂਗਰਾ ਵੱਲੋਂ ਕਰਜਨ ਵਾਇਲੀ ਦੀ ਲੰਡਨ ਵਿੱਚ ਗੋਲੀਆਂ ਮਾਰ ਕੇ ਹੱਤਿਆ (1909)

4 ਜੁਲਾਈ: ਅਮਰੀਕਨ ਪੁਲਾੜੀ ਜਹਾਜ 'ਪਾਥ ਫਾਈਂਡਰ' ਮੰਗਲ ਗ੍ਰਹਿ ਤੇ ਉਤਰਿਆ (1997)

5 ਜੁਲਾਈ: ਕਲੋਨਿੰਗ ਦੁਆਰਾ ਤਿਆਰ ਪਹਿਲੇ ਜੀਵ ਡੌਲੀ ਭੇਡ ਦਾ ਜਨਮ (1996)

6 ਜੁਲਾਈ: ਲੂਈਸ ਪਾਸਚਰ ਵੱਲੋਂ ਹਲਕਾਅ ਤੋਂ ਬਚਾਅ ਦੇ ਟੀਕੇ ਦੀ ਖੋਜ (1885)

11 ਜੁਲਾਈ: ਵਿਸ਼ਵ ਜਨਸੰਖਿਆ ਦਿਵਸ

13 ਜੁਲਾਈ: ਸ਼ਹੀਦ ਜਤਿੰਦਰ ਨਾਥ ਦਾਸ ਨੇ ਆਪਣੀ ਇਤਿਹਾਸਕ ਭੁੱਖ ਹੜਤਾਲ ਸ਼ੁਰੂ ਕੀਤੀ (1929)

16 ਜੁਲਾਈ: ਚੰਦ 'ਤੇ ਪਹਿਲੀ ਵਾਰ ਮਨੁੱਖ ਨੂੰ ਲੈ ਕੇ ਜਾਣ ਵਾਲੇ ਰਾਕਟ ਅਪੋਲੋ 11 ਦੀ ਧਰਤੀ ਤੋਂ ਉਡਾਣ (1969)

17 ਜੁਲਾਈ: ਪੰਜਾਬ ਰਿਆਸਤੀ ਪਰਜਾ ਮੰਡਲ ਦੀ ਸਥਾਪਨਾ

18 ਜੁਲਾਈ: ਜੀਵ ਸੈੱਲ ਸਿਧਾਂਤ ਦੇ ਖੋਜੀ ਵਿਗਿਆਨੀ ਰਾਬਰਟ ਹੁੱਕ ਦਾ ਜਨਮ (1635)

20 ਜੁਲਾਈ: ਚੰਦ ਉੱਤੇ ਮਨੁੱਖ ਨੇ ਪਹਿਲੀ ਵਾਰ ਪੈਰ ਧਰੇ (1969)

22 ਜੁਲਾਈ: ਮਾਂ ਬਾਪ ਤੋਂ ਸੰਤਾਨ ਵਿੱਚ ਜਾਂਦੇ ਗੁਣਾਂ ਦਾ ਅਧਿਐਨ ਕਰਨ ਵਾਲੇ ਵਿਗਿਆਨੀ ਗਰੇਗਰੀ ਮੈਂਡਲ ਦਾ ਜਨਮ (1822)

23 ਜੁਲਾਈ : ਸ਼ਹੀਦ ਚੰਦਰ ਸ਼ੇਖਰ ਅਜ਼ਾਦ ਦਾ ਜਨਮ (1906)

31 ਜੁਲਾਈ: ਸ਼ਹੀਦ ਉਧਮ ਸਿੰਘ ਨੂੰ ਲੰਡਨ ਵਿੱਚ ਫਾਂਸੀ (1940)

- ਜਨਮ ਦਿਨ ਪ੍ਰਗਤੀਵਾਦੀ ਹਿੰਦੀ ਲੇਖਕ ਮੁਨਸ਼ੀ ਪ੍ਰੇਮ ਚੰਦ

ਅਗਸਤ

5 ਅਗਸਤ : ਚੰਦ ਤੇ ਪਹਿਲਾ ਪੈਰ ਧਰਨ ਵਾਲੇ ਨੀਲ ਆਰਮ ਸਟਰਾਂਗ ਦਾ ਜਨਮ (1930)

6 ਅਗਸਤ: ਪ੍ਰਮਾਣੂ ਬੰਬ ਵਿਰੋਧੀ ਦਿਵਸ

11 ਅਗਸਤ: ਸ਼ਹੀਦ ਖੁਦੀ ਰਾਮ ਬੋਸ ਨੂੰ ਫਾਂਸੀ (1908)

13 ਅਗਸਤ: ਕਿਊਬਾ ਦੇ ਕ੍ਰਾਂਤੀਕਾਰੀ ਆਗੂ ਫੀਦਲ ਕਾਸਟਰੋ ਦਾ ਜਨਮ (1926)

- ਟੈਲੀਵਿਜ਼ਨ ਦੇ ਈਜਾਦਕਾਰ ਜੌਨ੍ਹ ਲੌਗੀ ਬੇਅਰਡ ਦਾ ਜਨਮ (1888)

17 ਅਗਸਤ: ਸ਼ਹੀਦ ਮਦਨ ਲਾਲ ਢੀਂਗਰਾ ਨੂੰ ਲੰਡਨ ਵਿੱਚ ਫਾਂਸੀ (1909)

18 ਅਗਸਤ: ਸੁਭਾਸ਼ ਚੰਦਰ ਬੋਸ ਦੀ ਹਵਾਈ ਹਾਦਸੇ ਵਿੱਚ ਸੰਭਾਵੀ ਮੌਤ (1945)

20 ਅਗਸਤ: ਅਕਸ਼ੈ ਊਰਜਾ ਦਿਵਸ

23 ਅਗਸਤ: ਪਥਰਾਟ ਵਿਗਿਆਨੀ ਜਾਰਜ ਕੁਵੀਅਰ ਦਾ ਜਨਮ (1769)

29 ਅਗਸਤ: ਕੌਮੀ ਖੇਡ ਦਿਵਸ

ਜਗਿਆਸਾ



? ਪ੍ਰਸ਼ਨ : ਮਈ ਜੂਨ ਅੰਕ ਵਿਚਲੀ 'ਬ੍ਰਹਿਮੰਡ ਯਾਤਰਾ' ਦੀ ਦੂਸਰੀ ਕੜੀ ਵਿੱਚ ਡਾ. ਅਵਤਾਰ ਸਿੰਘ ਢੀਂਡਸਾ ਨੇ ਲਿਖਿਆ ਹੈ ਕਿ ਅੱਜ ਤੱਕ 12 ਪੁਲਾੜ ਯਾਤਰੀ ਚੰਦ ਉੱਪਰ ਤੁਰ ਫਿਰ ਆਏ ਹਨ। ਬੇਨਤੀ ਹੈ ਕਿ ਉਹਨਾਂ ਦੇ ਨਾਮ ਦੱਸੇ ਜਾਣ। (ਅਮਨਦੀਪ ਸਰੋਤਾ, ਨਾਭਾ)

ਅਪੋਲੋ 11 ਮਿਸ਼ਨ ਦੁਆਰਾ ਜੁਲਾਈ 21, 1969 ਨੂੰ ਅਮਰੀਕਾ ਦੇ ਪੁਲਾੜ ਯਾਤਰੀ ਨੀਲਆਰਮ ਸਟਰਾਂਗ ਅਤੇ ਐਡਵਿਨ ਐਲਡਰਿਨ ਚੰਦ ਦੀ ਸਤਾਹ ਉੱਪਰ ਤੁਰ ਫਿਰ ਕੇ ਆਏ ਸਨ ਅਤੇ ਚੰਦ ਦੀ ਮਿੱਟੀ ਦੇ ਨਮੂਨੇ ਵੀ ਲੈ ਕੇ ਆਏ ਸਨ। ਇਹਨਾਂ ਦਾ ਤੀਜਾ ਸਾਥੀ ਮਾਈਕਲ ਕੋਲਿਨਜ ਪੁਲਾੜੀ ਰਾਕਟ ਗੱਡੀ ਨੂੰ ਚੰਦ ਦੇ ਆਲੇ ਦੁਆਲੇ ਉਡਾਉਂਦਾ ਰਿਹਾ ਸੀ ਪ੍ਰੰਤੂ ਕੁੱਝ ਲੋਕ ਇਸ ਮਿਸ਼ਨ ਨੂੰ ਅਮਰੀਕਾ ਦਾ ਕੋਰਾ ਝੂਠ ਸਿੱਧ ਕਰ ਰਹੇ ਹਨ। ਅਜੇ ਤੱਕ ਕੁੱਲ 12 ਪੁਲਾੜ ਯਾਤਰੀ ਚੰਦ ਦੀ ਸਤਾਹ ਉੱਪਰ ਤੁਰ ਫਿਰ ਆਏ ਹਨ। ਇਹ ਹਨ : ਅਪੋਲੋ 12 ਮਿਸ਼ਨ ਨਵੰਬਰ 1969 ਵਿੱਚ ਚਾਰਲਸ ਪੀਟਰ ਕੋਨਾਰਡ (ਜੂਨੀ.) ਅਤੇ ਐਲਨ ਲਿਵਰਨ ਬੀਅਨ, ਅਪੋਲੋ 14 ਮਿਸ਼ਨ ਫਰਵਰੀ 1971 ਵਿੱਚ ਐਲਨ ਬਰਲੈਟ ਸ਼ੈਫਰਡ (ਜੂਨੀ.) ਅਤੇ ਐਜਰ ਡੀਨ ਮਿਸ਼ੈਲ, ਅਪੋਲੋ 15 ਮਿਸ਼ਨ ਜੁਲਾਈ 1971 ਵਿੱਚ ਰੈਂਡੋਲਫ ਸਕੌਟ ਅਤੇ ਜੇਮਜ਼ ਇਰਵਨ ਬੇਨਸਨ, ਅਪੋਲੋ 16 ਮਿਸ਼ਨ ਅਪ੍ਰੈਲ 1972 ਵਿੱਚ ਜੌਹਨ ਵਾਟ ਯੰਗ ਅਤੇ ਚਾਰਲਸ ਮੌਸ (ਜੂਨੀ.), ਅਪੋਲੋ 17 ਮਿਸ਼ਨ ਦਸੰਬਰ 1972 ਵਿੱਚ ਯੁਗੀਨ ਐਂਡਰਿਊ ਸੀਮੈਨ ਅਤੇ ਹੈਰੀਸਨ ਹੈਯਾਨ ਸਮਿੱਟ। ਯੁਗੀਨ ਐਂਡਰਿਊ ਸੀਮੈਨ ਅੱਜ ਤੱਕ ਦਾ ਸਭ ਤੋਂ ਅਖੀਰਲਾ ਮਨੁੱਖ ਹੈ ਜੋ ਚੰਦ ਦੀ ਸਤਹ ਉੱਪਰ ਚੱਲ ਫਿਰ ਕੇ ਆਇਆ ਹੈ।

(ਡਾ. ਅਵਤਾਰ ਸਿੰਘ ਢੀਂਡਸਾ)

? ਜਦ ਕਿਸੇ ਵਿਅਕਤੀ ਦੇ ਚੁੱਕ ਪੈ ਜਾਵੇ ਤਾਂ ਆਮ ਚਰਚਾ ਹੈ ਕਿ ਦੋ ਸਕੀਆਂ ਭੈਣਾਂ ਜੋ ਦੋ ਸਕੇ ਭਰਾਵਾਂ ਨੂੰ ਵਿਆਹੀਆਂ ਹੋਣ, ਜੇ ਉਸ ਚੁੱਕ ਪਏ ਵਿਅਕਤੀ ਦੇ ਉੱਪਰ ਦੀ ਤਿੰਨ ਵਾਰ ਲਗਾਤਾਰ ਟੱਪ ਜਾਣ ਤਾਂ ਠੀਕ ਹੋ ਜਾਂਦੀ ਹੈ? (ਰਮਨ, ਢੱਡਰੀਆਂ)

– ਹੋਰ ਟੂਣਿਆਂ ਵਾਂਗ ਇਹ ਵੀ ਇੱਕ ਅੰਧ-ਵਿਸ਼ਵਾਸ ਹੈ। ਅਸਲ ਵਿੱਚ ਕਾਫੀ ਸਾਰੇ ਸਰੀਰਕ ਵਿਗਾੜ ਸਮੇਂ ਨਾਲ ਠੀਕ ਹੋਣ ਵਾਲੇ ਹੁੰਦੇ ਹਨ। ਰੀੜ ਦੀ ਹੱਡੀ ਦਾ ਸਾਧਾਰਨ ਦਰਦ ਆਪਣੇ ਆਪ ਤਿੰਨ ਚਾਰ ਦਿਨ ਵਿੱਚ ਠੀਕ ਹੋ ਜਾਂਦਾ ਹੈ। ਅੰਧ-ਵਿਸ਼ਵਾਸੀ ਵਿਅਕਤੀ ਨੂੰ ਇੰਝ ਲਗਦਾ ਹੈ ਕਿ ਉਹ ਟੂਣੇ ਨਾਲ ਠੀਕ ਹੋ ਗਿਆ। ਸੋ ਇਹ ਇੱਕ ਗੈਰ ਵਿਗਿਆਨਕ ਧਾਰਣਾ ਹੈ।

? ਸਾਡੇ ਇਲਾਕੇ ਵਿੱਚ ਇੱਕ ਅਜਿਹਾ ਬੱਚਾ ਪੈਦਾ ਹੋਇਆ ਹੈ ਜਿਸਦੀ ਇੱਕ ਛੋਟੀ ਜਿਹੀ ਪੂੰਛ ਹੈ। ਕੁੱਝ ਲੋਕ ਉਸਨੂੰ ਅਵਤਾਰ ਦੇ ਰੂਪ ਵਿੱਚ ਪ੍ਰਚਾਰ ਰਹੇ ਹਨ। ਇਹ ਵਰਤਾਰਾ ਕੀ ਹੈ?

(ਜਗਜੀਤ ਸਿੰਘ, ਜਗਰਾਵਾਂ)

– ਇਸ ਵਰਤਾਰੇ ਨੂੰ ਸਰੀਰ ਵਿਗਿਆਨਕ ਭਾਸ਼ਾ ਵਿੱਚ ਪਿਤਰੀ ਸਮਾਨਤਾ (Atavism) ਵਜੋਂ ਜਾਣਿਆ ਜਾਂਦਾ ਹੈ। ਸਾਡੇ ਵੱਡ ਵਡੇਰਿਆਂ ਦੇ ਕਈ ਲੱਛਣ ਜੋ ਲੁਪਤ ਹੋ ਚੁੱਕੇ ਹਨ, ਕਈ ਵਾਰ ਮੁੜ ਪ੍ਰਗਟ ਹੋ ਜਾਂਦੇ ਹਨ। 'ਅਵਤਾਰ' ਦੇ ਰੂਪ ਵਿੱਚ ਪ੍ਰਚਾਰਣ ਵਾਲੇ ਲੋਕਾਂ ਦਾ ਅਸਲ ਵਿੱਚ ਇਸ ਪਿੱਛੇ ਕੋਈ ਸਵਾਰਥ ਕੰਮ ਕਰ ਰਿਹਾ ਹੁੰਦਾ ਹੈ।

? ਜਦ ਵੀ ਮੈਂ ਸੌਂ ਜਾਂਦਾ ਹਾਂ ਤਾਂ ਮੈਨੂੰ ਤੇਜ ਭੱਜਦੀਆਂ ਕਾਰਾਂ, ਸਕੂਟਰਾਂ ਦੇ ਸੁਪਨੇ ਆਉਂਦੇ ਹਨ। ਇੱਥੋਂ ਤੱਕ ਕਿ ਕਈ ਵਾਰ ਮੈਂ ਖੁਦ ਵੀ ਸਕੂਟਰ ਚਲਾ ਰਿਹਾ ਹੁੰਦਾ ਹਾਂ ਜਿਸ ਦੇ ਬਰੇਕ ਫੇਲ੍ਹ ਹੋ ਜਾਂਦੇ ਹਨ, ਅਕਸਰ ਅਜਿਹਾ ਮੇਰੇ ਨਾਲ ਕਿਉਂ ਹੁੰਦਾ ਹੈ?

(ਲਖਵੀਰ ਸਿੰਘ, ਮੁਕਤਸਰ)

– ਪ੍ਰਸਿੱਧ ਮਨੋਵਿਗਿਆਨੀ ਪੈਟਰੀਕੀਆਂ ਗੈਰੀਫੀਲਡ ਦਾ ਕਥਨ ਹੈ ਕਿ ਜਿੱਥੇ ਸੁਪਨੇ ਤੁਹਾਨੂੰ ਤੁਹਾਡੀ ਸਰੀਰਕ ਅਵਸਥਾ ਦੀ ਜਾਣਕਾਰੀ ਦਿੰਦੇ ਹਨ, ਉੱਥੇ ਤੁਹਾਨੂੰ ਸੁਚੇਤ ਵੀ ਕਰਦੇ ਹਨ। ਸੁਪਨਿਆਂ ਦਾ ਸਾਡੇ ਸਰੀਰ ਦੀਆਂ ਗਤੀਵਿਧੀਆਂ ਨਾਲ ਪੂਰਨ ਸੰਬੰਧ ਹੈ। ਉਹ ਕਹਿੰਦੇ ਹਨ ਕਿ ਅਜਿਹੇ ਸੁਪਨਿਆਂ ਸਮੇਂ ਜਿੰਨ੍ਹਾਂ ਦਾ ਸੰਬੰਧ ਦੁਰਘਟਨਾਵਾਂ, ਤੇਜੀ, ਦੌੜ ਭੱਜ ਨਾਲ ਹੈ, ਤੁਹਾਨੂੰ ਕਿਸੇ ਮਨੋਵਿਗਿਆਨੀ ਡਾਕਟਰ ਕੋਲ ਜਾਣਾ ਚਾਹੀਦਾ ਹੈ। ਤੇਜ ਰਫਤਾਰ ਕਾਰਾਂ, ਸਕੂਟਰਾਂ ਦੇ ਸੁਪਨਿਆਂ ਦਾ ਆਉਣਾ ਦਰਸਾਉਂਦਾ ਹੈ ਕਿ ਤੁਸੀਂ ਵਧੇਰੇ ਭੱਜ ਨੱਠ ਕਰਦੇ ਹੋ ਅਤੇ ਹਰ ਸਮੱਸਿਆ ਦਾ ਹੱਲ ਤੁਰੰਤ ਚਾਹੁੰਦੇ ਹੋ। ਨਿੱਕੀ ਨਿੱਕੀ ਗੱਲ ਦਾ ਅਸਰ ਵਧੇਰੇ ਕਬੂਲਦੇ ਹੋ, ਘਬਰਾਉਂਦੇ ਹੋ ਅਤੇ ਜਜ਼ਬਾਤੀ ਹੋ। ਹਰ ਸਮੱਸਿਆ ਦੇ ਹੱਲ ਲਈ ਧੀਰਜ, ਸਬਰ ਤੋਂ ਕੰਮ ਲੈਣਾ ਚਾਹੀਦਾ ਹੈ। ਦਬਾਅ ਮੁਕਤ ਮਨ ਨਾਲ ਜਿੱਥੇ ਅਸੀਂ ਠੀਕ ਫੈਸਲੇ ਲੈਣ ਦੇ ਸਮਰੱਥ ਹੁੰਦੇ ਹਾਂ, ਉੱਥੇ ਸਰੀਰਕ ਸਿਹਤ ਵੀ ਬਣੀ ਰਹਿੰਦੀ ਹੈ। ਮਾਨਸਿਕ ਸਿਹਤ ਨੂੰ ਸਾਵਾਂ ਰੱਖਣ ਨਾਲ ਅਜਿਹੇ ਸੁਪਨੇ ਨਹੀਂ ਆਉਣਗੇ। ਤੁਸੀਂ ਸਰੀਰ ਤੋਂ ਉਸਦੀ ਸਮਰੱਥਾ ਨਾਲੋਂ ਵੱਧ ਕੰਮ ਲੈਂਦੇ ਹੋ। ਇਹ ਸੁਪਨੇ ਤੁਹਾਨੂੰ ਇੱਕ ਚਿਤਾਵਨੀ ਹਨ। ਜੀਵਨ ਵਿੱਚ ਸਮਤੋਲ (ਕੰਮ ਅਤੇ ਆਰਾਮ

ਖ਼ਬਰ ਹੈ ਕਿ

ਧਰਮ ਗੁਰੂਆਂ ਦੇ ਕਾਲੇ ਕਾਰਨਾਮੇ

ਬੇਪਰਦ ਹੋਇਆ ਇੱਕ ਹੋਰ ਸੰਤ ਸਵਾਮੀ ਨੀਲਕੰਠ ਦੀ ਅਸ਼ਲੀਲ ਸੀ.ਡੀ. :

ਗੁਜਰਾਤ ਦੇ ਪ੍ਰਸਿੱਧ ਸਵਾਮੀ ਨਰਾਇਣ ਸੰਪਰਦਾ ਦੇ ਇੱਕ ਸੰਤ ਦੀ ਪੁਲਿਸ ਨੇ ਸੀ.ਡੀ. ਫੋਰੈਂਸਿਕ ਸਾਇੰਸਲੈਬ ਵਿੱਚ ਭੇਜੀ ਹੈ ਜਿਸ ਵਿੱਚ ਇਸ ਸੰਤ ਦੀ ਇੱਕ ਕਾਲਗਰਲ ਨਾਲ ਅਸ਼ਲੀਲ ਕਲਿਪਿੰਗ ਹੈ। ਇਹ ਕਲਿਪਿੰਗ ਕਰਨ ਵਾਲੇ ਤਿੰਨ ਨੌਜਵਾਨਾਂ ਨੇ ਖੁਲਾਸਾ ਕੀਤਾ ਕਿ ਗਾਂਧੀਨਗਰ ਦੇ ਨੇੜੇ ਕਲੋਲ ਤਹਿਸੀਲ ਦੇ ਸਾਈਜ ਪਿਡ ਦੇ ਸਵਾਮੀ ਨਰਾਇਣ ਵਿਸ਼ਵ ਮੰਗਲ ਗੁਰੂਕੁਲ ਦੇ ਸਵਾਮੀ ਨੀਲਕੰਠ ਤੇ ਦੋਸ਼ ਹੈ ਕਿ ਉਹ ਹਰ ਹਫਤੇ ਆਪਣੇ ਆਸ਼ਰਮ ਵਿੱਚ ਨਵੀਂ ਕਾਲ ਗਰਲ ਬੁਲਾਉਂਦਾ ਹੈ। ਹਰ ਕਾਲ ਗਰਲ ਦੇ ਬਦਲੇ ਉਹ ਦਲਾਲ ਨੂੰ 10 ਹਜਾਰ ਰੁਪਏ ਦਿੰਦਾ ਹੈ। 15 ਸਾਲ ਤੋਂ ਗੁਰੂਕੁਲ ਵਿੱਚ ਰਹਿ ਰਹੇ ਇਸ ਸਵਾਮੀ ਦਾ ਇਹ ਧੰਦਾ ਕਾਫੀ ਸਮੇਂ ਤੋਂ ਚੱਲ ਰਿਹਾ ਹੈ। ਹਰ ਹਫਤੇ ਉਹ ਨਵੀਂ ਲੜਕੀ ਦੀ ਮੰਗ ਕਰਦਾ ਹੈ। ਪਹਿਲਾਂ ਵੀ ਇਸ ਸੰਪਰਦਾ ਦੇ ਸੰਤਾਂ ਦੀ ਕਾਮ ਲੀਲਾ ਦੇ ਕਾਫੀ ਕਿੱਸੇ ਉਜਾਗਰ ਹੋ ਚੁੱਕੇ ਹਨ।ਅਹਿਮਦਾਬਾਦ ਦੇ ਇੱਕ ਸੰਤ ਤੇ ਤਾਂ ਚਾਹ ਦੇਣ ਆਸ਼ਰਮ ਆਉਣ ਵਾਲੇ ਇੱਕ ਲੜਕੇ ਨਾਲ ਬਦਫੈਲੀ ਕਰਨ ਦਾ ਮਾਮਲਾ ਵੀ ਉਜਾਗਰ ਹੋਇਆ ਸੀ।

ਬਲਾਤਕਾਰ ਦੇ ਮਾਮਲੇ ਵਿੱਚ ਸਾਧ ਅਤੇ ਦੋ ਸੇਵਾਦਾਰਾਂ ਨੂੰ 7-7 ਸਾਲ ਦੀ ਸਜ਼ਾ :

ਬਲਾਤਕਾਰ ਦੇ ਮਾਮਲੇ ਵਿੱਚ ਇੱਕ ਡੇਰੇ ਦੇ ਮੁਖੀ ਅਤੇ ਉਸ ਦੇ ਦੋ ਸੇਵਾਦਾਰਾਂ ਨੂੰ 7-7 ਸਾਲ ਦੀ ਕੈਦ ਅਤੇ 10-10 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਗੁਰਦਾਸਪੁਰ ਦੀ ਵਧੀਕ ਸੈਸ਼ਨ ਜੱਜ ਬਲਜਿੰਦਰ ਸਿੱਧੂ ਦੀ ਅਦਾਲਤ ਨੇ ਇਹ ਸਜ਼ਾ ਸੁਣਾਈ ਹੈ। ਬਲਾਤਕਾਰ ਦੀ ਪੀੜਤ ਔਰਤ ਨੇ ਦੋਸ਼ੀਆਂ ਵਿਰੁੱਧ 7 ਜਨਵਰੀ 2012 ਨੂੰ ਪੁਲਿਸ ਥਾਣਾ ਕਾਹਨੂੰਵਾਨ ਵਿਖੇ ਇਹ ਮਾਮਲਾ ਦਰਜ ਕਰਵਾਇਆ ਸੀ। ਉਸ ਔਰਤ ਦੇ ਵਿਆਹ ਨੂੰ ਪੰਜ ਸਾਲ ਹੋ ਚੁੱਕੇ ਸਨ। ਉਸਦੇ ਕੋਈ ਔਲਾਦ ਨਹੀਂ ਸੀ ਹੋਈ। ਉਸ ਨੇ ਦੱਸਿਆ ਕਿ ਉਹ ਆਪਣੇ ਪਤੀ ਨਾਲ ਪਿੰਡ ਸੈਦਪੁਰ ਹਰਨੀ ਵਿਖੇ ਇਸ ਡੇਰੇ ਤੇ ਜਾਇਆ ਕਰਦੀ ਸੀ। ਉਹ ਡੇਰੇ ਦੇ ਬਾਬੇ, ਉਸ ਦੇ ਕੁੱਝ ਚੇਲਿਆਂ ਅਤੇ ਹੋਰ ਲੋਕਾਂ ਨਾਲ ਇੱਕ ਧਾਰਮਿਕ ਯਾਤਰਾ ਤੇ ਚਲੀ ਗਈ। ਯਾਤਰਾ ਦੇ ਤੀਜੇ ਦਿਨ ਬਾਬੇ ਨੇ ਉਸਨੂੰ ਨਸ਼ੀਲੀਆਂ ਦਵਾਈਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਨੀਮ ਬੇਹੋਸ਼ੀ ਦੀ ਹਾਲਤ ਵਿੱਚ ਉਸ ਨਾਲ ਬਲਾਤਕਾਰ ਕੀਤਾ। ਉਸ ਦੇ ਪਤੀ ਨੇ ਪੁਲਿਸ ਦੀ ਮੱਦਦ ਨਾਲ ਉਸ ਨੂੰ ਡੇਰੇ ਦੇ ਕਬਜ਼ੇ ਵਿੱਚੋਂ ਛੁਡਾਇਆ।

ਇਲਾਜ ਕਰਨ ਦੇ ਬਹਾਨੇ ਸਾਧ ਲੜਕੇ ਨੂੰ ਲੈ ਕੇ ਫਰਾਰ :

ਰੋੜੀ ਥਾਵਾ ਦੇ ਪਿੰਡ ਮੱਤੜ ਵਿਖੇ ਇੱਕ ਸਾਧ ਇੱਕ ਬਿਮਾਰ ਲੜਕੇ ਨੂੰ ਇਲਾਜ ਕਰਨ ਦੇ ਬਹਾਨੇ ਲੈ ਕੇ ਫਰਾਰ ਹੋ ਗਿਆ। ਪੁਲਿਸ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਉਣ ਵਾਲੇ ਲੜਕੇ ਦੇ ਚਾਚੇ ਜੱਗਾ ਸਿੰਘ ਦੇ ਅਨੁਸਾਰ ਉਸਦਾ ਭਤੀਜਾ ਹਰਦੀਪ ਉਰਫ ਦੀਪੂ ਕਾਫੀ ਸਮੇਂ ਤੋਂ ਮਾਨਸਿਕ ਤੌਰ ਤੇ ਬਿਮਾਰ ਸੀ। ਰੋੜੀ ਦੇ ਇੱਕ ਡੇਰੇ ਵਿੱਚ ਇੱਕ ਸਾਧ ਆਇਆ ਜੋ ਇਹ ਪ੍ਰਚਾਰ ਕਰਦਾ ਸੀ ਕਿ ਉਹ ਮਾਨਸਿਕ ਰੋਗੀਆਂ ਦਾ ਇਲਾਜ ਕਰਦਾ ਹੈ। ਸਾਧ ਨੇ ਕਿਹਾ ਕਿ ਇਸ ਲੜਕੇ ਤੇ ਭੂਤ ਪ੍ਰੇਤ ਦਾ ਸਾਇਆ ਹੈ ਅਤੇ ਕੁੱਝ ਦਿਨ ਉਸਨੇ ਲੜਕੇ ਨੂੰ ਉਸਦੇ ਕੋਲ ਛੱਡਣ ਲਈ ਕਿਹਾ। ਲੜਕੇ ਦੇ ਸੰਬੰਧੀ ਇਕ ਦਿਨ ਜਦੋਂ ਲੜਕੇ ਦਾ ਪਤਾ ਲੈਣ ਡੇਰੇ ਪਹੁੰਚੇ ਤਾਂ ਉਹ ਹੱਕੇ ਬੱਕੇ ਰਹਿ ਗਏ - ਸਾਧ ਲੜਕੇ ਨੂੰ ਲੈ ਕੇ ਫਰਾਰ ਹੋ ਚੁੱਕਾ ਸੀ।

ਅੰਧ-ਵਿਸ਼ਵਾਸ਼ ਦੀ ਇੰਤਹਾ : ਭਗਵਾਨ ਨਾਲ ਮੁਲਾਕਾਤ ਕਰਨ ਦੇ ਚੱਕਰ ਵਿੱਚ 5 ਮਰੇ : ਰਾਜਸਥਾਨ ਦੇ ਸਵਾਈ ਮਾਧੋਪੁਰ ਜਿਲ੍ਹੇ ਵਿੱਚ ਅੰਧ ਵਿਸ਼ਵਾਸ ਨੇ ਇੱਕ ਟੱਬਰ ਦੇ 5 ਜੀਆਂ ਦੀ ਜਾਨ ਲੈ ਲਈ ਅਤੇ ਤਿੰਨ ਮੈਂਬਰ ਜਿੰਦਗੀ-ਮੌਤ ਦੀ ਲੜਾਈ ਲੜ ਰਹੇ ਹਨ। ਘਟਨਾ ਗੰਗਾਪੁਰ ਸਿਟੀ ਦੀ ਨਸੀਆ ਕਲੋਨੀ ਦੀ ਹੈ। ਪ੍ਰਮਾਤਮਾ ਨਾਲ ਮੁਲਾਕਾਤ ਦੀ ਠਾਣ ਕੇ ਪਰਵਾਰ ਦੇ ਮੁਖੀ ਕੰਚਨ ਸਿੰਘ ਰਾਜਪੂਤ ਸਮੇਤ 9 ਜੀਆਂ ਨੇ ਘਰ ਵਿੱਚ ਹਵਨ ਯੱਗ ਤੋਂ ਬਾਅਦ ਰਾਤ ਇਕ ਵਜੇ ਲੱਡੂਆਂ ਵਿੱਚ ਜਹਿਰ ਮਿਲਾ ਕੇ ਖਾ ਲਿਆ। ਘਰ ਦਾ ਮੁਖੀ ਕੈਮਰਾਮੈਨ ਸੀ ਅਤੇ ਉਸਨੇ ਸਾਰੇ ਘਟਨਾਕ੍ਰਮ ਨੂੰ ਵੀਡਿਓ ਕੈਮਰੇ ਵਿੱਚ ਕੈਦ ਕਰਨ ਦੀ ਵਿਵਸਥਾ ਕੀਤੀ ਹੋਈ ਸੀ। ਢਾਈ ਵਜੇ ਤੱਕ ਸਾਰੇ ਮੈਂਬਰ ਬੇਹੋਸ਼ ਹੋ ਗਏ। ਪਰਿਵਾਰ ਦੀ ਇੱਕ ਮੈਂਬਰ ਰਸ਼ਮੀ ਨੂੰ ਉਲਟੀ ਆਉਣ ਤੋਂ ਬਾਅਦ ਹੋਸ਼ ਆ ਗਈ ਅਤੇ ਉਸ ਨੇ ਗੁਆਂਢੀਆਂ ਨੂੰ ਬੁਲਾ ਕੇ ਘਰ ਦੇ 3 ਮੈਂਬਰਾਂ ਨੂੰ ਹਸਪਤਾਲ ਪਹੁੰਚਾਇਆ ਜਦ ਕਿ 5 ਮੈਂਬਰ ਪਹਿਲਾਂ ਹੀ ਮਰ ਚੁੱਕੇ ਸਨ। ਅੰਧ ਵਿਸ਼ਵਾਸ ਦੀ ਇੰਤਹਾ ਵੇਖੋ ਕਿ ਜਿਸ ਦੀ ਹੋਂਦ ਹੀ ਨਹੀਂ, ਉਸ ਦੀ ਪ੍ਰਾਪਤੀ ਲਈ ਅੰਧ-ਵਿਸ਼ਵਾਸ਼ ਵਿੱਚ ਗ੍ਰਸਿਆ ਹੋਣ ਕਾਰਨ ਇਕ ਹਸਦਾ-ਵਸਦਾ ਪਰਿਵਾਰ ਉਜੜ ਗਿਆ।

ਖ਼ੋਜ ਖ਼ਬਰ

ਨਿੰਬੂ ਨੂੰ ਵਿਟਾਮਿਨ ਸੀ ਦੇ ਚੰਗੇ ਸਰੋਤਾਂ ਵਜੋਂ ਮੰਨਿਆ ਜਾਂਦਾ ਹੈ। ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਵਿਟਾਮਿਨ ਸੀ ਨਾਲ ਟੀਬੀ ਜਾਂ ਇਸ ਵਰਗੀਆਂ ਹੋਰ ਬਿਮਾਰੀਆਂ ਦਾ ਇਲਾਜ ਕੀਤਾ ਜਾ ਸਕਦਾ ਹੈ, ਜਿਨ੍ਹਾਂ ਤੇ ਕੁਝ ਤਾਕਤਵਰ ਦਵਾਈਆਂ ਵੀ ਕਾਰਗਰ ਸਾਬਤ ਨਹੀਂ ਹੁੰਦੀਆਂ। ਯੇਸ਼ਿਵਾ ਯੂਨੀਵਰਸਿਟੀ ਦੇ ਖ਼ੋਜ ਕਰਤਾਵਾਂ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਇਸ ਸਮੇਂ ਦੁਨੀਆਂ ਭਰ ਵਿੱਚ ਟੀਬੀ ਦੇ ਤਕਰੀਬਨ ਸਾਢੇ 6 ਲੱਖ ਮਰੀਜ਼ ਹਨ। ਹੁਣ ਇਹ ਜਰੂਰਤ ਮਹਿਸੂਸ ਕੀਤੀ ਜਾ ਰਹੀ ਹੈ ਕਿ ਇਸ ਦੇ ਇਲਾਜ ਲਈ ਵਿਟਾਮਿਨ ਸੀ ਦੀ ਵਰਤੋਂ ਇੱਕ ਦਵਾਈ ਦੇ ਰੂਪ 'ਚ ਕਰਨੀ ਫਾਇਦੇਮੰਦ ਰਹੇਗੀ। ਖ਼ੋਜ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਵਿਟਾਮਿਨ ਸੀ ਸਰੀਰ ਵਿੱਚ ਕੁਝ ਅਜਿਹੇ ਤੱਤਾਂ ਦੀ ਪੈਦਾਵਾਰ ਨੂੰ ਤੇਜ਼ ਕਰਦਾ ਹੈ ਜੋ ਟੀਬੀ ਦੇ ਰੋਗ ਨੂੰ ਖ਼ਤਮ ਕਰਦੀ ਹੈ। ਇਹ ਪਦਾਰਥ ਫਰੀ ਰੇਡੀਕਲਜ਼ ਦੇ ਨਾਂ ਨਾਲ ਜਾਦੇ ਹਨ। ਇਹ ਉਸ ਰੂਪ ਵਿੱਚ ਵੀ ਕਾਰਗਰ ਹੁੰਦੇ ਹਨ ਜਿੱਥੇ ਪਾਰੰਪਰਕ ਦਵਾਈਆਂ ਦਾ ਅਸਰ ਖ਼ਤਮ ਹੋ ਜਾਂਦਾ ਹੈ।

ਸੰਭਾਵਨਾਵਾਂ: ਡਾਕਟਰ ਵਿਲੀਅਮ ਜੈਕਬਜ਼ ਯੇਸ਼ਵਾ ਯੂਨੀਵਰਸਿਟੀ ਵਿੱਚ ਆਈਨਸਟਾਈਨ ਕਾਲਿਜ ਆਫ਼ ਮੈਡੀਸਨ ਦੇ ਪ੍ਰੋਫੈਸਰ ਹਨ, ਜਿੰਨ੍ਹਾਂ ਨੇ ਇਸ ਖ਼ੋਜ ਕਾਰਜ ਦੀ ਅਗਵਾਈ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਸੀਂ ਹੁਣ ਤੱਕ ਇਸ ਨੂੰ ਟੈਸਟ ਟਿਊਬ ਵਿੱਚ ਹੀ ਦਿਖਾਉਣ ਦੇ ਕਾਮਯਾਬ ਹੋਏ ਹਾਂ ਜਦਕਿ ਇਸ ਦੇ ਨਤੀਜੇ ਬਾਅਦ ਵਿੱਚ ਵੇਖਣ ਨੂੰ ਮਿਲਣਗੇ। ਉਨ੍ਹਾਂ ਦੱਸਿਆ ਕਿ ਇਸ ਗੱਲ ਤੇ ਵਿਚਾਰ ਕਰਨ ਲਈ ਇਹ ਮਹੱਤਵਪੂਰਨ ਅਧਿਐਨ ਹੋਵੇਗਾ ਕਿਉਂਕਿ ਸਾਡੇ ਕੋਲ ਟੀਬੀ ਦਾ ਨਮੂਨਾ ਹੈ। ਇਸ ਲਈ ਸਾਡੇ ਕੋਲ ਕੋਈ ਦਵਾਈ ਨਹੀਂ ਤੇ ਅਸੀਂ ਪ੍ਰਯੋਗਸ਼ਾਲਾ ਵਿੱਚ ਵੇਖਿਆ ਕਿ ਟੀਬੀ ਦੇ ਇਨ੍ਹਾਂ ਨਮੂਨਿਆਂ ਨੂੰ ਵਿਟਾਮਿਨ ਸੀ ਅਸਰਹੀਣ ਕਰ ਦਿੰਦਾ ਹੈ। ਉਨ੍ਹਾਂ ਦੇ ਕਥਨ ਅਨੁਸਾਰ ਇਹ ਸਭ ਨੂੰ ਪਤਾ ਹੈ ਕਿ ਵਿਟਾਮਿਨ ਸੀ ਸਸਤਾ ਹੈ ਤੇ ਆਸਾਨੀ ਨਾਲ ਉਪਲਬਧ ਹੈ ਤੇ ਇਸ ਦੀ ਵਰਤੋਂ ਕਰਨਾ ਵੀ ਸੁਰੱਖਿਅਤ ਹੈ। ਅਖੀਰ 'ਚ ਸਭ ਤੋਂ ਚੰਗੀ ਗੱਲ ਇਹ ਹੈ ਕਿ ਟੈਸਟ ਵਿੱਚ ਅਸੀਂ ਇਹ ਖ਼ੋਜਿਆ ਕਿ ਇਸ ਤਰੀਕੇ ਨਾਲ ਟੀਬੀ ਦੇ ਇਲਾਜ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਇਆ ਜਾ ਸਕਦਾ ਹੈ।

ਇਲੈਕਟ੍ਰਾਨਿਕ ਯੰਤਰਾਂ ਦਾ ਦੁਰਪ੍ਰਭਾਵ : ਆਧੁਨਿਕ ਜੀਵਨ ਸ਼ੈਲੀ ਨੇ ਕੰਪਿਊਟਰਾਂ, ਮੋਬਾਈਲ ਫੋਨਾਂ ਤੇ ਰਸਾਇਣਾਂ ਦੀ ਅੰਨ੍ਹੇਵਾਹ ਵਰਤੋਂ ਕਾਰਣ ਲੋਕਾਂ ਨੂੰ ਛੋਟੀ ਉਮਰੇ ਹੀ ਪਾਗਲਪਣ ਤੇ ਹੋਰ ਦਿਮਾਗ਼ੀ ਬਿਮਾਰੀਆਂ ਆਪਣੀ ਜਕੜ ਵਿੱਚ ਲੈ ਰਹੀਆਂ ਹਨ। ਹਾਲੀਆ ਅਧਿਐਨ ਵਿੱਚ ਇਹ ਖੁਲਾਸਾ ਹੋਇਆ ਹੈ ਕਿ ਕਮਲਵਾ ਤੇ ਹੋਰ ਦਿਮਾਗ਼ੀ ਬਿਮਾਰੀਆਂ ਕਾਰਣ 75 ਸਾਲ ਦੀ ਉਮਰ ਤੋਂ ਘੱਟ ਉਮਰ ਦੇ ਲੋਕਾਂ ਦੀਆਂ ਹੋ ਰਹੀਆਂ ਮੌਤਾਂ ਅਜਿਹੀ ਹਾਲਤ ਦੀ ਮਿਸਾਲ ਹਨ। ਇਹ ਗਿਣਤੀ ਇਸ ਕਰਕੇ ਵਧ ਰਹੀ ਹੈ ਕਿਉਂਕਿ ਵੱਡੀ ਗਿਣਤੀ ਵਿੱਚ ਬਜ਼ੁਰਗ ਲੋਕ ਅਜਿਹੇ ਹਾਲਾਤ ਦੀ ਗ੍ਰਿਫ਼ਤ ਵਿੱਚ ਆ ਰਹੇ ਹਨ। ਸਭ ਤੋਂ ਡਰਾਉਣੀ ਗੱਲ ਇਹ ਹੈ ਕਿ ਇਹ ਸਾਰਾ ਕੁਝ ਛੋਟੀ ਉਮਰ ਤੋਂ ਹੀ ਸ਼ੁਰੂ ਹੋ ਰਿਹਾ ਹੈ ਤੇ 55 ਸਾਲ ਤੋਂ ਘੱਟ ਉਮਰ ਦੇ ਲੋਕਾਂ ਉੱਪਰ ਅਸਰ ਕਰ ਰਿਹਾ ਹੈ।

ਪਬਲਿਕ ਹੈਲਥ ਨਾਂ ਦੀ ਪੱਤਰਿਕਾ ਵਿੱਚ ਛਪੀ ਇੱਕ ਅਧਿਐਨ ਰਿਪੋਰਟ ਅਨੁਸਾਰ ਸਭ ਤੋਂ ਵੱਡੇ 10 ਪੱਛਮੀਂ ਮੁਲਕਾਂ ਵਿੱਚੋਂ ਅਮਰੀਕਾ ਵਿੱਚ ਸਭ ਤੋਂ ਵੱਧ ਮੌਤਾਂ ਦਿਮਾਗ਼ੀ ਨੁਕਸਾਨ ਤੇ ਵਿਗਾੜਾਂ ਕਰਕੇ ਹੋਈਆਂ ਹਨ। 1979 ਤੋਂ 2010 ਤੱਕ ਅਮਰੀਕਾ ਵਿੱਚ 66 ਫੀਸਦੀ ਆਦਮੀਂ ਤੇ 92 ਫੀਸਦੀ ਔਰਤਾਂ ਇਸ ਤਰ੍ਹਾਂ ਦੀ ਮੌਤ ਦਾ ਸ਼ਿਕਾਰ ਬਣੇ। ਬਰਤਾਨੀਆ ਇਸ ਸਿਲਸਿਲੇ ਵਿੱਚ ਚੌਥਾ ਸਭ ਤੋਂ ਵੱਡਾ ਦੇਸ਼ ਹੈ ਜਿੱਥੇ ਅਜਿਹੇ ਕਾਰਣਾਂ ਕਰਕੇ ਹੀ 32 ਫੀਸਦੀ ਮਰਦਾਂ ਤੇ 40 ਫੀਸਦੀ ਔਰਤਾਂ ਦੀਆਂ ਮੌਤਾਂ ਹੋਈਆਂ ਹਨ। 16 ਦੇਸ਼ਾਂ ਨੂੰ ਇਸ ਖ਼ੋਜ ਕਾਰਜ ਅਧੀਨ ਲਿਆਉਣ ਉਪਰੰਤ ਇਹ ਤੱਥ ਸਾਹਮਣੇ ਆਇਆ ਹੈ ਕਿ ਜਿੱਥੇ ਹੋਰ ਕਾਰਣਾਂ ਕਰਕੇ ਹੁੰਦੀਆਂ ਮੌਤਾਂ ਵਿੱਚ ਵੱਡੀ ਗਿਰਾਵਟ ਆਈ ਹੈ, ਉੱਥੇ ਇਲੈਕਟ੍ਰਾਨਿਕ ਯੰਤਰਾਂ ਦੇ ਬੇਹਿਸਾਬ ਵਾਧੇ, ਮਾਈਕ੍ਰੋਵੇਵਜ਼, ਟੀ.ਵੀ., ਮੋਬਾਈਲ ਫੋਨ ਨੇ ਅਸਧਾਰਣ ਬਣਾਏ ਹਾਲਾਤਾਂ ਨਾਲ ਦਿਮਾਗ਼ੀ ਮੌਤਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਕੀਤਾ ਹੈ। ਅਜਿਹੀਆਂ ਹਾਲਤਾਂ ਕਰਕੇ ਹੀ ਕੈਂਸਰ ਦਾ ਹੋਣਾ ਆਮ ਹੋ ਗਿਆ ਹੈ ਤੇ ਦਮਾ ਮੁੜ ਤੋਂ ਵਾਪਸ ਆ ਰਿਹਾ ਹੈ। ਵੀਰਜ਼ 'ਚੋਂ ਸ਼ੁਕਰਾਣੂਆਂ ਦੀ ਗਿਣਤੀ ਘਟ ਰਹੀ ਹੈ ਤੇ ਠੀਕ ਨਾ ਹੋਣ ਵਾਲੀਆਂ ਬਿਮਾਰੀਆਂ ਦੀ ਗਿਣਤੀ ਵਧ ਰਹੀ ਹੈ। ਇਸ ਦਾ ਮੁੱਖ ਕਾਰਣ ਅਜੋਕੇ ਮਨੁੱਖ ਦੀ ਜਿਉਣ ਸ਼ੈਲੀ ਤੇ ਪ੍ਰਦੂਸ਼ਿਤ ਹੋ ਰਿਹਾ ਵਾਤਾਵਰਣ ਹੈ।

ਸ੍ਰੋਤ: ਇੰਟਰਨੈੱਟ



ਵਹਾਅ ਨੂੰ ਬਦਲ ਦੇਵੇਂਗਾ, ਜਦੋਂ ਤੂੰ ਕਾਫ਼ਲਾ ਬਣਿਆ।
ਇਰਾਦਾ ਪਰਬਤਾਂ ਜਿੱਡਾ, ਲਹੂ ਨੂੰ ਖ਼ੌਲਦਾ ਰੱਖੀਂ।

ਕੁਲਵਿੰਦਰ ਬੱਛੋਆਣਾ
84277-17867

ਕੰਡੇ ਉੱਤੇ ਖ਼ੁਰਦਾ ਵੀ ਰੁੱਖ਼,
ਬੰਨ੍ਹੀ ਰੱਖਦਾ ਵਹਿਣਾਂ ਨੂੰ।
ਐਵੇਂ ਨੀ ਹਰ ਵਹਿਣ 'ਚ ਵਹਿ ਕੇ,
ਆਪਣਾ ਮੂਲ ਗਵਾਈ ਦਾ।

ਪ੍ਰੋ. ਸਾਧੂ ਸਿੰਘ
98883-50229

ਤੁਰਨਾ ਹਰਦਮ ਜਾਰੀ ਰੱਖੀਂ,
ਪਰ ਬੋਝਾ ਨਾ ਭਾਰੀ ਰੱਖੀਂ।
ਬੋਲ ਉਚਾਰੀਂ ਮਿਸਰੀ ਵਰਗੇ
ਪਰ ਚੋਟ ਕਰਾਰੀ ਰੱਖੀਂ।

ਮੁਰੀਦ ਸੰਧੂ, 93575-44440

ਇਹ ਹਨੇਰੇ ਮਿਟਣ ਤੇ ਵਧੇ ਚਾਨਣਾ,
ਬਣ ਕੇ ਸੂਰਜ ਸਦਾ ਫੇਰਾ ਪਾਉਂਦਾ ਰਹੀਂ।
ਜਿਨ੍ਹਾਂ ਲੋਕਾਂ ਨੂੰ ਚਾਨਣ ਦੀ ਲੋਅ ਨਾ ਮਿਲੀ,
ਉਨ੍ਹਾਂ ਲੋਕਾਂ ਲਈ ਦੀਵੇ ਜਗਾਉਂਦਾ ਰਹੀਂ।

ਬਲਜੀਤ ਪਾਲ ਸਿੰਘ
94173-24432

ਹਾਰੇ ਹੰਭੇ ਜਦ ਕਦੇ, ਇੱਕ ਥਾਂ ਇਕੱਤਰ ਹੋਣਗੇ,
ਵੇਖਣਾ ਉਦੋਂ, ਇਹ ਸਾਰੇ ਹੀ ਸਿਕੰਦਰ ਹੋਣਗੇ।

ਰਣਜੀਤ ਸਰਾਂਵਾਲੀ

ਪਰਾਂ ਨੂੰ ਤੋਲਣਾ ਸਿੱਖ ਲਓ, ਉਡਾਰੀ ਲਾਉਣ ਤੋਂ ਪਹਿਲਾਂ,
ਨਹੀਂ ਤਾਂ ਡਗਮਗਾਉਗੇ, ਬੇਗ਼ਾਨੇ ਅੰਬਰਾਂ ਉੱਤੇ।

ਸੁਖਦੇਵ ਅਬੋਹਰ, 94172-53110

ਬੰਦੇ ਨੇ ਇਨਸਾਨ ਨਹੀਂ ਬਣਨਾ, ਹਾਲੇ ਕਿੰਨੀ ਦੇਰ,
ਜਿੰਨਾ ਮਜ਼੍ਹਬ ਦਾ ਗਲਬਾ ਵਧਿਆ, ਓਨਾ ਹੋਰ ਹਨੇਰ।

ਗੁਰਚਰਨ ਨੂਰਪੁਰ
98550-51099

ਧਰਤੀ ਉੱਤੇ ਪੈਰ ਟਿਕਾਅ ਕੇ, ਅੰਬਰ ਵੱਲ ਉਡਾਰੀ ਰੱਖੀਂ।
ਆਖ਼ਿਰ ਚੋਟੀ ਸਰ ਕਰਨੀ ਹੈ, ਦਿਲ ਵਿੱਚ ਪੱਕੀ ਧਾਰੀ ਰੱਖੀਂ।

ਅਮਰ ਸੂਫੀ
98555-43660

ਬੱਚਿਆਂ ਦੇ ਨਾਂ ਰੱਖੋ ਯਾਰੋ,
ਸੂਰਮਿਆਂ ਦੇ ਨਾਵਾਂ ਵਰਗੇ।
ਅੱਜ ਦੇ ਗੁਣੀ ਗਿਆਨੀ ਬਹੁਤੇ,
ਦਿਸਦੇ ਤੋਤੇ ਕਾਵਾਂ ਵਰਗੇ।

ਕਰਮ ਸਿੰਘ ਜ਼ਖ਼ਮੀ
98885-28027

ਉਨ੍ਹਾਂ ਦਾ ਵੀ ਤੂੰਈਓਂ 'ਰੱਬ' ਏਂ, ਏਹਦਾ ਅੱਜ ਜਵਾਬ ਤਾਂ ਦੇ
ਈਦਾਂ ਵਾਲੇ ਦਿਨ ਵੀ ਜਿਹੜੇ, ਕਰਨ ਦਿਹਾੜੀ ਜਾਂਦੇ ਨੇ।
ਜਿੰਨ੍ਹਾਂ ਦੇ ਗਲ ਲੀਰਾਂ ਪਈਆਂ, ਉਨ੍ਹਾਂ ਵੱਲ ਤਕਦੇ ਨਈਂ।
ਕਬਰਾਂ ਉੱਤੇ ਤਿੱਲੇ ਜੜੀਆਂ, ਚੱਦਰਾਂ ਚਾੜ੍ਹੀ ਜਾਂਦੇ ਨੇ।

ਬਾਬਾ ਨਜ਼ਮੀ (**ਪਰਮਿੰਦਰ ਸ਼ੋਖਰ**)
84270-07143

ਇਹ ਅਗਨੀ ਜੋ ਕਾਹਲੀ ਹੈ ਕੁਝ ਸਾੜਨ ਨੂੰ,
ਇਹ ਜੋਤੀ ਦੇ ਰੂਪ 'ਚ ਵੀ ਜਗ ਸਕਦੀ ਹੈ।
ਹਰ ਬੰਦੇ ਦੇ ਸੀਨੇ ਵਿਚ ਹੈ ਚਿੰਗਾਰੀ,
ਜੇ ਚਾਹੇ ਤਾਂ ਚਿੰਗਾਰੀ ਮਘ ਸਕਦੀ ਹੈ।

ਜਗਤਾਰ ਸਾਲਮ (**ਬੂਟਾ ਸਿੰਘ ਵਾਕਫ਼**)
98762-24461

ਮੁਫ਼ਤ ਵਿੱਦਿਆ ਤੇ ਲਾਰੇ ਲੈਪਟਾਪ ਦੇ,
ਚੀਸਾਂ ਦੀ ਫ਼ਸਲ ਵੱਢਦੇ।

ਜਗਸੀਰ ਜੀਦਾ
94173-33203

ਇਸ ਕਾਲਮ ਵਿੱਚ ਸ਼ਿਰਕਤ ਕਰਨ ਲਈ ਸ਼ੇਅਰ/ਰਚਨਾ ਦੇ ਨਾਂ ਨਾਲ ਮੂਲ ਲੇਖਕ ਦਾ ਨਾਂ ਜ਼ਰੂਰ ਲਿਖਿਆ ਜਾਵੇ। ...ਅਦਾਰਾ

ਮੁਹਿੰਮਾਂ

ਅਵਤਾਰ ਗੋਂਦਾਰਾ



ਜਥੇਬੰਦੀਆਂ 'ਚ ਕੰਮ ਕਰਦਿਆਂ, ਰੋਜ ਮਰਰਾ ਦੀਆਂ ਸਰਗਰਮੀਆਂ ਦੇ ਨਾਲ ਨਾਲ ਵਿਸ਼ੇਸ਼ ਮੁਹਿੰਮਾਂ ਦੀ ਬੜੀ ਅਹਿਮੀਅਤ ਹੁੰਦੀ ਹੈ। ਇਸ ਨਾਲ ਸੁੱਤੀਆਂ ਸਫਾਂ ਨੂੰ ਜਗਾਇਆ ਅਤੇ ਜਾਗਦੀਆਂ ਨੂੰ ਤੋਰਨ ਲਈ ਪ੍ਰੇਰਿਆ ਜਾ ਸਕਦਾ ਹੈ। ਇਸ ਲਈ, ਸਮੇਂ ਸਿਰ ਢੁਕਵੇਂ ਮੁੱਦਿਆਂ ਤੇ ਜਥੇਬੰਦੀ ਦੇ ਪ੍ਰਸਾਰ ਲਈ ਅਜਿਹੀਆਂ ਮੁਹਿੰਮਾਂ ਵਿਢਦੇ ਰਹਿਣਾ ਚਾਹੀਦਾ ਹੈ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨ-ਕੋਸ਼ ਅਨੁਸਾਰ ਮੁਹਿੰਮ ਦਾ ਅਰਥ ਹੈ- 1-ਹੱਮ (ਫਿਕਰ) 'ਚ ਪਾਉਣ ਵਾਲਾ ਕੰਮ ਜਾਂ 2-ਦੁਸ਼ਮਣ ਨੂੰ ਫਤਿਹ ਕਰਨ ਲਈ ਫੌਜ ਦਾ ਲੈ ਕੇ ਜਾਣਾ। ਇਉਂ, ਬੇਫਿਕਰੀ ਦੇ ਆਲਮ ਨੂੰ ਤੋੜਨ ਲਈ ਮੁਹਿੰਮਾਂ ਕਾਰਗਾਰ ਜਰੀਆ ਹਨ।

ਪਦਾਰਥਵਾਦੀ ਸੋਚ ਦੇ ਧਾਰਣੀ, ਕਈ ਕਾਰਕੁੰਨਾਂ ਵਿੱਚ ਅਪਣੀ ਵਿਚਾਰਧਾਰਕ ਪ੍ਰਤੀਬਧਤਾ ਦੇ ਪ੍ਰਗਟਾਵੇ ਪ੍ਰਤੀ ਸੰਕੋਚ ਦੇ ਦੇਖਦਿਆਂ, ਅਜੇਹੀਆਂ ਮੁਹਿੰਮਾਂ ਦੀ ਲੋੜ ਹੋਰ ਵੀ ਵਧ ਜਾਂਦੀ ਹੈ। ਦੇਖਣ ਵਿੱਚ ਆਇਆ ਹੈ ਕਿ ਉਨਾਂ ਦੀ ਕਥਨੀ ਤੇ ਲਹਿਜੇ ਵਿੱਚ, ਈਸ਼ਵਰਵਾਦੀਆਂ ਵਾਲੀ ਗੜਕ ਨਹੀਂ ਹੁੰਦੀ। ਇਸ ਦਾ ਮਨੋਵਿਗਿਆਨਕ ਕਾਰਣ ਇਹ ਵੀ ਹੋ ਸਕਦਾ ਹੈ ਕਿ ਬਹੁਤੇ ਪਦਾਰਥਵਾਦੀ(ਮਕਾਨਕੀ ਅਤੇ ਦਵੰਦਵਾਦੀ ਦੋਨੋਂ), ਅਧਿਆਤਮਕ ਕਰਮਕਾਂਡਾਂ ਉੱਪਰ ਨਿਰਭਰ ਰਹਿੰਦੇ ਹਨ। ਉਨਾਂ ਦੇ ਖੁਸ਼ੀ-ਗਮੀ ਦੇ ਕਾਰਜ, ਆਪੋ ਆਪਣੇ ਧਰਮ ਗ੍ਰੰਥਾਂ ਦੀ ਹਾਜਰੀ ਵਿੱਚ ਸੰਪਨ ਹੁੰਦੇ ਹਨ। ਉਹ ਧਰਮ ਨਿਰਪੇਖ ਸਭਿਆਚਾਰਕ ਰੀਤ ਅਪਨਾਉਣ ਦਾ ਆਹਰ ਨਹੀਂ ਕਰਦੇ। ਇਸ ਲਈ ਉਹ ਇਖਲਾਕੀ ਤੋਰ ਤੇ ਊਣੇ ਤੇ ਕਰਜਾਈ ਮਹਿਸੂਸ ਕਰਦੇ ਹਨ ਅਤੇ ਦਾਅਵੇ ਨਾਲ, ਆਪਣੇ ਵਿਚਾਰਾਂ ਵਿਚਲੇ, 'ਨਾਸਤਿਕੀ ਅੰਸ਼' ਦਾ ਪ੍ਰਗਟਾਵਾ ਨਹੀਂ ਕਰ ਸਕਦੇ। ਇਸ ਸੰਕੋਚ ਤੋਂ ਮੁਕਤ ਹੋਣ ਲਈ, ਹੋ ਰਹੀਆਂ ਗਲੋਬਲ ਸਰਗਰਮੀਆਂ ਦੀ ਗੱਲ ਕਰਨੀ ਕੁਥਾਂ ਨਹੀਂ ਹੋਵੇਗੀ।

ਅਨੀਸ਼ਵਰਵਾਦੀ ਬਸ ਮੁਹਿੰਮ (Athiest Bus Campaign) : ਪਿਛਲੇ ਸਮੇਂ 'ਚ ਇਸ ਮੁਹਿੰਮ ਨੇ ਯੂਰਪ ਤੇ ਅਮਰੀਕੀ ਮਹਾਂਦੀਪ ਦੇ ਕਈ ਮੁਲਕਾਂ ਵਿੱਚ ਵਿਚਾਰ ਉਤੇਜਕ ਚਰਚਾ ਛੇੜੀ। ਬਸਾਂ ਰਾਹੀਂ ਹੋ ਰਹੇ, ਇਸਾਈ ਚਰਚ ਦੇ ਪ੍ਰਾਪੇਗੰਡੇ (ਕਿ ਗੈਰ ਇਸਾਈਆਂ ਨੂੰ ਸਦਾ ਲਈ ਨਰਕ ਦੀ ਅੱਗ 'ਚ ਸਾੜਿਆ ਜਾਵੇਗਾ) ਨੂੰ, ਖੁੰਢਾ ਕਰਨ ਲਈ ਪ੍ਰਸਿੱਧ ਲੇਖਕ ਐਰੀਏਨ ਸ਼ੈਰੀਨ ਨੇ ਬੀੜਾ ਚੁੱਕਿਆ। ਇਸ ਪਹਿਲਕਦਮੀ ਨੂੰ, ਬ੍ਰਿਟਿਸ਼ ਹਿਊਮੇਨਿਸਟ ਐਸੋਸੀਏਸ਼ਨ ਨੇ ਹੱਲਾਸ਼ੇਰੀ ਦਿੱਤੀ। ਇਸ ਤਹਿਤ, 21 ਅਕਤੂਬਰ 2008 ਦੇ ਦਿਨ 5500 ਪੌਂਡ ਇਕੱਠੇ ਕਰਨ ਦਾ ਤਹਈਆ ਕੀਤਾ ਤਾਂ ਜੋ 2009 ਦੇ ਪਹਿਲੇ ਚਾਰ ਹਫਤਿਆਂ ਵਿੱਚ ਲੰਡਨ ਸ਼ਹਿਰ ਵਿੱਚ, ਨਾਸਤਿਕੀ ਨਾਹਰਿਆਂ ਵਾਲੀਆਂ 34 ਬੱਸਾਂ ਦਾ ਪਹਿਲਵਾਨੀ ਗੇੜਾ ਲੁਆਇਆ ਜਾਵੇ। ਮੁਹਿੰਮ ਦੀ ਪ੍ਰਸੰਗਿਕਤਾ ਤੋਂ ਖੁਸ਼ ਹੋ ਕੇ- 'ਰੱਬ- ਇਕ ਮਨੋ ਭਰਮ' (The God illusion) ਦੇ ਲੇਖਕ ਰਿਚਰਡ ਡਾਕਿਨਜ ਨੇ ਯਕਮੁਸ਼ਤ 5500 ਪੌਂਡ ਦੀ ਰਾਸ਼ੀ ਦੇਣ ਦਾ ਜਿੰਮਾ ਲਿਆ। ਇਸ ਮੁਹਿੰਮ ਨੂੰ ਚੇਤਨ ਲੋਕਾਂ ਦੇ ਵੱਡੇ ਹਿੱਸੇ ਅਤੇ ਜਮਹੂਰੀ ਜਥੇਬੰਦੀਆਂ ਵਲੋਂ, ਕਮਾਲ ਦਾ ਹੁੰਗਾਰਾ ਮਿਲਿਆ। ਉਸੇ ਦਿਨ, 21 ਅਕਤੂਬਰ ਦੇ ਪਹਿਲੇ ਪਹਿਰ ਹੀ 5500 ਪੌਂਡ ਇਕੱਠੇ ਕਰਨ ਦਾ ਟੀਚਾ ਮੁਕੰਮਲ ਹੋ ਗਿਆ। ਉਤਸ਼ਾਹ ਇੰਨ੍ਹਾਂ ਸੀ ਕਿ 24 ਅਕਤੂਬਰ ਦੀ ਸ਼ਾਮ ਤੱਕ, ਇਹ ਰਾਸ਼ੀ ਇੱਕ ਲੱਖ ਪੌਂਡ ਤੱਕ ਪਹੁੰਚ ਗਈ। ਅਨੀਸ਼ਵਰੀ ਨਾਹਰਿਆਂ ਵਾਲੀਆਂ ਬਸਾਂ 6 ਜਨਵਰੀ 2009 ਨੂੰ ਸੜਕਾਂ 'ਤੇ ਨਿਕਲ ਤੁਰੀਆਂ, ਜਿੰਨ੍ਹਾਂ ਨੇ ਬਾਅਦ ਵਿੱਚ ਬਰਤਾਨੀਆਂ ਦੇ ਵੱਖ ਵੱਖ ਸ਼ਹਿਰਾਂ ਦਾ ਭਰਮਣ ਕੀਤਾ।

ਇਸ ਮੁਹਿੰਮ ਨੇ, ਕੌਮਾਂਤਰੀ ਪੱਧਰ 'ਤੇ ਮੀਡੀਆ ਦਾ ਧਿਆਨ ਖਿੱਚਿਆ। ਜਿਵੇਂ ਕਿ ਹੁੰਦਾ ਹੈ, ਇਸ ਦੇ ਹੱਕ ਅਤੇ ਵਿਰੋਧ ਵਿੱਚ ਲਿਖਿਆ ਅਤੇ ਬੋਲਿਆ ਗਿਆ। ਸਾਊਥਐਪਟਨ ਵਿੱਚ, ਇਕ ਡਰਾਈਵਰ ਨੇ, ਨਾਸਤਿਕੀ ਵਿਚਾਰਾਂ ਵਾਲੀ ਬੱਸ ਨੂੰ ਚਲਾਉਣ ਤੋਂ ਇਨਕਾਰ ਕਰ ਦਿੱਤਾ। ਕਮਾਲ ਇਹ ਹੋਇਆ ਕਿ ਕੁਝ ਧਾਰਮਿਕ ਹਸਤੀਆਂ ਨੇ ਵੀ ਇਸ ਮੁਹਿੰਮ ਨੂੰ ਮਾਲੀ ਮਦਦ ਦਿੱਤੀ। ਉਨ੍ਹਾਂ ਦਾ ਤਰਕ ਇਹ ਸੀ ਕਿ ਚਲੋ ਲੋਕ ਇਸ ਬਹਾਨੇ 'ਰੱਬ' ਬਾਰੇ ਗੱਲਾਂ ਤਾਂ ਕਰਨਗੇ।

ਨਾਹਰੇ: ਪ੍ਰਚਾਰ ਸਮੱਗਰੀ ਬਾਰੇ ਮੁਹਿੰਮ ਚਾਲਕਾਂ ਦੀ ਆਪਸੀ ਅਤੇ ਧਰਮ ਪ੍ਰਚਾਰਕਾਂ ਦਰਮਿਆਨ ਭਖਵੀਂ ਬਹਿਸ ਹੋਈ। ਸ਼ੈਰੀਨ ਨੇ ਨਾਹਰਾ ਦਿੱਤਾ: ਸ਼ਾਇਦ ਕੋਈ ਰੱਬ ਨਹੀਂ, ਇਸ ਲਈ ਹੁਣ ਫਿਕਰ ਛੱਡੋ ਤੇ ਮੌਜਾਂ ਮਾਣੋ (There is probably no God. Now stop worrying and enjoy your life.) ਡਾਕਿਨਜ ਦਾ ਕਹਿਣਾ ਸੀ ਕਿ ਨਾਹਰਾ ਇਹ ਹੋਵੇ-"ਇਹ ਪੱਕੀ ਤਰ੍ਹਾਂ ਤਹਿ ਹੈ ਕਿ ਕੋਈ 'ਰੱਬ' ਨਹੀਂ ਹੈ (There is almost certainly no God) ਜਦੋਂ ਕਿ ਐਰੀਏਨ ਦੀ ਪਹੁੰਚ, ਲੇਖਕ ਖੁਸ਼ਵੰਤ ਸਿੰਘ ਵਾਂਗ ਸ਼ੰਕਾਵਾਦੀ ਸੀ ਉਸ ਦਾ ਕਹਿਣਾ ਸੀ ਕਿ 'ਰੱਬ' ਦੀ ਹੋਂਦ ਨੂੰ ਝੂਠ ਸਿੱਧ ਕਰਨਾ ਅਸੰਭਵ ਹੈ। ਇਸ ਲਈ ਉਹ 'ਸ਼ਾਇਦ' (Probably) ਸ਼ਬਦ ਵਰਤਣ ਦੇ ਹੱਕ ਵਿਚ ਸੀ। ਨਾਸਤਿਕ ਚਿੰਤਕ ਨੂੰ ਏ ਸੀ ਗ੍ਰੇਲਿੰਗ ਦੇ ਸ਼ਬਦ 'ਸ਼ਾਇਦ' ਤੇ ਇਤਰਾਜ ਸੀ। ਉਸ ਨੇ ਦਲੀਲ ਦਿਤੀ ਕਿ ਜਦੋਂ 'ਰੱਬ' ਦੀ ਹੋਂਦ ਹੈ ਹੀ ਨਹੀਂ ਤਾਂ ਇਹ ਸ਼ਬਦ ਵਰਤਣ ਦੀ ਕੀ ਤੁਕ?

ਇਸ ਮੁਹਿੰਮ ਦੇ ਚਲਦਿਆਂ ਅਨੀਸ਼ਵਰਵਾਦੀਆਂ ਨੇ ਬ੍ਰਿਟਿਸ਼ ਹਿਊਮੇਨਿਸਟ ਐਸੋਸੀਏਸ਼ਨ ਦੇ ਸਕੂਲ ਲਈ 23000 ਪੌਂਡ ਦਾ ਫੰਡ ਵੀ ਇਕੱਠਾ ਕੀਤਾ। ਬੀ ਬੀ ਸੀ ਨੇ ਇਸ ਮੁਹਿੰਮ ਦੀ ਵਿਸ਼ੇਸ਼ ਤੌਰ ਤੇ ਕਵਰੇਜ ਕੀਤੀ। ਇਸਾਈ ਗਰੁੱਪਾਂ ਨੇ ਮੋੜਵਾਂ ਪ੍ਰਾਪੇਗੰਡਾ ਵਾਰ ਕੀਤਾ।

ਧਰਮ ਦੀ ਪੂੰਛ: ਮੁਹਿੰਮ ਦੇ ਛੇਕੜਲੇ ਦੌਰ ਵਿੱਚ, ਬੱਚਿਆਂ ਦੇ ਨਾਂ ਮਗਰ, ਮਾਪਿਆਂ ਦੇ ਧਰਮ ਦੀ ਪੂੰਛ ਲਾਉਣ ਦੀ ਪਿਰਤ ਦੇ ਖਿਲਾਫ਼ ਆਵਾਜ ਉਠਾਈ। ਕਈ ਸ਼ਹਿਰਾਂ ਵਿੱਚ, ਇਕ ਬੱਚੀ ਦੀ ਤਸਵੀਰ ਵਾਲੀਆਂ ਤਖਤੀਆਂ ਨੂੰ ਵੱਖ-ਵੱਖ ਥਾਂਵਾਂ ਤੇ ਲਾਇਆ ਗਿਆ। ਲਿਖਿਆ ਸੀ: 'ਮੈਨੂੰ ਵੱਡਾ ਹੋ ਲੈਣ ਦਿਉ ਅਤੇ ਆਪ ਚੁਣਨ ਦੀ ਆਜਾਦੀ ਦਿਉ। (Let me grow up and choose for myself.)

ਜਾਗ: ਇਸ ਮੁਹਿੰਮ ਦੀ ਜਾਗ ਅਮਰੀਕਾ ਦੀ ਮਾਨਵਵਾਦੀ ਸਭਾ ਨੂੰ ਵੀ ਲੱਗੀ। ਇਸ ਸਭਾਂ ਨੇ 'ਰੱਬ ਵਿੱਚ ਵਿਸ਼ਵਾਸ਼ ਕਿਉਂ? ਚੰਗਿਆਈ ਲਈ ਹੀ ਚੰਗਾ ਬਣੋ' (Why believe in God? Just be good for goodness) ਦੇ ਨਾਹਰਿਆਂ ਵਾਲੀ ਬੱਸ ਮੁਹਿੰਮ ਨੂੰ ਵਸ਼ਿੰਗਟਨ ਡੀ ਸੀ ਵਿੱਚ ਸ਼ੁਰੂ ਕੀਤਾ। ਇਸੇ ਤਰ੍ਹਾਂ ਧਰਮ ਤੋਂ ਮੁਕਤੀ ਨਾਮੀ ਫਾਊਂਡੇਸ਼ਨ (Freedom from Religion Foundation) ਨੇ ਵੀ ਨਾਸਤਿਕੀ ਵਿਚਾਰਾਂ ਵਾਲੀਆਂ ਬਸਾਂ ਨੂੰ ਕਈ ਸ਼ਹਿਰਾਂ ਵਿੱਚ ਫੇਰਿਆ। ਜਮਹੂਰੀ ਛਬ ਵਾਲੇ ਕਈ ਗਰੁੱਪਾਂ ਨੇ, ਨਾਸਤਿਕੀ ਤਰਜ ਦੇ ਨਾਹਰਿਆਂ ਵਾਲੀਆਂ ਤਖਤੀਆਂ ਨਾਲ ਸੜਕਾਂ ਨੂੰ ਸ਼ਿੰਗਾਰਿਆ। 'ਮੁਕਤ ਸੋਚ ਸਭਾ' (Free Thought Association) ਕਨੇਡਾ ਨੇ ਕੌਮੀ ਪੱਧਰ ਦੀ ਮੁਹਿੰਮ ਸ਼ੁਰੂ ਕੀਤੀ, ਜਿਸ ਵਿੱਚ ਜਸਟਿਨ ਟਰੋਟੀਅਰ ਅਤੇ ਕਰਿਸ ਹੋਮਲੈਂਡ ਨੇ ਬੁਲਾਰਿਆਂ ਵਜੋਂ ਸੇਵਾ ਨਿਭਾਈ। ਬ੍ਰਿਟਿਸ਼ ਦੀ ਤਰਜ ਤੇ, ਟ੍ਰਾਂਟੋ ਟਰਾਂਜਿਟ ਕਮਿਸ਼ਨ ਨੇ ਆਪਣੀਆਂ ਬਸਾਂ, ਟਰਾਮਾਂ ਅਤੇ ਮੈਟਰੋ ਰਾਹੀਂ ਇਸ ਮੁਹਿੰਮ ਦੀ ਇਜਾਜਤ ਦਿੱਤੀ। ਕਨੇਡਾ ਦੀ ਰਾਜਧਾਨੀ ਉਟਾਵਾ ਵਿੱਚ ਪਹਿਲਾਂ ਇਸ ਤਰਾਂ ਦੀ ਇਸ਼ਤਿਹਾਰਬਾਜੀ ਦੀ ਮਨਾਹੀ ਕੀਤੀ ਗਈ, ਬਾਅਦ ਵਿੱਚ 'ਸਿਟੀ ਕਾਊਂਸਲ' ਨੇ ਇਸ ਫੈਸਲੇ ਨੂੰ ਰੱਦ ਕਰਕੇ, ਇਜਾਜਤ ਦੇ ਦਿੱਤੀ। ਬ੍ਰਿਟਿਸ਼ ਕੋਲੰਬੀਆ, ਵੈਂਕੂਵਰ, ਕੈਲੋਵੇਨਾ ਵਿੱਚ ਇਹ ਕਹਿ ਕੇ ਰੋਕ ਲਾਈ ਗਈ ਕਿ ਬਸਾਂ ਉੱਪਰ ਧਾਰਮਿਕ ਇਸ਼ਤਿਹਾਰਬਾਜੀ ਦੀ ਇਜ਼ਾਜਤ ਨਹੀਂ ਹੈ। ਦਸੰਬਰ 2010 ਵਿੱਚ ਬਰਾਜ਼ੀਲ ਦੀ ਅਨੀਸ਼ਵਰਵਾਦੀਆਂ ਅਤੇ ਸ਼ੰਕਾਵਾਦੀਆਂ ਦੀ ਸਭਾ (Association of Athiests and Agnostics) ਨੇ ਇਸ ਮੁਹਿੰਮ ਨੂੰ ਅੱਗੇ ਤੋਰਨ ਦਾ ਉਪਰਾਲਾ ਕੀਤਾ। ਜਿਸ ਵਿੱਚ ਇਹ ਨਾਹਰਾ ਕਿ-ਅਨੀਸ਼ਵਰਵਾਦ, ਬੁੱਧੀ ਦਾ ਜਸ਼ਨ ਮਨਾਉ (Athiesm-Celebrate Reason) ਨੂੰ ਉਭਾਰਿਆ। ਇਸ ਤਰ੍ਹਾਂ ਹੋਰ ਨਾਹਰਿਆਂ ਦੀ ਵਰਤੋਂ ਵੀ ਕੀਤੀ ਗਈ, ਜਿਵੇਂ: 'ਧਰਮ ਸਦਾਚਾਰ ਨੂੰ ਪ੍ਰੀਭਾਸ਼ਤ ਨਹੀਂ ਕਰਦਾ' (Religion does not define character)। ਜੇ 'ਰੱਬ' ਹੈ ਤਾਂ ਹਰ ਗੱਲ ਦੀ ਇਜਾਜਤ ਹੈ। (If God exists, everything is permitted) ਬਰਾਜੀਲ ਵਿੱਚ ਇਹ ਪਹਿਲੀ ਮੁਹਿੰਮ ਸੀ।

ਆਸਟ੍ਰੇਲੀਆ ਸਰਕਾਰ ਨੇ ਇਸ ਮੁਹਿੰਮ ਨੂੰ ਚੱਲਣ ਨਹੀਂ ਦਿੱਤਾ। ਸਰਕਾਰ ਦਾ ਕੁਤਰਕ ਸੀ ਕਿ ਵਿਵਾਦਮਈ ਪ੍ਰਚਾਰ ਦੀ ਇਜਾਜਤ ਨਹੀਂ ਦਿੱਤੀ ਜਾ ਸਕਦੀ। ਇੱਕ ਸਮਝੌਤੇ ਤਹਿਤ 'ਵਿਤਕਰਾ ਵਿਰੋਧੀ ਕਮਿਸ਼ਨਰ' (Anti Discrimination Commissioner) ਨੇ ਇਸ ਪ੍ਰਚਾਰ ਦੀ ਇਜਾਜਤ ਦਿੱਤੀ। ਇਸ

ਮੁਹਿੰਮ ਲਈ 'ਮਾਨਵਵਾਦੀ ਸੁਸਾਇਟੀ' ਨਿਊਜੀਲੈਂਡ ਵਲੋਂ ਫੰਡ ਦੀ ਮੁਹਿੰਮ ਚਲਾਈ ਗਈ। ਦੋ ਦਿਨਾਂ ਵਿੱਚ ਟੀਚੇ ਅਨੁਸਾਰ ਇਕ ਲੱਖ ਡਾਲਰ ਇਕੱਠੇ ਹੋ ਗਏ। ਜਿਸ ਨਾਲ ਬਾਰਾਂ ਬਸਾਂ ਨੂੰ ਆਕਲੈਂਡ, ਅੱਠ ਨੂੰ ਵਲਿੰਗਟਨ ਅਤੇ ਚਾਰ ਨੂੰ ਕਰਿਸਟ ਚਰਚ ਵਿੱਚ ਚਲਾਉਣ ਦਾ ਫੈਸਲਾ ਕੀਤਾ।

ਯੂਰਪ ਦੇ ਕਈ ਮੁਲਕਾਂ ਵਿੱਚ ਇਸ ਮੁਹਿੰਮ ਨੂੰ ਹੁੰਗਾਰਾ ਮਿਲਿਆ। ਇਥੋਂ ਦੇ ਤਰਕਸ਼ੀਲਾਂ ਨੇ ਬੜੇ ਹੀ ਭਾਵਪੂਰਤ ਨਾਹਰਿਆਂ ਦੀ ਚੋਣ ਕੀਤੀ। ਇਟਲੀ ਦੀ ਯੂਨੀਅਨ (Union of Rationalist, Athiest and Agnostics) ਨੇ ਇਸ ਮੁਹਿੰਮ ਦੇ ਚਲਦਿਆਂ, 'ਮਾੜੀ ਖਬਰ ਕਿ 'ਰੱਬ' ਦੀ ਕੋਈ ਹੋਂਦ ਨਹੀਂ, ਚੰਗੀ ਖਬਰ ਇਹ ਕਿ ਤੁਹਾਨੂੰ ਉਸ ਦੀ ਲੋੜ ਨਹੀਂ।' ਦਾ ਨਾਹਰਾ ਦਿੱਤਾ। ਜਦੋਂ 'ਉਚਿਤ ਵਪਾਰ ਅਤੇ ਮੁਕਾਬਲਾ' ਨਾਮੀ ਮਹਿਕਮੇ ਨੇ ਇਸ ਮੁਹਿੰਮ ਖਿਲਾਫ, ਕਾਨੂੰਨੀ ਕਾਰਵਾਈ ਕਰਨ ਦੀ ਧਮਕੀ ਦਿੱਤੀ ਤਾਂ, ਯੂਨੀਅਨ ਨੇ, ਨਾਹਰਾ ਬਦਲਦਿਆਂ, ਇਸ ਮੁਹਿੰਮ ਨੂੰ ਜਾਰੀ ਰਖਿਆ। ਨਵਾਂ ਨਾਹਰਾ ਦਿੱਤਾ:' ਚੰਗੀ ਖਬਰ ਇਹ ਕਿ ਇਟਲੀ ਵਿੱਚ ਲੱਖਾਂ ਨਾਸਤਿਕ ਹਨ, ਹੋਰ ਵੀ ਚੰਗੀ ਖਬਰ ਇਹ ਕਿ ਪ੍ਰਗਟਾਉ ਦੀ ਆਜਾਦੀ ਵਿਚ ਯਕੀਨ ਰਖਦੇ ਹਨ।'

ਲੋਕਾਂ ਦੀਆਂ ਇਖਲਾਕ, ਸਦਾਚਾਰਕ ਅਤੇ ਧਾਰਮਿਕ ਭਾਵਨਾਵਾਂ ਦਾ ਬਹਾਨਾ ਲਾਕੇ, ਪਿਛਾਂਹਖਿੱਚੂ ਸਰਕਾਰ ਨੇ ਇਸ ਮੁਹਿੰਮ ਤੇ ਪਬੰਦੀ ਲਾ ਦਿਤੀ। ਸਪੇਨ, ਫਿਨਲੈਂਡ, ਆਇਰਲੈਂਡ ਅਤੇ ਸਵੀਡਨ ਵਿੱਚ ਵੀ ਇਹ ਮੁਹਿੰਮ ਨੂੰ ਚਲਾਇਆ ਗਿਆ। ਜਰਮਨ ਵਿੱਚ ਇਸ ਨੂੰ ਕੈਥੋਲਿਕ ਚਰਚ ਦੀ ਅਲੋਚਨਾ ਅਤੇ ਸਰਕਾਰ ਦੇ ਦਮਨ ਦਾ ਸਾਹਮਣਾ ਕਰਨਾ ਪਿਆ। ਜਰਮਨ 'ਅਨੀਸ਼ਵਰਵਾਦੀ ਬੱਸ ਮੁਹਿੰਮ' ਦੇ ਸੰਚਾਲਕਾਂ ਨੇ ਹੌਂਸਲਾ ਛੱਡਣ ਦੀ ਬਜਾਏ, ਇਸ ਦਾ ਇਕ ਹੋਰ ਬਦਲ ਲੱਭਿਆ। ਬਸਾਂ ਦੀਆਂ ਕਈ ਕੰਪਨੀਆਂ ਵੱਲੋਂ ਇਨਕਾਰ ਕਰਨ ਤੇ, ਉਨਾਂ ਨੇ ਕੁਝ ਬਸਾਂ ਕਿਰਾਏ ਤੇ ਲੈ ਲਈਆਂ। ਵੀਹ ਵੱਡੇ ਸ਼ਹਿਰਾਂ ਦੇ ਟੂਰ ਲਾਏ। ਉਹ ਸਥਾਨਕ ਲੋਕਾਂ ਨੂੰ ਸੈਰ ਕਰਨ ਦਾ ਸੱਦਾ ਦਿੰਦੇ ਤੇ ਸਫਰ ਦੌਰਾਨ ਨਾਸਤਿਕੀ ਅਤੇ ਧਰਮ ਨਿਰਪੇਖ ਵਿਚਾਰਾਂ ਦੀ ਗੱਲ ਕਰਦੇ।


ਅਫਸੋਸ ਵਾਲਾ ਪਹਿਲੂ ਇਹ ਰਿਹਾ ਕਿ ਸਾਰੀ ਦੁਨੀਆਂ ਵਿਚ, ਸਮਾਜਵਾਦ ਦੀ ਜਾਗ ਲਾਉਣ ਵਾਲੇ ਮੁਲਕ, ਰੂਸ ਵਿੱਚ ਇਸ ਲਹਿਰ ਨੂੰ ਸਰਕਾਰ ਨੇ ਚਲਣ ਨਹੀਂ ਦਿੱਤਾ, ਅਤੇ ਨਾ ਹੀ ਆਮ ਲੋਕਾਂ ਵਲੋਂ ਇਸ ਰੋਕ ਦਾ ਵਿਰੋਧ ਹੋਇਆ। ਬਦਲੇ ਪੈਦਾਵਰੀ ਰਿਸ਼ਤਿਆਂ ਅਧੀਨ ਕਈ ਪੀੜੀਆਂ ਦੇ ਜੰਮਣ ਤੇ ਪਲਣ ਦੇ ਬਾਵਜੂਦ ਉਨ੍ਹਾਂ ਵਿੱਚ, ਪਦਾਰਥਵਾਦੀ ਅਤੇ ਵਿਗਿਆਨਕ ਪਹੁੰਚ ਦਾ ਵਿਕਾਸ ਨਹੀਂ ਹੋ ਸਕਿਆ। ਇਸ ਲਈ ਵਿਚਾਰਾਂ ਦੇ ਪ੍ਰਾਪੇਗੰਡੇ ਦੀ ਲਗਾਤਾਰਤਾ ਦੀ ਲੋੜ ਬਣੀ ਰਹਿਣੀ ਹੈ।

ਤਰਕਸ਼ੀਲ ਸੁਸਾਇਟੀ ਪੰਜਾਬ ਨੇ ਵੀ ਸਾਹਿਤ ਵੰਡਣ ਅਤੇ ਸ਼ੋਰ ਪ੍ਰਦੂਸ਼ਨ ਦੀਆਂ ਮੁਹਿੰਮਾਂ ਸਫਲਤਾ ਨਾਲ ਚਲਾਈਆਂ ਹਨ। ਅੱਗੇ ਵੀ ,ਵਿਚਾਰਧਾਰਕ ਪ੍ਰਤੀਬਧਤਾ ਦੇ ਮੁੱਦਿਆਂ ਤੇ ਵੀ ਮੁਹਿੰਮਾਂ ਚਲਾਉਣ ਦੀ ਲੋੜ ਹੈ।

ਸ਼ੋਕ ਸਮਾਚਾਰ : ਗੁਰਤੇਜ ਸਿੰਘ, ਇਕਾਈ ਮੌੜ ਮੰਡੀ ਦੇ ਪਿਤਾ ਦਲੀਪ ਸਿੰਘ, ਜੰਡਿਆਲਾ ਇਕਾਈ ਦੇ ਜਥੇਬੰਦਕ ਮੁਖੀ ਰਮਨ ਏਕਲਗੱਡਾ ਦੇ ਪਿਤਾ ਮੋਹਨ ਲਾਲ ਅਤੇ ਕਮਿਊਨਿਸਟ ਪਾਰਟੀ ਦੇ ਉੱਘੇ ਨੇਤਾ ਸੱਤਪਾਲ ਡਾਂਗ ਦੀ ਮੌਤ 'ਤੇ ਅਦਾਰਾ ਦੁੱਖ ਪ੍ਰਗਟਾਉਂਦਾ ਹੈ ਅਤੇ ਉਨ੍ਹਾਂ ਦੇ ਪਰਿਵਾਰ ਦੇ ਗਮ 'ਚ ਸ਼ਰੀਕ ਹੁੰਦਾ ਹੈ।

ਮਨੁੱਖੀ ਸ਼ਖ਼ਸੀਅਤ ਲਈ ਇਕ ਸੱਟ: ਸਮਾਜਿਕ ਨਾ ਬਰਾਬਰੀ

ਡਾ. ਸ਼ਿਆਮ ਸੁੰਦਰ ਦੀਪਤੀ



ਮਨੁੱਖੀ ਸ਼ਖ਼ਸੀਅਤ ਉਸਾਰੀ ਦੇ ਜਨਮ ਤੋਂ ਬੁਢਾਪੇ ਤੱਕ ਅਲੱਗ-ਅਲੱਗ ਪੜਾਅ ਹਨ ਅਤੇ ਹਰ ਪੜਾਅ 'ਤੇ ਵੱਖਰੇ ਵੱਖਰੇ ਮਾਹੌਲ ਦੀ ਆਪਣੀ ਭੂਮਿਕਾ ਹੈ। ਸ਼ਖ਼ਸੀਅਤ ਉਸਾਰੀ,ਜੇਕਰ ਸਰੀਰਕ ਪੱਖ ਤੋਂ ਦੇਖੀਏ ਤਾਂ ਇਕਸਾਰ ਹੋਣੀ ਚਾਹੀਦੀ ਹੈ, ਪਰ ਸਮਾਜ ਦੀਆਂ ਵਿਭੰਨਤਾਵਾਂ,ਵੱਖ ਵੱਖ ਸਭਿਆਚਾਰ ਉਸ ਨੂੰ ਕੁਝ ਇਸ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ ਕਿ ਇਹ ਖਿੱਤਾ ਖੇਤਰ,ਸਭਿਆਚਾਰ ਵਿਸ਼ੇਸ਼ ਬਣ ਜਾਂਦੀਆਂ ਹਨ। ਸਮਾਜਿਕ ਨਾਬਰਾਬਰੀ ਇਕ ਇਸ ਤਰ੍ਹਾਂ ਦੀ ਸਥਿਤੀ ਹੈ ਜੋ ਖਾਸ ਤਵੱਜੋ ਦੀ ਮੰਗ ਕਰਦੀ ਹੈ

ਸ਼ਖ਼ਸੀਅਤ ਦਾ ਪ੍ਰਗਟਾਵਾ ਕਿਸੇ ਵੀ ਵਿਅਕਤੀ ਦੇ ਵਿਵਹਾਰ ਤੋਂ ਹੁੰਦਾ ਹੈ। ਜਦੋਂ ਵੀ ਅਸੀਂ ਕਿਸੇ ਦਾ ਵਿਵਹਾਰ ਦੇਖਦੇ ਹਾਂ ਤਾਂ ਕੁਝ ਕੁ ਅੰਦਾਜਾ ਲਗ ਜਾਂਦਾ ਹੈ ਕਿ ਇਸ ਵਿਅਕਤੀ ਦੀ ਸ਼ਖ਼ਸੀਅਤ ਕਿਹੋ ਜਿਹੀ ਹੈ। ਜਦੋਂ ਅਸੀਂ ਦੇਖਦੇ ਹਾਂ ਕਿ ਵਿਅਕਤੀ ਨੇ ਨੀਵੀਂ ਪਾਈ ਹੈ, ਉਹ ਡਰਿਆ-ਸਹਿਮਿਆ ਹੈ, ਅੱਖਾਂ ਮਿਲਾ ਕੇ ਗੱਲ ਨਹੀਂ ਕਰਦਾ,ਉੱਚੀ ਆਵਾਜ਼ ਨਹੀਂ ਕੱਢਦਾ, ਹਾਂ ਜੀ, ਹਾਂ ਜੀ, ਜੀ ਹਜੂਰ ਤੋਂ ਸਿਵਾ ਹੋਰ ਕੋਈ ਸ਼ਬਦ ਨਹੀਂ ਬੋਲਦਾ, ਕੋਈ ਸਵਾਲ-ਤਕਰਾਰ ਨਹੀਂ ਕਰਦਾ ਤਾਂ ਉਸ ਦੀ ਸ਼ਖ਼ਸੀਅਤ ਪ੍ਰਤੀ ਵਿਚਾਰਗੀ, ਲਤਾੜੇ, ਪਿਛੜੇਪਣ ਜਾਂ ਨਿਗੂਣੇ ਹੋਣ ਦਾ ਅਹਿਸਾਸ ਹੁੰਦਾ ਹੈ।

ਇਨ੍ਹਾਂ ਵਿਵਹਾਰਾਂ ਵਿਚੋਂ ਕੋਈ ਹੌਲੀ ਬੋਲਣ, ਤਕਰਾਰ ਨਾ ਕਰਨ, ਨਿਰਮਾਣਤਾ ਆਦਿ ਅਹਿਸਾਸਾਂ ਨੂੰ ਚੰਗਾ ਕਹਿ ਸਕਦਾ ਹੈ, ਪਰ ਇਹ ਵਿਵਹਾਰ ਨਿਗੂਣੇਪਨ, ਅੱਧੇ ਪੌਣੇ ਹੋਣ,ਗੁਲਾਮੀ ਜਿਹੇ ਅਹਿਸਾਸਾਂ ਤੋਂ ਵੱਖਰੇ ਹਨ।

ਵਿਵਹਾਰ ਦੇ ਇਹ ਪੱਖ ਸਹਿਜ ਨਹੀਂ ਹਨ, ਇਹ ਕੁਦਰਤੀ ਵੀ ਨਹੀਂ ਹਨ। ਵਿਵਹਾਰ, ਮਨੁੱਖੀ ਸਮਾਜ ਵਿੱਚ ਸਿਖਿਆ-ਸਿਖਾਇਆ ਜਾਣ ਵਾਲਾ ਪਹਿਲੂ ਹੈ। ਕੁਦਰਤੀ ਵਿਵਹਾਰ ਸਰੀਰਕ ਲੋੜਾਂ ਨਾਲ ਜੁੜੇ ਹਨ ਤੇ ਇਹ ਧਰਤੀ ਦੇ ਸਾਰੇ ਜੀਵਾਂ ਵਿਚ ਮੌਜੂਦ ਹਨ। ਖਾਣਾ-ਪੀਣਾ, ਸਰੀਰ ਹਲਕਾ ਕਰਨਾ, ਸੈਕਸ ਰਾਹੀਂ ਬੱਚੇ ਪੈਦਾ ਕਰਨ ਵਾਸਤੇ ਆਪਣੇ ਦੂਸਰੇ ਸਾਥੀ ਕੋਲ ਪਹੁੰਚਣਾ, ਆਪਣੇ ਜੀਉਂਦੇ ਰਹਿਣ ਲਈ ਕਿਸੇ ਖਤਰੇ ਤੋਂ ਬਚਾਅ ਕਰਨ ਵੇਲੇ ਭੱਜਣਾ, ਲੁਕਣਾ, ਉਡਣਾ ਆਦਿ ਕੁਦਰਤੀ ਹਨ, ਪਰ ਮਨੁੱਖੀ ਵਿਵਹਾਰ, ਕੁਦਰਤੀ ਵਿਵਹਾਰ ਦੇ ਨਾਲ-ਨਾਲ ਸਮਾਜਿਕ ਵੀ ਹਨ। ਸਮਾਜਿਕ ਪੱਖ ਤੋਂ ਸੰਚਾਲਿਤ ਹੁੰਦੇ ਵਿਵਹਾਰ, ਕਈ ਵਾਰੀ ਕੁਦਰਤੀ ਵਿਵਹਾਰ ਨੂੰ ਵੀ ਅਸਹਿਜ ਕਰ ਦਿੰਦੇ ਹਨ।

ਮਨੁੱਖੀ ਸਰੀਰ ਵਿਗਿਆਨ ਦੀਆਂ ਖੋਜਾਂ ਕਿਤੇ ਵੀ ਇਸ ਤਰ੍ਹਾਂ ਦੇ ਵਿਵਹਾਰ ਵੱਲ ਇਸ਼ਾਰਾ ਨਹੀਂ ਕਰਦੀਆਂ ਕਿ ਇਕ ਵਰਗ ਨੀਵੀਂ ਪਾ ਕੇ ਰਹੇਗਾ ਤੇ ਦੂਸਰਾ ਛਾਤੀ ਤਾਨ ਕੇ। ਇਕ ਵਰਗ ਦੇ ਗਲੇ ਵਿਚੋਂ ਆਵਾਜ਼ ਹੀ ਨਹੀਂ ਨਿਕਲੇਗੀ ਤੇ ਦੂਸਰਾ ਗਰਜਵੀਂ ਆਵਾਜ਼ ਵਿਚ ਬੋਲੇਗਾ। ਇੱਥੇ ਕੁਦਰਤੀ ਤੌਰ,ਚਾਲ,ਆਵਾਜ਼ ਉਪਰ ਸਮਾਜਿਕ ਬੰਧਨ ਅਜਿਹਾ ਹੁੰਦਾ ਹੈ ਕਿ ਸਭ ਕੁਝ ਅਸਹਿਜ ਹੋ ਜਾਂਦਾ ਹੈ।

ਇਸੇ ਲਈ ਹੀ ਸ਼ਖ਼ਸੀਅਤ ਉਸਾਰੀ ਵਿਚ ਸਮਾਜਿਕ ਪਹਿਲੂ ਦੀ ਗੱਲ ਚਲਦੀ ਹੈ। ਆਪਾਂ ਆਪਣੇ ਆਲੇ ਦੁਆਲੇ ਦੇਖ ਸਕਦੇ ਹਾਂ ਕਿ ਕਿਸੇ ਦੀ ਸ਼ਖ਼ਸੀਅਤ ਕਮਜ਼ੋਰ ਹੁੰਦੀ ਹੈ ਤੇ ਕਿਸੇ ਦੀ ਵਧੀਆ-ਸਿਹਤਮੰਦ। ਸ਼ਖ਼ਸੀਅਤ ਉਸਾਰੀ ਲਈ ਜਿੰਮੇਵਾਰੀ ਲੋਕਾਂ, ਉਸਦੇ ਪਰਿਵਾਰ ਅਤੇ ਸਮਾਜ ਦੀ ਹੈ। ਸਮਾਜਿਕ ਮਾਹੌਲ ਮੁਤਾਬਕ ਸ਼ਖ਼ਸੀਅਤ ਉਸਰਦੀ ਹੈ ਤੇ ਕਈ ਰੂਪਾਂ ਵਿਚ ਪ੍ਰਗਟ ਹੁੰਦੀ ਹੈ।

ਸ਼ਖ਼ਸੀਅਤ ਉਸਾਰੀ ਦੇ ਕਈ ਪਹਿਲੂਆਂ ਨੂੰ ਅਸੀਂ ਬਚਪਨ, ਜਵਾਨੀ, ਬੁਢਾਪੇ ਦੇ ਪੜਾਵਾਂ ਵਿਚੋਂ ਲੰਘਦੇ ਸਮਝਿਆ ਹੈ। ਕਮਜ਼ੋਰ ਅਤੇ ਸਿਹਤਮੰਦ ਸ਼ਖ਼ਸੀਅਤ ਮੁੱਖ ਵਰਗ ਹਨ, ਬਾਕੀ ਅਸੀਂ ਰੋਜਮਰਾ ਦੀ ਜ਼ਿੰਦਗੀ ਵਿਚ ਦੱਬੂ, ਹੰਕਾਰੀ, ਚੁਸਤ, ਧੋਖੇਬਾਜ, ਦਗਾਬਾਜ, ਮਦਦਗਾਰ, ਭਰੋਸੇਮੰਦ--- ਆਦਿ ਕਿੰਨੇ ਹੀ ਰੂਪਾਂ ਵਿਚ ਜਾਣਦੇ ਹਾਂ।

ਜਦੋਂ ਅਸੀਂ ਸਮਾਜ ਦੀ ਵਿਸ਼ੇਸ਼ ਸਥਿਤੀ ਨਾ ਬਰਾਬਰੀ ਦੀ ਗੱਲ ਕਰਦੇ ਹਾਂ ਤਾਂ ਉਸਦੇ ਪ੍ਰਭਾਵ ਸਾਫ- ਸਪਸ਼ਟ ਉਲੀਕੇ ਜਾ ਸਕਦੇ ਹਨ। ਨਾ-ਬਰਾਬਰੀ ਇੱਕ ਬਹੁਤ ਵਿਸ਼ਾਲ ਸੰਕਲਪ ਵਾਲਾ ਪਹਿਲੂ ਹੈ। ਸਮਾਜ ਵਿਚ ਨਾਬਰਾਬਰੀ ਕਈ ਸਥਿਤੀਆਂ-

ਪ੍ਰਸਥਿਤੀਆਂ ਵਿਚ ਨਜ਼ਰ ਆਉਦੀ ਹੈ। ਅਸੀਂ ਆਪਣੇ ਸਮਾਜ ਵਿਚ ਇਹ ਨਾ ਬਰਾਬਰੀ ਦਾ ਅਹਿਸਾਸ ਵੱਖ ਵੱਖ ਧਰਮਾਂ, ਜਾਤ, ਰੰਗ, ਖੇਤਰ, ਭਾਸ਼ਾ ਅਤੇ ਬੋਲੀ ਦੇ ਰੂਪ ਵਿਚ ਦੇਖਦੇ ਹਾਂ। ਇਹ ਅਹਿਸਾਸ ਇਨ੍ਹਾਂ ਵੱਡੇ ਅਦਾਰਿਆਂ ਵਿਚਕਾਰ ਵੀ ਹੈ ਤੇ ਇੱਕ ਅਦਾਰੇ ਦੇ ਅੰਦਰ ਪੜ੍ਹਾਈ ਅਤੇ ਪੈਸੇ ਪੱਖੋ ਵੀ ਹੈ।ਕਹਿਣ ਤੋਂ ਭਾਵ ਕੋਈ ਚਾਹੇ ਜੋ ਮਰਜੀ ਕੁਝ ਕਹੇ, ਜਿਵੇਂ ਧਰਮ ਬਾਰੇ ਪ੍ਰਚਾਰਿਆ ਜਾਂਦਾ ਹੈ ਕਿ ਇਹ ਬਰਾਬਰੀ ਦਾ ਪਾਠ ਪੜ੍ਹਾਉਂਦਾ ਹੈ, ਪਰ ਇੱਕੋ ਧਰਮ ਵਿੱਚ ਹੀ, ਅਮੀਰੀ-ਗਰੀਬੀ ਆਪਣੇ ਆਪ ਵਿਚ ਇਕ ਵੱਡਾ ਫਾਸਲਾ ਪੈਦਾ ਕਰਦੀ ਹੈ।

ਨਾ-ਬਰਾਬਰੀ ਦਾ ਸਮਾਜਿਕ ਰੂਪ ਵਿਤਕਰਾ ਹੈ। ਕਿਸੇ ਵੀ ਵਿਅਕਤੀ ਨੂੰ ਜਾਣ ਬੁਝ ਕੇ,ਸਮਾਜਿਕ ਨੇਮਾਂ ਅਤੇ ਸਭਿਆਚਾਰ ਦਾ ਨਾਂ ਦੇ ਕੇ, ਉਸ ਨੂੰ ਉਸ ਦੇ ਹੱਕਾਂ ਤੋਂ ਵਾਂਝਾ ਰਖਣਾ ਹੈ।

ਸਮਾਜ ਵਿਚ ਇੱਕ ਵਿਅਕਤੀ, ਇਕੋ ਵੇਲੇ ਕਈ ਤਰ੍ਹਾਂ ਦੀਆਂ ਸਥਿਤੀਆਂ ਵਿਚੋਂ ਲੰਘਦਾ ਨਜ਼ਰ ਆਉਂਦਾ ਹੈ। ਉਹ ਪੇਂਡੂ ਹੈ, ਜ਼ਮੀਨ ਤੋਂ ਵਿਰਵਾ ਹੈ, ਦਿਹਾੜੀਦਾਰ ਹੈ, ਅਨਪੜ੍ਹ ਹੈ, ਕਾਲੇ ਰੰਗ ਦਾ ਹੈ, ਪਿਛੜੇ ਇਲਾਕੇ ਦਾ ਹੈ ਤੇ ਇਹ ਸਾਰੇ ਪੱਖ ਮਿਲ ਕੇ ਉਸ ਨੂੰ ਵੱਡੀ ਖਾਈ ਗਰੀਬੀ ਵਿੱਚ ਧੱਕਦੇ ਹਨ। ਇਹ ਵਿਅਕਤੀ ਸਾਰੇ ਪੱਧਰਾਂ ਤੇ ਮਾਰ ਖਾਂਦਾ ਹੈ।ਕੋਈ ਦੂਸਰਾ ਪਿਛੜੇ ਇਲਾਕੇ ਦਾ ਹੈ ਪਰ ਅਮੀਰ ਹੈ।ਕੋਈ ਆਪਣੇ ਆਪ ਨੂੰ ਵੱਡੀ ਜਾਤ ਦਾ ਕਹਿ ਕੇ, ਹਰੀਜਨ ਅਮੀਰ ਵਿਅਕਤੀ ਤੋਂ ਦੂਰੀ ਬਣਾ ਕੇ ਰਖਦਾ ਹੈ।ਸਵਾਲ ਇਨ੍ਹਾਂ ਵੱਖ ਵੱਖ ਹਾਲਾਤਾਂ ਨੂੰ ਬਿਆਨ ਕਰਨ ਦਾ ਇਹ ਹੈ ਕਿ ਸਮਾਜਿਕ ਪਰਿਪੇਖ ਵਿੱਚ ਕਿਵੇਂ ਉਸ ਵਿਅਕਤੀ ਦੀ ਵੱਖਰੀ ਸ਼ਖ਼ਸੀਅਤ ਉਸਰਦੀ ਹੈ।

ਇਹ ਸਾਰੇ ਅਤੇ ਹੋਰ ਕਈ ਪਹਿਲੂ ਸਾਡੀ ਸਮਾਜਿਕ ਵਿਵਸਥਾ ਵਿੱਚ ਮੌਜੂਦ ਹਨ ਤੇ ਅਸੀਂ ਖੁਦ ਆਪਣੇ ਅਤੇ ਹੋਰਾਂ ਦੇ ਵਿਵਹਾਰ ਦਾ ਵਿਸ਼ਲੇਸ਼ਣ ਕਰ ਕੇ ਦੇਖ ਸਕਦੇ ਹਾਂ ਕਿ ਕਿਵੇਂ ਨੌਜਵਾਨ ਅਫ਼ਸਰ, ਬਜ਼ੁਰਗ ਦਰਜਾ ਚਾਰ ਕਰਮਚਾਰੀ ਨੂੰ ਬੁਲਾਉਂਦਾ ਹੈ, ਕਿਵੇਂ ਵੱਡੀ ਜਾਤ ਦਾ ਬੱਚਾ, ਆਪਣੇ ਕਾਮੇ ਨੂੰ ਰੋਅਬ ਨਾਲ ਝਿੜਕਦਾ ਹੈ। ਸਮਾਜਿਕ ਵਿਵਸਥਾ ਵਿਚ ਰੋਜਮਰ੍ਹਾ ਦੀ ਸਿਖਲਾਈ, ਹਰ ਵਰਗ ਨੂੰ ਇਸ ਦੇ ਲਈ ਤਿਆਰ ਕਰਦੀ ਹੈ। ਜਮੀਂਦਾਰ ਦਾ ਬੱਚਾ ਰੋਅਬ ਪਾਉਣ ਲਈ ਅਤੇ ਵਿਹੜੇ ਵਾਲਿਆਂ ਦਾ ਬੱਚਾ ਰੋਅਬ ਸਹਿਣ ਲਈ ਤਿਆਰ ਹੁੰਦੇ ਹਨ।

ਇਸ ਸਮਾਜਿਕ ਵਿਵਸਥਾ ਵਿੱਚ ਇਹ ਸਿਲਸਿਲਾ ਬਚਪਨ ਵਿੱਚ ਹੀ, ਜਨਮ ਤੋਂ ਤੁਰੰਤ ਬਾਅਦ ਸ਼ੁਰੂ ਹੋ ਜਾਂਦਾ ਹੈ। ਕੋਈ ਵੀ ਬੱਚਾ ਆਪਣੀ ਮਰਜੀ ਨਾਲ ਕਿਸੇ ਅਮੀਰ ਜਾਂ ਪਿਛੜੇ ਪਰਿਵਾਰ ਵਿੱਚ ਪੈਦਾ ਨਹੀ ਹੁੰਦਾ। ਜਦੋਂ ਕੋਈ ਗਰੀਬ ਅਤੇ ਮੂਲ ਸਹੂਲਤਾਂ ਤੋਂ ਸੱਖਣੇ ਪਰਿਵਾਰ ਵਿੱਚ ਪੈਦਾ ਹੁੰਦਾ ਹੈ ਤਾਂ ਉਹ ਕਈ ਮਨੁੱਖੀ ਗੁਣਾਂ ਨੂੰ ਵਿਕਸਿਤ ਕਰਨ ਤੋਂ ਵਾਂਝਾ ਰਹਿ ਜਾਂਦਾ ਹੈ।ਉਸ ਨੂੰ ਹਰ ਰੋਜ, ਪਲ-ਪਲ, ਆਪਣੇ ਪਰਿਵਾਰ ਅਤੇ ਹੋਰ ਨਜਦੀਕੀ ਰਿਸ਼ਤੇਦਾਰਾਂ ਵੱਲੋਂ ਨਿਗੂਣੇਪਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਕੁਝ ਉਹ ਆਪਣੇ ਮਾਂ ਪਿਉ ਦੇ ਉਸ ਤਰ੍ਹਾਂ ਦੇ ਵਿਵਹਾਰ ਤੋਂ ਸਿਖਦਾ ਹੈ। ਬੱਚਾ ਆਪਣੀ ਸ਼ਖ਼ਸੀਅਤ ਦੇ ਸਹਿਜ ਵਿਕਾਸ ਦੌਰਾਨ ਸਵਾਲ ਖੜ੍ਹੇ ਕਰਦਾ ਹੈ, ਪੁੱਛਦਾ ਹੈ ਕਿ ਕਿਉ ਹਾਂ ਆਪਾਂ ਗਰੀਬ ਤਾਂ ਫਿਰ ਜਿਸ ਤਰ੍ਹਾਂ ਦੇ ਜਵਾਬ ਉਹਨਾਂ ਦੇ ਮਾਂ ਪਿਉ ਨੂੰ ਮਿਲੇ ਹੁੰਦੇ ਹਨ, ਉਹੀ ਅੱਗੇ ਤੁਰਦੇ ਹਨ- ਕਿਸਮਤ, ਉੱਪਰ ਵਾਲੇ ਦੀ ਮਰਜੀ, ਪਿਛਲੇ ਕਰਮਾਂ ਦਾ ਫਲ ਤੇ ਹੌਲੀ ਹੌਲੀ ਬੱਚੇ ਨੂੰ ਚੁੱਪ ਰਹਿਣ ਲਈ ਕਿਹਾ ਜਾਂਦਾ ਹੈ। ਜੇ ਕੋਈ ਵਿਗਿਆਨਕ ਦ੍ਰਿਸ਼ਟੀਕੋਣ ਵਾਲਾ ਬਣਦਾ ਹੈ, ਇਨ੍ਹਾਂ ਜਵਾਬਾਂ ਤੋਂ ਸੰਤੁਸ਼ਟ ਨਹੀਂ ਹੁੰਦਾ ਤਾਂ ਮਾਂ ਪਿਉ ਨਾਲ ਤਕਰਾਰ ਕਰਦਾ ਹੈ ਤੇ ਇਨ੍ਹਾਂ ਦੇ ਜਵਾਬ ਖੁਦ ਲੱਭਣ ਲਗਦਾ ਹੈ। ਇਸ ਤਰ੍ਹਾਂ ਅਲੱਗ ਅਲੱਗ ਮਾਹੌਲ ਅਤੇ ਸਿਖਲਾਈ, ਅਲੱਗ ਅਲੱਗ ਸ਼ਖ਼ਸੀਅਤ ਨੂੰ ਜਨਮ ਦਿੰਦੀ ਹੈ।

ਪਰਿਵਾਰ ਤੋਂ ਬਾਅਦ, ਪੂਰੀ ਸਮਾਜਿਕ ਵਿਵਸਥਾ ਹੀ ਇਸ ਨਾ ਬਰਾਬਰੀ ਨੂੰ ਬਣਾਈ ਰੱਖਣ ਲਈ ਤਿਆਰ ਹੋਈ ਹੈ ਜੋ ਕਈ ਤਰੀਕਿਆਂ ਨਾਲ ਜਿਵੇਂ ਕਥਾ-ਕਹਾਣੀਆਂ, ਕਹਾਵਤਾਂ-ਅਖਾਣਾਂ ਰਾਹੀਂ,ਇਸ ਨਾ ਬਰਾਬਰੀ ਦੀ ਵਿਵਸਥਾ ਨੂੰ ਸਹੀ ਠਹਿਰਾਉਂਦੀ ਹੈ।ਇਨ੍ਹਾਂ ਕਹਾਣੀਆਂ ਨੂੰ ਪਰੰਪਰਾਵਾਂ ਦਾ ਨਾਂ ਦੇ ਕੇ, ਸਭਿਆਚਾਰ ਕਹਿ ਕੇ ਵਡਿਆਇਆ ਜਾਂਦਾ ਹੈ ਤੇ ਫਿਰ ਧਰਮ ਦੀ ਛਤਰ ਛਾਇਆ ਹੇਠ ਇਹ ਪਰੰਪਰਾਵਾਂ ਵਿਕਸਿਤ ਹੁੰਦੀਆਂ ਹਨ। ਜਦੋਂ ਕੋਈ ਗਰੀਬ, ਪਛੜੇ ਪਰਿਵਾਰਕ ਮਾਹੌਲ ਵਿੱਚ ਵੱਡਾ ਹੋਇਆ ਕਿਸ਼ੋਰ-ਨੌਜਵਾਨ ਇਨ੍ਹਾਂ ਨੂੰ ਗਲਤ ਠਹਿਰਾਉਂਦਾ ਹੈ ਤਾਂ ਉਸ ਸਮਾਜ ਤੋਂ ਤੋੜ ਦਿੱਤਾ ਜਾਂਦਾ ਹੈ ਜਾਂ ਉਸ ਨੂੰ ਬਾਗੀ, ਜੋਸ਼ੀਲਾ ਕਹਿ ਕੇ ਨਕਾਰਿਆ ਜਾਂਦਾ ਹੈ ਤੇ ਅਜਿਹੇ ਵਿਅਕਤੀ ਦੇ 'ਮੂੰਹ ਨਾ ਲੱਗਣ' ਦੀ ਗੱਲ ਹੁੰਦੀ ਹੈ। ਰੋਜਮਰ੍ਹਾ ਦੀਆਂ ਅਜਿਹੀਆਂ ਘਟਨਾਵਾਂ ਤੋਂ ਕਈ ਨਿਰਾਸ਼ ਉਦਾਸ ਹੋ ਜਾਂਦੇ ਹਨ, ਚੁੱਪ ਰਹਿਣ

ਲਗਦੇ ਹਨ ਤੇ 'ਉਸ ਦੇ ਭਾਣੇ' ਨੂੰ ਸਵੀਕਾਰ ਕਰ ਲੈਂਦੇ ਹਨ ਤੇ ਕੁਝ ਕੁ ਆਪਣੀ ਬਾਗੀ ਸੁਰ ਕਾਇਮ ਕਰਦੇ ਹੋਏ ਅੱਗੇ ਵੱਲ ਵਧਦੇ ਵੀ ਹਨ।

ਨਾ ਬਰਾਬਰੀ ਦਾ ਸਮਾਜਿਕ ਪਹਿਲੂ ਹੈ ਕਿ ਸਭ ਨੂੰ ਉਸ ਦੀ ਕੁਦਰਤੀ ਸਮਰੱਥਾ ਵਿਕਸਿਤ ਕਰਨ ਅਤੇ ਪ੍ਰਗਟਾਉਣ ਲਈ ਬਰਾਬਰ ਮੌਕੇ ਨਾ ਦੇਣੇ, ਉਸ ਨੂੰ ਕਿਸਮਤਵਾਦ ਦੇ ਭੰਬਲਭੂਸੇ ਵਿਚ ਪਾ ਕੇ, ਉਸ ਦਾ ਸ਼ੋਸ਼ਣ ਕਰਨਾ।

ਅਜੋਕੇ ਸਮਾਜ ਵਿੱਚ ਅਸੀਂ ਕਾਨੂੰਨ ਬਣਾ ਕੇ ਲੋਕਾਂ ਨੂੰ ਹੱਕ ਦਿਵਾਉਣ ਦੀ ਗੱਲ ਕਰਦੇ ਹਾਂ ਪਰ ਕਾਨੂੰਨ ਵੀ ਸ਼ੋਸ਼ਣ ਕਰਨ ਦਾ ਇਕ ਸੰਦ ਬਣ ਜਾਂਦਾ ਹੈ, ਜਦੋਂ ਇਹ ਸਮਾਜ ਦੇ ਉੱਚ ਵਰਗ ਵਲੋਂ ਤਿਆਰ ਹੁੰਦਾ ਹੈ ਤੇ ਸਮਾਜ ਵਿੱਚ ਲਾਗੂ ਹੁੰਦਾ ਹੈ।

ਸ਼ਖ਼ਸੀਅਤ ਅਤੇ ਵਿਵਹਾਰ ਦਾ ਇੱਕ ਅਹਿਮ ਪਹਿਲੂ ਮਨ ਹੈ।ਮਨ, ਜੋ ਕਿ ਵਿਅਕਤੀ ਦੀ ਚਾਲਕ ਸ਼ਕਤੀ ਹੈ।ਮਨ, ਦਰਅਸਲ ਕਿਸੇ ਵੀ ਸ਼ਖ਼ਸ ਦੀ ਸ਼ਖ਼ਸੀਅਤ ਨਾਲ ਜੁੜਦਾ ਹੈ।ਮਨੁੱਖ ਸਰੀਰਕ ਹਸਤੀ ਦੇ ਤੌਰ ਤੇ ਪੈਦਾ ਹੁੰਦਾ ਹੈ ਤੇ ਉਸ ਦਾ ਮਨ ਸਮਾਜ ਵਿਚ ਮੇਲ-ਜੋਲ ਨਾਲ ਵਿਕਸਿਤ ਹੁੰਦਾ ਹੈ। ਮਨ ਦਾ ਵਿਕਸਿਤ ਹੋਣਾ, ਸ਼ਖ਼ਸੀਅਤ ਅਤੇ ਵਿਵਹਾਰ ਵਿਚ ਨਜ਼ਰ ਆਉਂਦਾ ਹੈ। ਮਨ ਬਾਰੇ ,ਸਮਾਜ ਵਿੱਚ ਅਕਸਰ ਜੋ ਪ੍ਰਗਟਾਇਆ ਜਾਂਦਾ ਹੈ ਕਿ ਮਨ ਦੀ ਤਾਕਤ , ਮਨ ਦਾ ਟੁੱਟਣਾ, ਮਨ ਮਾਰ ਕੇ ਰਹਿਣਾ, ਮਨ ਤੇ ਕਾਬੂ ਪਾਉਣਾ ਆਦਿ, ਇਹ ਸਭ ਕਿਸੇ ਦੇ ਮਾਨਸਿਕ ਵਜੂਦ ਦੇ ਕਾਰਨ ਹਨ, ਜਿਸ ਨੂੰ ਆਪਾ ਜਾਂ ਸਵੈ ਜਾਂ ਸੈਲਫ ਕਹਿੰਦੇ ਹਾਂ ਤੇ ਫਿਰ ਸਵੈ-ਭਰੋਸਾ, ਸਵੈ-ਕਾਬੂ, ਸਵੈ ਚੇਤਨਾ ਦੀ ਗੱਲ ਤੁਰਦੀ ਹੈ।ਭਾਵ ਉਹੀ ਜੋ ਆਪਾਂ ਜਾਣਿਆ ਹੈ- ਮਨ ਤੇ ਕਾਬੂ ਪਾਉਣਾ,ਸੁਚੇਤ ਹੋਣਾ,ਜਾਗਰੂਕ ਹੋਣਾ।

ਮਨ ਸਮਾਜ ਦੇ ਸੰਪਰਕਾਂ ਦੀ ਉਪਜ ਹੈ।ਪਰਿਵਾਰ, ਸਕੂਲ, ਪੜ੍ਹਾਈ, ਦੋਸਤ, ਆਪਣੇ ਜੀਵਨ ਦੇ ਤਜਰਬੇ, ਗਿਆਨ, ਲੋਕਾਂ ਨਾਲ ਮਿਲਣਾ, ਅਸੀਂ ਖੁਦ ਕਹਿੰਦੇ ਹਾਂ ਤੇ ਮਹਿਸੂਸ ਕਰਦੇ ਹਾਂ ਕਿ ਵਿਅਕਤੀ ਜਿੰਨੇ ਵੱਧ ਲੋਕਾਂ ਨੂੰ ਮਿਲਦਾ ਹੈ,ਪੜ੍ਹਦਾ ਹੈ,ਘੁੰਮਦਾ ਹੈ।ਤਜਰਬੇ ਕਰਦਾ ਹੈ, ਉਹ ਵੱਧ ਪ੍ਰੋੜ ਅਤੇ ਪਰਿਪੱਕ ਹੁੰਦਾ ਹੈ। ਮਨ, ਜਿਸਨੂੰ ਆਪਾਂ ਚਾਲਕ ਸ਼ਕਤੀ ਕਿਹਾ ਹੈ,ਇਹ ਮਨੁੱਖੀ ਵਿਵਹਾਰ ਰਾਹੀਂ ਸਾਹਮਣੇ ਆਉਂਦਾ ਹੈ ਜਿਵੇਂ ਖੁਸ਼, ਉਦਾਸ, ਉਤਸਾਹਿਤ, ਨਿਰਾਸ਼,ਖਿਝਿਆ,ਚੁੱਪਚਾਪ ਆਦਿ।

ਮਨ ਦੀ ਉਸਾਰੀ ਵੇਲੇ ਬੱਚਾ ਜੇਕਰ ਕੁਝ ਪੁੱਛਦਾ ਹੈ ਤਾਂ ਮਾਂ ਪਿਉ ਘੂਰਦੇ ਹਨ, ਅਧਿਆਪਕ ਸਜ਼ਾ ਦਿੰਦੇ ਹਨ, ਮੋਹਤਬਰ ਝਿੜਕਦੇ ਹਨ, ਮੂੰਹ ਨਾ ਲਗਣ ਦੀ ਗੱਲ ਕਰਦੇ ਹਨ, ਸਮਾਜਿਕ ਤੌਰ ਤੇ ਛੇਕ ਦਿੰਦੇ ਹਨ, ਧਰਮ ਕੋਲ ਕੋਈ ਠੋਸ ਜਵਾਬ ਨਹੀਂ, ਸਿਰਫ ਰਹੱਸਵਾਦ ਹੈ- ਨੀਲੀ ਛਤਰੀ ਵਾਲਾ। ਰਾਜਨੇਤਾ ਆਪਣੀਆਂ ਰੋਟੀਆਂ ਸੇਕਦੇ ਹਨ। ਇਹੀ ਤਾਂ ਸ਼ਖ਼ਸ ਨੇ, ਜਿਨ੍ਹਾਂ ਨੇ ਕਿਸੇ ਦੀ ਸ਼ਖ਼ਸੀਅਤ ਉਸਾਰੀ ਵਿਚ ਯੋਗਦਾਨ ਪਾਉਣਾ ਹੁੰਦਾ ਹੈ ਪਰ ਜਿਸ ਤਰ੍ਹਾਂ ਦਾ ਇਹ ਵਿਅਕਤੀ ਵਿਵਹਾਰ ਕਰਦੇ ਹਨ, ਉਸ ਨਾਲ ਇਕ ਅਜਿਹਾ ਸਮਾਜ ਸਿਰਜਿਆ ਜਾਂਦਾ ਹੈ, ਜੋ ਜ਼ੁਬਾਨ ਰਖਦਿਆਂ ਵੀ ਗੂੰਗੇ ਹੋਣ, ਪੂਰੀਆਂ ਸਹੀ ਸਲਾਮਤ ਹੱਡੀਆਂ ਦੇ ਹੁੰਦਿਆਂ ਵੀ ਕਮਰ ਝੁਕਾ ਕੇ ਰੱਖਣ, ਲੱਤਾਂ ਦੀਆਂ ਮਾਸਪੇਸ਼ੀਆਂ ਠੀਕ-ਠਾਕ ਹੁੰਦਿਆਂ ਵੀ ਦੌੜ ਨਾ ਸਕਣ।

ਸਰੀਰ ਵਿਗਿਆਨ ਇਹ ਨਹੀਂ ਮੰਨਦਾ ਕਿ ਸਮਰੱਥਾ ਦੀ ਘਾਟ ਕਿਸੇ ਵਿਚ ਹੁੰਦੀ ਹੈ। ਮੰਦਬੁੱਧੀ ਬੱਚੇ ਪੈਦਾ ਹੋਣਾ ਤੇ ਠੀਕ ਠਾਕ ਬੱਚੇ ਦਾ ਪੈਦਾ ਹੋ ਕੇ ਮੰਦਬੁੱਧੀ ਹੋ ਜਾਣਾ, ਪਿੱਛੇ ਕਾਰਨਾਂ ਦੀ ਭਾਲ ਕੀਤੀ ਗਈ ਹੈ। ਦਰਅਸਲ ਕਿਸੇ ਦੀ ਸਮਰੱਥਾ 'ਤੇ ਕਿੰਤੂ ਲਗਾਉਣ ਵਾਲਾ ਉਹ ਵਰਗ ਹੈ ਜੋ ਇਸ ਧਰਤੀ ਦੀ ਸੱਤਾ ਤੇ ਖੁਦ ਕਾਬੂ ਰਹਿਣਾ ਚਾਹੁੰਦਾ ਹੈ, ਆਪਣੀ ਸਰਦਾਰੀ ਨੂੰ ਕਾਇਮ ਰੱਖਣ ਦਾ ਚਾਹਵਾਨ ਹੈ ਤੇ ਉਸ ਨੂੰ ਨਾਬਰਾਬਰੀ ਵਾਲਾ ਫਾਰਮੂਲਾ ਸਭ ਤੋਂ ਵੱਧ ਅਸਰਦਾਰ ਲਗਦਾ ਹੈ ਤੇ ਉਸ ਵਰਗ ਦੀ ਕੋਸ਼ਿਸ਼ ਰਹਿੰਦੀ ਹੈ ਕਿ ਨਾਬਰਾਬਰੀ ਦੇ ਫਲਸਫੇ ਨੂੰ ਕੁਦਰਤ ਦੀ ਲੋੜ ਨਾਲ ਜੋੜ ਕੇ ਪੇਸ਼ ਕੀਤਾ ਜਾਵੇ। ਇਸ ਨੂੰ ਜਾਇਜ ਠਹਿਰਾਇਆ ਜਾਵੇ।ਸਮਾਜ ਵਿੱਚ ਕੰਮ-ਵੰਡ ਦੀ ਲੋੜ ਨੂੰ, ਵੱਖ ਵੱਖ ਜੀਵਾਂ ਨਾਲ ਜੋੜ ਕੇ ਉਦਾਹਰਨਾਂ ਦਿੱਤੀਆਂ ਜਾਂਦੀਆਂ ਹਨ। ਸ਼ੇਰ ਰਾਜਾ ਹੈ, ਕੁੱਝ ਜੀਵ ਸਿਆਣੇ ਹਨ, ਕੁਝ ਸਿਰਫ ਕਾਮੇ ਹਨ ਪਰ ਉਦੋਂ ਇਹ ਭੁੱਲ ਜਾਂਦੇ ਹਨ ਕਿ ਇਹ ਵੰਡ ਮਨੁੱਖ ਜਾਤੀ ਤੇ ਕਿਵੇਂ ਲਾਗੂ ਹੋ ਸਕਦੀ ਹੈ ਜੋ ਕਿ ਚਾਹੇ ਧਰਤੀ ਦੇ ਕਿਸੇ ਵੀ ਕੋਨੇ ਵਿੱਚ ਰਹਿੰਦਾ ਹੋਵੇ, ਆਪਣੇ ਆਪ ਵਿੱਚ ਇਕੋ ਵਰਗ ਹਨ। ਸ਼ੇਰ ਜੇ ਰਾਜਾ ਹੈ ਤਾਂ ਸ਼ੇਰ ਨੌਕਰ ਜਾਂ ਕਾਮਾ ਨਹੀਂ ਹੈ ਪਰ ਇਹ ਗੱਲ, ਮਨੁੱਖਾਂ ਨੂੰ ਵੰਡ ਕੇ ਪੇਸ਼ ਕਰਨਾ, ਸਰਾਸਰ ਇੱਕ ਵਰਗ ਦੀ ਦੂਸਰੇ ਪ੍ਰਤੀ ਜਿਆਦਤੀ ਹੈ। ਇੱਕ ਵਿਗਿਆਨਕ ਸੂਤਰ ਹੈ ਕਿ ਜੇਕਰ ਸਭ ਨੂੰ ਇਕੋ ਜਿਹੇ, ਬਰਾਬਰ ਮੌਕੇ ਅਤੇ ਮਹੌਲ ਮਿਲੇ ਤਾਂ ਕੋਈ ਅਜਿਹੀ ਗੱਲ ਨਹੀਂ ਕਿ ਸਾਰੇ

ਆਪਣੀਆਂ ਸਮਰੱਥਾਵਾਂ ਤੇ ਕਾਬਲੀਅਤਾਂ ਨੂੰ ਵੱਧ ਤੋਂ ਵੱਧ ਨਾ ਪ੍ਰਗਟਾ ਸਕਣ।

ਵਿਗਿਆਨਕ ਵਿਕਾਸ ਅਤੇ ਪੜ੍ਹਾਈ ਦੇ ਸਰਵ ਵਿਆਪੀ ਬਦਲੇ ਹੋਏ ਮਹੌਲ ਨੇ ਅਤੇ ਕਾਨੂੰਨ ਨਾਲ ਹਾਸਿਲ ਕੀਤੇ ਹੱਕਾਂ ਨੇ, ਪਛੜੇ ਵਰਗ ਦੇ ਲੋਕਾਂ ਦੀ ਸ਼ਖ਼ਸੀਅਤ ਨੂੰ ਉਸਾਰਨ ਅਤੇ ਨਿਖਾਰਨ ਵਿਚ ਆਪਣੀ ਭੂਮਿਕਾ ਅਦਾ ਕੀਤੀ ਹੈ। ਇਸ ਤਰ੍ਹਾਂ ਇਹ ਹਾਲਤ ਦਰਸਾਉਂਦੀ ਹੈ ਕਿ ਕਿਵੇਂ ਜਾਣ-ਬੁੱਝ ਕੇ ਕਿਸੇ ਨੂੰ ਸਹੂਲਤਾਂ ਤੋਂ ਵਾਂਝਾ ਰੱਖ ਕੇ ਨਿਗੂਣਾ ਬਣਾਇਆ ਜਾਂਦਾ ਹੈ। ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਇਹ ਨਿਗੂਣਾਪਣ ਕੁਦਰਤੀ ਨਹੀਂ ਹੈ।

ਇਸਦੇ ਵਿਰੁੱਧ ਜਦੋਂ ਵਿਤਕਰੇ ਅਤੇ ਨਾਬਰਾਬਰੀ ਦਾ ਨਿਰੰਤਰ ਮਾਹੌਲ ਰਹੇ, ਤਾਂ ਵਿਅਕਤੀ ਨੂੰ ਆਪਣੀ ਕਾਬਲੀਅਤ ਤੇ ਸ਼ੱਕ ਹੋਣ ਲਗਦਾ ਹੈ,ਆਪਣੇ ਆਪ ਤੇ ਭਰੋਸਾ ਮੁੱਕ ਜਾਂਦਾ ਹੈ। ਇਹ ਵਿਅਕਤੀ ਉਦਾਸ-ਨਿਰਾਸ ਹਾਲਤ ਵਿੱਚ ਇਕ ਤੁਰਦੀ ਫਿਰਦੀ ਹੋਈ ਲਾਸ਼ ਬਣ ਕੇ ਰਹਿ ਜਾਂਦਾ ਹੈ। ਕਈ ਲੋਕ ਨਸ਼ਿਆਂ ਵਿੱਚ ਲੱਗ ਜਾਂਦੇ ਹਨ ਤੇ ਕਈ ਇਸ ਤੋਂ ਵੀ ਅੱਗੇ ਗੈਰ ਸਮਾਜਿਕ ਕੰਮ ਵਿਚ ਲਗ ਜਾਂਦੇ ਹਨ।ਆਪਾਂ ਦੇਖ ਸਕਦੇ ਹਾਂ ਕਿ ਇਸ ਪਛੜੇ-ਲਿਤਾੜੇ ਅਤੇ ਗਰੀਬ ਵਰਗ ਨੂੰ ਇਨ੍ਹਾਂ ਹਾਲਾਤਾਂ ਵਿੱਚ ਧੱਕਿਆ ਜਾਂਦਾ ਹੈ ਤੇ ਫਿਰ ਜੁਰਮਾਂ ਵਲ ਲਾਇਆ/ਫਸਾਇਆ ਜਾਂਦਾ ਹੈ। ਫਿਰ ਜੁਰਮ ਨੂੰ ਗਰੀਬੀ ਅਤੇ ਪਛੜੀ ਜਾਤ ਨਾਲ ਜੋੜਕੇ ਉਭਾਰਿਆ ਜਾਂਦਾ ਹੈ।ਪਹਿਲਾਂ ਉਸ ਨੂੰ ਕਮਜ਼ੋਰ ਸ਼ਖ਼ਸੀਅਤ ਦੀ ਉਸਾਰੀ ਵਾਲਾ ਮਾਹੌਲ ਦੇ ਕੇ, ਭੁਰਭੁਰੀ ਸ਼ਖ਼ਸੀਅਤ ਉਸਾਰ ਕੇ ਦਿੱਤੀ ਜਾਂਦੀ ਹੈ ਤੇ ਇਸ ਸ਼ਖ਼ਸੀਅਤ ਦੇ ਟੁੱਟਣ, ਖੇਰੂ ਖੇਰੂ ਹੋਣ ਲਈ ਉਨ੍ਹਾਂ ਨੂੰ ਹੀ ਕਸੂਰਵਾਰ ਠਹਿਰਾਇਆ ਜਾਂਦਾ ਹੈ।


ਜਦੋਂ ਅਸੀਂ ਵੱਖ-ਵੱਖ ਮਾਹੌਲ ਵਿੱਚ ਪਲੇ, ਵੱਡੇ ਹੋਏ ਬੱਚਿਆਂ ਦੇ ਬੌਧਿਕ ਵਿਕਾਸ ਵਿੱਚ ਫਰਕ ਕੱਢ ਕੇ ਦਿਖਾਉਂਦੇ ਹਾਂ, ਉਨ੍ਹਾਂ ਦੀ ਸਕੂਲੀ ਕਾਰਗੁਜਾਰੀ ਦੀ ਤੁਲਨਾ ਕਰਦੇ ਹਾਂ, ਅਸੀਂ ਬੜੇ ਮਾਣ ਨਾਲ ਗਰੀਬ-ਲਿਤਾੜੇ ਵਰਗ ਦੇ ਬੱਚਿਆਂ ਨੂੰ ਬੇਅਕਲੇ ਕਹਿ ਦਿੰਦੇ ਹਾਂ ਤੇ ਕਹਿੰਦੇ ਹਾਂ ਕਿ ਇਹ ਸਿੱਖ ਹੀ ਨਹੀਂ ਸਕਦੇ, ਇਨ੍ਹਾਂ ਦੇ ਦਿਮਾਗ ਵਿੱਚ ਤੂੜੀ ਭਰੀ ਹੈ ਪਰ ਰੋਜ ਸ਼ਾਮ ਦੀ ਰੋਟੀ ਦਾ ਫ਼ਿਕਰ, ਵਾਰ-ਵਾਰ ਬੀਮਾਰ ਹੋਣਾ ਤੇ ਬੀਮਾਰੀ ਅਤੇ ਭੁੱਖ ਦੀ ਹਾਲਤ ਵਿੱਚ ਕਿਤਾਬਾਂ ਵੱਲ ਧਿਆਨ ਨਾ ਲਗਣਾ, ਖ਼ੂਨ ਦੀ ਘਾਟ ਵੇਲੇ ਦਿਮਾਗ ਦਾ ਪੂਰੀ ਤਰ੍ਹਾਂ ਕਾਰਜਸ਼ੀਲ ਨਾ ਹੋਣਾ, ਪ੍ਰਮਾਣਿਤ ਪੱਖ ਹਨ ਜੋ ਕਿ ਇਹ ਸਭ ਕਿਸੇ ਨੂੰ ਬੌਧਿਕ ਤੌਰ ਤੇ ਕਮਜ਼ੋਰ ਕਰਦੇ ਹਨ। ਇਸਦੇ ਉਲਟ ਵੱਧ ਸਹੂਲਤਾਂ, ਚੰਗੀ ਖ਼ੁਰਾਕ, ਸਕੂਲ ਦਾ ਵਧੀਆ ਮਾਹੌਲ, ਇੱਕ-ਇੱਕ ਬੱਚੇ 'ਤੇ ਵਿਸ਼ੇਸ਼ ਧਿਆਨ ਕੇਂਦ੍ਰਿਤ ਕਰਨਾ ਤੇ ਉਨ੍ਹਾਂ ਨੂੰ ਦਿਲਚਸਪੀ ਨਾਲ ਪੜ੍ਹਾਉਣਾ, ਇਸ ਫ਼ਰਕ ਨੂੰ ਹੋਰ ਵਧਾ ਦਿੰਦੇ ਹਨ।ਪੜ੍ਹਾਈ ਆਪਣੇ-ਆਪ ਵਿੱਚ ਸ਼ਖ਼ਸੀਅਤ ਵਿਕਾਸ ਦਾ ਪ੍ਰਭਾਵਸ਼ਾਲੀ ਪੱਖ ਹੈ। ਸਮਾਜਿਕ ਨਾ-ਬਰਾਬਰੀ ਦਾ ਇੱਕ ਪ੍ਰਭਾਵ ਪੜ੍ਹਾਈ ਨਾ ਕਰ ਸਕਣ ਵਿਚ ਵੀ ਦੇਖਿਆ ਜਾ ਸਕਦਾ ਹੈ।

ਇਸ ਤਰ੍ਹਾਂ ਨਾ ਬਰਾਬਰੀ ਵਾਲੀ ਸਮਾਜਿਕ ਵਿਵਸਥਾ, ਸ਼ਖ਼ਸੀਅਤ ਉਸਾਰੀ ਨੂੰ ਥੋੜਾ ਨਹੀਂ, ਇਕ ਬਹੁਤ ਵੱਡੇ ਪਰਿਪੇਖ ਤੋਂ ਸੱਟ ਮਾਰਦੀ ਹੈ ਤੇ ਵਿਅਕਤੀ ਨੂੰ ਆਪਣੀ ਕਾਬਲੀਅਤ ਪੱਖੋਂ ਅਪਾਹਿਜ ਕਰਦੀ ਹੈ।

098158-08506

ਮਨੋਰੋਗ ਮਾਹਿਰ ਦੀ ਕਲਮ ਤੋਂ

ਡਾ. ਬਲਵੰਤ ਸਿੱਧੂ



?

ਸੁਆਲ :– ਅੱਜ ਕੱਲ ਬੱਚਿਆਂ ਅਤੇ ਨੌਜੁਆਨਾਂ ਵਿੱਚ ਹਿੰਸਾ ਬਹੁਤ ਵੱਧ ਰਹੀ ਹੈ। ਇਸ ਦੇ ਕੀ ਕਾਰਣ ਹਨ ਅਤੇ ਇਨ੍ਹਾਂ ਦਾ ਹੱਲ ਵੀ ਸੁਝਾਉ?

ਜੁਆਬ:- ਪਿਛਲੇ ਅੰਕ ਵਿੱਚ ਹਿੰਸਾ ਅਤੇ ਇਸ ਦੇ ਕਾਰਣਾਂ ਬਾਰੇ ਚਰਚਾ ਕੀਤੀ ਗਈ ਸੀ। ਆਉ ਹੁਣ ਇਸ ਦੇ ਹੱਲ ਬਾਰੇ ਵਿਚਾਰ ਕਰੀਏ।

ਸਮਾਜ ਵਿੱਚ ਹਿੰਸਾ ਰੋਕਣ ਦੇ ਉਪਰਾਲੇ ਅਤੇ ਇਸ ਦੀ ਰੋਕ-ਥਾਮ ਦੀ ਜਿੰਮੇਵਾਰੀ ਸਾਡੇ ਸਾਰਿਆਂ ਉੱਤੇ ਆਉਂਦੀ ਹੈ। ਸਕੂਲਾਂ, ਕਾਲਜਾਂ ਅਤੇ ਹੋਰ ਵਿਦਿਅਕ ਅਦਾਰਿਆਂ ਵਿੱਚ ਉਥੋਂ ਦੇ ਅਧਿਕਾਰੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ 'ਤੇ ਆਉਂਦੀ ਹੈ। ਕਿਸੇ ਵੀ ਹੋਰ ਅਦਾਰੇ ਵਿੱਚ ਉਥੋਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਉੱਪਰ ਆਉਂਦੀ ਹੈ। ਸਰਕਾਰ ਦੇ ਕਈ ਵਿਭਾਗ ਜਿਵੇਂ ਕਿ ਪੁਲੀਸ ਤੇ ਨਿਆਂਪਾਲਿਕਾ ਦਾ ਬਹੁਤ ਅਹਿਮ ਰੋਲ ਹੈ। ਕਿਸੇ ਵੀ ਸਕੂਲ ਕਾਲਜ ਜਾਂ ਹੋਰ ਅਦਾਰੇ ਵਿੱਚ ਸੰਬੰਧਿਤ ਜਿੰਮੇਵਾਰ ਵਿਅਕਤੀਆਂ ਨੂੰ ਹੇਠ ਲਿਖੇ ਨੁਕਤੇ ਨਜ਼ਰ ਵਿੱਚ ਰੱਖਣੇ ਚਾਹੀਦੇ ਹਨ:–

- ਕਿਸੇ ਵੀ ਹਿੰਸਾ ਦੇ ਖਤਰੇ ਦੀ ਪਹਿਚਾਣ ਕਰਨੀ (ਕਿੱਥੇ ਹਿੰਸਾ ਹੋਣ ਦੀ ਸੰਭਾਵਨਾ ਹੈ?)
- ਖਤਰੇ ਦਾ ਮੁਲਾਂਕਣ ਕਰਨਾ (ਖਤਰਾ ਕਿੰਨਾ ਵੱਡਾ ਹੈ ਅਤੇ ਕੌਣ ਪ੍ਰਭਾਵਿਤ ਹੋਏਗਾ)
- ਹਿੰਸਾ ਹੋਣ ਦੇ ਖਤਰੇ ਦੇ ਸਾਰੇ ਕਾਰਣ ਪਤਾ ਲਗਾਉਣੇ।
- ਵਿਚਾਰ ਕਰਨਾ ਕਿ ਰੋਕਥਾਮ ਦੇ ਕਿਹੜੇ ਕਦਮ ਲੋੜੀਂਦੇ ਹੋਣਗੇ?
- ਲੋੜ ਪੈਣ ਤੇ ਕਿਸੇ ਤਜਰਬੇਕਾਰ ਤੇ ਮਾਹਿਰ ਸ਼ਖਸ, ਗਰੁੱਪ ਜਾਂ ਅਦਾਰੇ ਦੀ ਸਲਾਹ ਜਾਂ ਮਦਦ ਲੈਣਾ।
- ਰੋਕਥਾਮ ਦੇ ਕਦਮ ਸਹੀ ਤਰੀਕੇ ਤੇ ਨਿਰਪੱਖਤਾ ਨਾਲ ਲਾਗੂ ਕਰਨਾ।
- ਉਪਰੋਕਤ ਕਦਮਾਂ ਦੇ ਅਸਰ ਦਾ ਮੁਲਾਂਕਣ ਕਰਨਾ।
- ਹਾਲਤਾਂ ਦਾ ਦੁਬਾਰਾ ਤੇ ਬਾਰ ਬਾਰ ਜਾਇਜ਼ਾ ਲੈਣਾ।

ਭਵਿੱਖ ਵਿੱਚ ਪਹਿਲਾਂ ਹੀ ਬਚਾਅ ਦੇ ਤਰੀਕੇ ਇਸਤੇਮਾਲ ਕਰਨੇ(Preventive Measures)।

ਵਿਦਿਅਕ ਅਦਾਰਿਆਂ ਵਿੱਚ ਹਿੰਸਾ:– ਅਖਾਵਤ ਹੈ ਕਿ ਕੋਈ ਵੀ ਅਦਾਰਾ ਅਪਣੇ ਮੁਖੀ ਦਾ ਵੱਡਾ ਪਰਛਾਵਾਂ ਹੀ ਹੁੰਦਾ ਹੈ। ਸੋ ਕਿਸੇ ਵੀ ਅਦਾਰੇ ਦਾ ਮਾਹੌਲ ਉਥੋਂ ਦੇ ਮੁੱਖੀ ਅਤੇ ਸੀਨੀਅਰ ਅਧਿਕਾਰੀਆਂ, ਅਧਿਆਪਕਾਂ ਉੱਤੇ ਨਿਰਭਰ ਕਰਦਾ ਹੈ। ਅਦਾਰੇ ਅੰਦਰ ਅਨੁਸ਼ਾਸਨ ਰੱਖਣਾ ਅਧਿਕਾਰੀਆਂ ਦੀ ਅਹਿਮ ਜਿੰਮੇਵਾਰੀ ਹੈ। ਆਮ ਤੌਰ ਤੇ ਕਿਸੇ ਵੀ ਅਦਾਰੇ ਅੰਦਰ ਹਿੰਸਾ ਕਦੇ ਵੀ ਇੱਕ ਦਮ ਸ਼ੁਰੂ ਨਹੀ ਹੁੰਦੀ। ਜੇ ਮਾਹੌਲ ਸੁਖਾਵਾਂ ਹੈ ਅਤੇ ਅਧਿਕਾਰੀਆਂ/ਅਧਿਆਪਕਾਂ ਦਾ ਬੱਚਿਆਂ/ਨੌਜਵਾਨਾਂ ਨਾਲ ਤਾਲਮੇਲ ਠੀਕ ਹੈ ਤਾਂ ਕੋਈ ਵੀ ਅਣਸੁਖਾਵੀਂ ਘਟਨਾ ਹਿੰਸਾ ਪੈਦਾ ਨਹੀਂ ਕਰਦੀ। ਆਮ ਤੌਰ ਤੇ ਕੋਈ ਵੀ ਮਸਲਾ ਜ਼ਿਆਦਾਤਰ ਅਧਿਕਾਰੀਆਂ ਦੀ ਲਾਪਰਵਾਹੀ ਕਰਕੇ ਹੀ ਹੱਥੋਂ ਬਾਹਰ ਨਿਕਲਦਾ ਹੈ ਅਤੇ ਹਿੰਸਾਤਮਕ ਰੂਪ ਧਾਰਣ ਕਰ ਸਕਦਾ ਹੈ। ਕਿਸੇ ਵੀ ਘਟਨਾ ਤੇ ਫੌਰੀ ਧਿਆਨ ਦੇਣਾ ਅਤੇ ਉਚਿੱਤ ਕਾਰਵਾਈ ਕਰਨਾ ਮਸਲੇ ਦਾ ਨਿਪਟਾਰਾ ਕਰ ਦਿੰਦਾ ਹੈ। ਅਦਾਰੇ ਅੰਦਰ ਸ਼ਰਾਰਤੀ ਅਨਸਰਾਂ ਅਤੇ ਨਸ਼ੇ ਕਰਨ ਵਾਲੇ ਨੌਜੁਆਨਾਂ ਤੇ ਵਿਸ਼ੇਸ਼ ਤੌਰ 'ਤੇ ਨਿਗਾਹ ਰੱਖਣ ਦੀ ਲੋੜ ਹੁੰਦੀ ਹੈ। ਇਮਾਨਦਾਰ, ਮਿਹਨਤੀ ਅਤੇ ਨਿਰਪੱਖ ਅਧਿਕਾਰੀਆਂ/ਕਰਮਚਾਰੀਆਂ ਤੇ ਅਧਿਆਪਕਾਂ ਨੂੰ ਤਰਜੀਹ ਦੇਣਾ ਅਤੇ ਸ਼ਰਾਰਤੀ ਵਿਅਕਤੀਆਂ ਨੂੰ ਤਰਜੀਹ ਨਾ ਦੇਣਾ ਬਹੁਤ ਅਹਿਮ ਕਦਮ ਹੁੰਦੇ ਹਨ। ਪ੍ਰੋਫੈਸ਼ਨਲ ਕਾਲਜਾਂ ਵਿੱਚ ਰੈਗਿੰਗ ਇੱਕ ਬਹੁਤ ਭੈੜੀ ਬਿਮਾਰੀ ਪ੍ਰਚੱਲਤ ਹੈ ਜਿਸ ਕਰਕੇ ਹਰ ਕਲਾਸ ਵਿੱਚ ਸ਼ੁਰੂ ਵਿੱਚ ਹੀ ਗਰੁੱਪ ਬਣ ਜਾਂਦੇ ਹਨ ਅਤੇ ਵੈਰ-ਵਿਰੋਧ ਦੀ ਭਾਵਨਾ ਜਨਮ ਲੈ ਲੈਂਦੀ ਹੈ। ਸੁਪਰੀਮ ਕੋਰਟ ਵੱਲੋਂ ਰੈਗਿੰਗ ਨੂੰ ਗੈਰ ਕਾਨੂੰਨੀ ਕਰਾਰ ਦੇਣ ਦੇ ਨਾਲ ਨਾਲ ਇਸ ਨੂੰ ਰੋਕਣ ਦੇ ਉਪਾਅ ਲਾਗੂ ਕਰਨ ਲਈ ਹਰ ਸਕੂਲ/ਕਾਲਜ ਨੂੰ ਸਖਤ ਹਿਦਾਇਤਾਂ ਕੀਤੀਆਂ ਗਈਆਂ ਹਨ। ਇਹਨਾਂ ਕਦਮਾਂ ਦੀ ਸਹੀ ਪਾਲਣਾ ਕਰਨ ਨਾਲ ਵੀ ਹਿੰਸਾ ਬਹੁਤ ਹੱਦ ਤੱਕ ਘੱਟ ਜਾਂਦੀ ਹੈ।

ਕਲਾਸ ਟੀਚਰ ਵੱਲੋਂ ਹਰ ਵਿਦਿਆਰਥੀ ਨੂੰ ਖੇਡਾਂ ਅਤੇ

ਹੋਰ ਕਲਚਰਲ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਨਾ ਵੀ ਬਹੁਤ ਕਾਰਗਰ ਕਦਮ ਹੁੰਦੇ ਹਨ। ਸਕੂਲਾਂ ਕਾਲਜਾਂ ਵਿੱਚ ਖਿਡਾਰੀਆਂ, ਕਲਾਕਾਰਾਂ ਤੇ ਚੰਗੇ ਵਿਦਿਆਰਥੀਆਂ ਨੂੰ ਹੱਲਾ ਸ਼ੇਰੀ ਤੇ ਤਰਜੀਹ ਦੇਣੀ ਵੀ ਬਹੁਤ ਜਰੂਰੀ ਹੈ। ਨੌਜੁਆਨਾਂ ਨੂੰ ਅਦਾਰੇ ਦੀਆਂ ਪਾਲਸੀਆਂ ਤੇ ਹੋਰ ਗਤੀਵਿਧਿਆਂ ਵਿੱਚ ਸ਼ਾਮਲ ਕਰਨਾ ਵੀ ਅਹਿਮ ਕਦਮ ਹਨ।

ਸਭ ਕੁਝ ਕਰਨ ਦੇ ਬਾਵਜੂਦ ਵੀ ਕੁਝ ਨੌਜੁਆਨ ਅਜੇਹੇ ਹੁੰਦੇ ਹਨ ਜੋ ਸ਼ਰਾਰਤਾਂ ਕਰਨ ਤੋਂ ਬਾਜ ਨਹੀ ਆਉਂਦੇ। ਅਜੇਹੇ ਨੌਜੁਆਨਾਂ ਦੇ ਮਾਂ-ਬਾਪ ਬੁਲਾ ਕੇ ਵਾਰਨਿੰਗ ਦੇਣੀ, ਅਤੇ ਉਹਨਾਂ 'ਤੇ ਵਿਸ਼ੇਸ਼ ਧਿਆਨ ਰੱਖਣਾ ਬਹੁਤ ਜਰੂਰੀ ਕਦਮ ਹਨ ਅਤੇ ਦੁਬਾਰਾ ਜਾਣਬੁਝ ਕੇ ਸ਼ਰਾਰਤ ਜਾਂ ਸਿੱਧੇ ਤੌਰ ਤੇ ਹਿੰਸਾ ਕਰਨ ਤੇ ਇਹਨਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨਾ ਬਹੁਤ ਜਰੂਰੀ ਹੁੰਦਾ ਹੈ। ਅਦਾਰੇ 'ਤੇ ਬਾਹਰੋਂ ਕਿਸੇ ਸਿਆਸੀ ਜਾਂ ਧਾਰਮਿਕ ਜਾਂ ਕਿਸੇ ਹੋਰ ਗਰੁੱਪ ਦਾ ਦਖਲ ਰੋਕਣਾ ਬਹੁਤ ਲਾਜਮੀ ਅਤੇ ਅਸਰਦਾਰ ਕਦਮ ਹੁੰਦੇ ਹਨ।

ਪਰਿਵਾਰ ਵਿੱਚ ਹਿੰਸਾ:-ਜ਼ਿਆਦਾਤਰ ਹਿੰਸਾਤਮਕ ਵਿਵਹਾਰ ਦੀ ਸ਼ੁਰੂਆਤ ਪਰਿਵਾਰ ਤੋਂ ਹੀ ਹੁੰਦੀ ਹੈ ਇਸ ਲਈ ਪਰਿਵਾਰਿਕ ਹਿੰਸਾ ਨੂੰ ਸਮਝਣਾ ਅਤੇ ਰੋਕਣਾ ਬਹੁਤ ਅਹਿਮ ਪਹਿਲੂ ਹਨ। ਪਰਿਵਾਰ ਅੰਦਰ ਜਿਹੜੇ ਕਾਰਣ ਜ਼ਿਆਦਾ ਮਹੱਤਵ ਪੂਰਣ ਹਨ ਉਹਨਾਂ ਨੂੰ ਕੰਟਰੋਲ ਕਰਨਾ ਬਹੁਤ ਜ਼ਰੂਰੀ ਹੈ। ਪਰਿਵਾਰ ਅੰਦਰ ਕੁਝ ਪਹਿਲੂ ਬਹੁਤ ਮਹੱਤਵ-ਪੂਰਣ ਹੁੰਦੇ ਹਨ ਜਿਵੇਂ ਕਿ:

- ਸੁਖਾਵਾਂ ਵਾਤਾਵਰਣ
- ਨਸ਼ਿਆਂ ਦਾ ਕੰਟਰੋਲ
- ਬੁਰੀਆਂ ਆਦਤਾਂ ਦਾ ਕੰਟਰੋਲ
- ਉਸਾਰੂ ਮਨੋਰੰਜਨ
- ਅਨੁਸ਼ਾਸਿਤ ਜਿੰਦਗੀ
- ਚੰਗੇ ਰਿਸ਼ਤੇਦਾਰਾਂ ਤੇ ਮਿਤਰਾਂ ਦਾ ਰੋਲ
- ਖਰਾਬ ਹਾਲਤਾਂ ਵਿੱਚ ਵੀ ਆਪਣਾ ਸਵੈ-ਕਾਬੂ
- ਨਾ ਖੋਣਾ
- ਮਾਪਿਆਂ ਦਾ ਦੁਚਿੱਤੀ ਵਿੱਚ ਨਾ ਰਹਿਣਾ
- ਸਹੀ ਫੈਸਲੇ ਲੈ ਕੇ ਦਲੇਰੀ ਨਾਲ ਅਮਲ ਕਰਨਾ

ਸ਼ਰਮ ਨਾ ਕਰਨਾ ਤੇ ਮਨੋਰੋਗ ਮਾਹਿਰ/ਮਨੋਵਿਗਿਆਨੀ ਦੀ ਮਦਦ ਲੈਣਾ:-

ਪਰਿਵਾਰ ਅੰਦਰ ਸਹੀ ਮਾਹੌਲ ਰੱਖਣ ਦੀ ਜਿੰਮੇਵਾਰੀ ਬੇਸ਼ਕ ਘਰ ਦੇ ਸਾਰੇ ਮੈਂਬਰਾਂ ਤੇ ਹੁੰਦੀ ਹੈ ਪਰ ਫਿਰ ਵੀ ਪਰਿਵਾਰ ਦੇ ਮੁਖੀ ਜਾਂ ਮਾਂ-ਪਿਉ ਦੀ ਭੂਮਿਕਾ ਬਹੁਤ ਅਹਿਮ ਹੈ। ਘਰ ਦਾ ਮਾਹੌਲ ਬੱਚਿਆਂ/ਨੌਜੁਆਨਾ ਦੇ ਵਿਵਹਾਰ ਤੇ ਬਹੁਤ ਅਸਰ ਪਾਉਂਦਾ ਹੈ। ਬੱਚਿਆਂ ਨੂੰ ਸਮਾਂ ਦੇਣਾ, ਉਨ੍ਹਾਂ ਨਾਲ ਤਾਲ-ਮੇਲ ਰੱਖਣਾ, ਉਨ੍ਹਾਂ ਦੀਆਂ ਲੋੜਾਂ ਅਤੇ ਮੁਸ਼ਕਿਲਾਂ ਤੇ ਧਿਆਨ ਰੱਖਣਾ ਮਾਂ-ਬਾਪ ਦੀ ਸਭ ਤੋਂ ਵੱਡੀ ਜਿੰਮੇਵਾਰੀ ਹੈ। ਪਤੀ-ਪਤਨੀ ਜਾਂ ਮਾਪਿਆਂ ਦਾ ਆਪਸ ਵਿੱਚ ਭੈੜਾ ਵਿਵਹਾਰ ਵੀ ਬੱਚਿਆਂ/ਨੌਜੁਆਨਾਂ ਨੂੰ ਗਲਤ ਸਿਖਿਆ ਦਿੰਦਾ ਹੈ। ਵੱਡਿਆਂ ਵਡੇਰਿਆਂ ਦਾ ਨਸ਼ਾ ਕਰਨਾ ਜਾਂ ਹੋਰ ਗਲਤ ਆਦਤਾਂ ਜਿਵੇਂ ਕਿ ਜੂਆ/ਲਾਟਰੀਆਂ ਆਦਿ ਬਹੁਤ ਗਲਤ ਅਸਰ ਪਾਉਂਦੇ ਹਨ। ਇਸ ਤੋਂ ਬਿਨਾਂ ਇੱਕ ਹੋਰ ਚੀਜ਼ ਜੋ ਬਹੁੱਤ ਹੀ ਗਲਤ ਅਸਰ ਪਾਉਂਦੀ ਹੈ ਉਹ ਹੈ ਵੱਡਿਆ ਦਾ ਘਰ ਵਿੱਚ ਵਿਹਲੇ ਰਹਿਣਾ ਤੇ ਕੋਈ ਕੰਮ ਨਾ ਕਰਨਾ । ਵੱਡਿਆਂ ਦੀ ਆਪਣੀ ਅਨੁਸ਼ਾਸਿਤ ਜ਼ਿੰਦਗੀ ਦਾ ਬਹੁਤ ਸਕਾਰਾਤਮਕ ਰੋਲ ਹੈ। ਜਿਥੇ ਚੰਗੇ ਮਿੱਤਰਾਂ, ਰਿਸ਼ਤੇਦਾਰਾਂ ਦਾ ਬਹੁਤ ਅੱਛਾ ਰੋਲ ਹੁੰਦਾ ਹੈ ਉਥੇ ਮਾੜੇ ਜਾਂ ਸ਼ਰਾਰਤੀ ਮਿੱਤਰਾਂ, ਰਿਸ਼ਤੇਦਾਰਾਂ ਦਾ ਬਹੁਤ ਗਲਤ ਅਸਰ ਪੈਂਦਾ ਹੈ ਅਤੇ ਬੱਚੇ/ਨੌਜੁਆਨ ਵਿਗੜ ਜਾਂਦੇ ਹਨ। ਮਾੜਾ ਬੰਦਾ ਚਾਹੇ ਕਿੰਨਾ ਵੀ ਕਰੀਬੀ ਰਿਸ਼ਤੇਦਾਰ ਹੋਵੇ ਉਸ ਤੋਂ ਦੂਰ ਰਹਿਣਾ ਚਾਹੀਦਾ ਹੈ। ਬੱਚਿਆਂ/ਨੌਜੁਆਨਾਂ ਨੂੰ ਨਸ਼ਾ ਕਰਨ ਵਾਲੇ ਜਾਂ ਹੋਰ ਗੈਰ ਸਮਾਜੀ ਵਿਵਹਾਰ ਵਾਲੇ ਦੋਸਤਾਂ ਮਿੱਤਰਾਂ ਤੋਂ ਦੂਰ ਰੱਖੋ। ਇਸ ਦੇ ਨਾਲ ਨਾਲ ਜੇ ਫਿਰ ਵੀ ਕਦੇ ਘਰ ਦੇ ਹਾਲਾਤ ਖਰਾਬ ਹੁੰਦੇ ਹਨ ਤੇ ਬੱਚਾ/ਨੌਜੁਆਨ ਘਰ ਵਿੱਚ ਬਦਸਲੂਕੀ ਕਰਦਾ ਹੈ ਤਾਂ ਘਰ ਦੇ ਜਿੰਮੇਵਾਰ ਵੱਡਿਆਂ (ਮਾਂ-ਬਾਪ ਆਦਿ) ਨੂੰ ਸੰਜਮ ਰੱਖਣਾ ਚਾਹੀਦਾ ਹੈ ਤੇ ਆਪਾ ਨਹੀਂ ਖੋਣਾ ਚਾਹੀਦਾ, ਸਗੋਂ ਇਸ ਦੇ ਕਾਰਣਾਂ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤੇ ਮਸਲੇ ਦਾ ਹੱਲ ਕਰਨਾ ਚਾਹੀਦਾ ਹੈ। ਕੋਈ ਵੀ ਹੱਲ ਲੱਭਣ ਤੇ ਉਸ 'ਤੇ ਦ੍ਰਿੜਤਾ ਨਾਲ ਅਮਲ ਕਰਨਾ ਚਾਹੀਦਾ ਹੈ ਅਤੇ ਮਾਪਿਆਂ ਜਾਂ ਘਰ ਦੇ ਵੱਡੇਰਿਆਂ ਨੂੰ ਦੋਚਿੱਤੀ ਵਿੱਚ ਨਹੀਂ ਰਹਿਣਾ ਚਾਹੀਦਾ। ਅਕਸਰ ਹੀ ਬੱਚੇ/ਨੌਜੁਆਨ ਨਾਜਾਇਜ਼ ਮੰਗਾਂ ਮਾਪਿਆਂ ਅੱਗੇ ਰਖਦੇ ਹਨ ਜਿਹੜੀਆਂ ਕਿ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ ਜਾਂ ਪੂਰੀਆਂ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ। ਅਜੇਹੇ ਵਿੱਚ

ਪਹਿਲਾਂ ਪਿਆਰ ਤੇ ਤਰਕ ਨਾਲ ਸਮਝਾਉਣਾ ਚਾਹੀਦਾ ਹੈ ਪਰ ਜੇ ਬੱਚਾ ਨਾ ਸਮਝੇ ਤਾਂ ਦ੍ਰਿੜਤਾ ਨਾਲ ਸਪੱਸ਼ਟ ਸ਼ਬਦਾਂ ਵਿੱਚ ਆਪਣਾ ਫੈਸਲਾ ਦੱਸੋ। ਬੱਚੇ ਦੇ ਕਿਸੇ ਵੀ ਕਿਸਮ ਦੇ ਬਲੈਕ-ਮੇਲ ਕਰਨ ਤੋਂ ਨਾ ਡਰੋ।

ਆਪਣੇ ਆਪ ਘਰ ਵਿੱਚ ਹੱਲਾ-ਗੁੱਲਾ ਨਾ ਕਰੋ ਤੇ ਜੇ ਲੋੜ ਲੱਗੇ ਤਾਂ ਕਿਸੇ ਹੋਰ ਸਿਆਣੇ ਰਿਸ਼ਤੇਦਾਰ ਜਾਂ ਮਿੱਤਰ ਦੀ ਮਦਦ ਲਵੋ। ਪਰਿਵਾਰ ਦੀ ਬਦਨਾਮੀ ਜਾਂ ਬੇਇੱਜਤੀ ਹੋਣ ਵਰਗੀ ਗਲਤ-ਫਹਿਮੀ ਨਾ ਰੱਖੋ। ਬੱਚੇ ਦੀ ਰੁਚੀ ਜਾਂ ਰੁਝਾਨ ਅਨੁਸਾਰ ਉਸ ਨੂੰ ਕਿਸੇ ਵੀ ਪੜ੍ਹਾਈ ਜਾਂ ਕੰਮ ਦੇ ਖੇਤਰ ਵਿੱਚ ਲਾਉ। ਕਦੇ ਵੀ ਆਪਣੀ ਨਾਜਾਇਜ਼ ਇੱਛਾ ਕਾਰਣ ਬੱਚੇ/ਨੌਜੁਆਨ ਨਾਲ ਧੱਕਾ ਨਾ ਕਰੋ। ਜੇ ਫੇਰ ਵੀ ਮਸਲਾ ਹੱਲ ਨਾ ਹੋਵੇ ਤਾਂ ਇਸ ਨੂੰ ਲਟਕਾਉ ਨਾ ਬਲਕਿ ਕਿਸੇ ਸਿਆਣੇ ਮਨੋਰੋਗ ਮਾਹਿਰ ਜਾਂ ਮਨੋਵਿਗਿਆਨੀ ਦੀ ਮਦਦ ਲਵੋ। ਕਈ ਵਾਰ ਕਈ ਮਨੋਰੋਗਾਂ ਵਿੱਚ ਸ਼ੁਰੂ ਸ਼ੁਰੂ ਵਿੱਚ ਪਤਾ ਨਹੀਂ ਲਗਦਾ ਤੇ ਇਉਂ ਭਾਸਦਾ ਹੈ ਕਿ ਬੱਚਾ/ਨੌਜੁਆਨ ਜਾਣ ਬੁਝ ਕੇ ਹਿੰਸਾਤਮਕ ਵਿਵਹਾਰ ਅਖਤਿਆਰ ਕਰ ਰਿਹਾ ਹੈ। ਇਸ ਲਈ ਅਜੇਹੀ ਹਾਲਤ ਵਿੱਚ ਕਦੇ ਵੀ ਮਨੋਰੋਗ ਮਾਹਿਰ ਦੀ ਸਲਾਹ ਲੈਣ ਤੋਂ ਗੁਰੇਜ ਨਾ ਕਰੋ।

ਸਮਾਜ ਵਿੱਚ ਹਿੰਸਾ:- ਸਮਾਜ ਅੰਦਰ ਹਿੰਸਾ ਰੋਕਣ ਦੀ ਜਿੰਮੇਵਾਰੀ ਸਰਕਾਰ ਦੇ ਨਾਲ ਨਾਲ ਸਾਰੇ ਨਾਗਰਿਕਾਂ ਦੀ ਵੀ ਹੈ। ਸਰਕਾਰ ਦੇ ਹੋਰ ਅਦਾਰਿਆਂ ਦੇ ਨਾਲ ਨਾਲ ਪੁਲੀਸ ਅਤੇ ਨਿਆਂਪਾਲਿਕਾ ਦਾ ਬਹੁਤ ਅਹਿਮ ਰੋਲ ਹੈ। ਸਮਾਜ ਵਿੱਚ ਸ਼ਰਾਰਤੀ ਅਨਸਰਾਂ ਅਤੇ ਗੈਰ-ਸਮਾਜੀ ਤੱਤਾਂ ਤੇ ਉਹਨਾਂ ਦੀਆਂ ਗਤੀਵਿਧੀਆਂ ਦਾ ਸਹੀ ਰਿਕਾਰਡ, ਗੈਰ ਕਾਨੂੰਨੀ ਹਥਿਆਰਾਂ ਅਤੇ ਨਸ਼ਿਆਂ ਤੇ ਕੰਟਰੋਲ, ਸਾਰੇ ਸੂਬਿਆਂ ਦੀ ਪੁਲੀਸ ਅਤੇ ਹੋਰ ਸੁਰੱਖਿਆ ਏਜੰਸੀਆਂ ਦਾ ਆਪਸੀ ਤਾਲ ਮੇਲ ਬਹੁਤ ਅਹਿਮ ਹੈ। ਜੇਲ੍ਹਾਂ ਅੰਦਰ ਸਹੀ ਵਾਤਾਵਰਣ ਅਤੇ ਨਸ਼ਿਆਂ ਦੀ ਰੋਕ ਤੇ ਇਲਾਜ ਆਦਿ ਵੀ ਬਹੁਤ ਜਰੂਰੀ ਹਨ। ਮੀਡੀਆ ਦਾ ਸਕਾਰਾਤਮਕ ਅਤੇ ਨਕਾਰਾਤਮਕ ਰੋਲ ਵੀ ਬਹੁਤ ਅਹਿਮ ਹੈ।

ਸਾਫ ਸੁਥਰਾ ਕੁਸ਼ਲ ਪ੍ਰਬੰਧਕੀ ਨਿਜ਼ਾਮ, ਨਿਪੁੰਨ ਤੇ ਨਾ ਕੁਰੱਪਟ ਹੋਣ ਵਾਲੀ ਪੁਲੀਸ ਅਤੇ ਸਮੇਂ ਸਿਰ ਨਿਆਂ ਕਰਨ ਵਾਲੀ ਨਿਆਂ ਪ੍ਰਣਾਲੀ, ਸਮਾਜ ਵਿੱਚ ਹਿੰਸਾ ਰੋਕਣ ਲਈ ਬਹੁਤ ਜਰੂਰੀ ਹਨ। ਬਾਰ ਬਾਰ ਹਿੰਸਾ ਕਰਨ ਵਾਲਿਆ ਤੇ ਰੋਕ ਅਤੇ ਸਖਤ ਕਾਨੂੰਨੀ ਕਾਰਵਾਈ ਬਹੁਤ ਲਾਜਮੀ ਕਦਮ ਹਨ। ਗੈਰ ਜਿੰਮੇਦਰਾਨਾ ਤੇ ਸੁਆਰਥੀ ਧਾਰਮਿਕ ਅਦਾਰੇ ਅਤੇ ਪੁਲਿਟਿਕਲ ਪਾਰਟੀਆਂ ਦਾ ਸਮਾਜ ਵਿੱਚ ਹਿੰਸਾ ਨੂੰ ਉਤਸ਼ਾਹ ਦੇਣ ਵਿੱਚ ਬਹੁਤ ਵੱਡਾ ਹੱਥ ਹੈ। ਇਨ੍ਹਾਂ ਸਾਰੀਆਂ ਗਤੀਵਿਧਿਆਂ ਤੇ ਗੌਰ ਕਰਨਾ ਤੇ ਸਹੀ ਕਿਸਮ ਦੀ ਜਮਹੂਰੀ ਸਰਕਾਰ ਚੁਣਨਾ ਸਾਰੇ ਨਾਗਰਿਕਾਂ ਦਾ ਫਰਜ਼ ਹੈ। ਸਮਾਜ ਵਿੱਚ ਵਿਦਿਆ ਤੇ ਸਹੀ ਗਿਆਨ ਦੇ ਚਾਨਣ ਦਾ ਫੈਲਾਅ ਹੀ ਅਸਲ ਹੱਲ ਹੈ।

ਪ੍ਰੋਫੈਸਰ ਅਤੇ ਮੁਖੀ,ਸਾਇਕੈਟਰੀ ਅਤੇ ਨਸ਼ਾ ਛੁਡਾਊ ਵਿਭਾਗ,

ਰਜਿੰਦਰਾ ਹਸਪਤਾਲ, ਪਟਿਆਲਾ।

ਬਾਲ ਕਲਮ

ਤੇ ਦੇਵ ਪੁਰਸ਼ ਹਾਰ ਗਏ

...ਤੇ ਦੇਵ ਪੁਰਸ਼ ਹਾਰ ਗਏ, ਪੁਸਤਕ ਬਹੁਤ ਹੀ ਚੰਗੀ ਪੁਸਤਕ ਹੈ। ਡਾ. ਅਬਰਾਹਮ ਟੀ. ਕਾਵੂਰ ਦੁਆਰਾ ਲਿਖੀ ਗਈ ਇਹ ਪੁਸਤਕ ਜੋ ਕਿ ਤਜਿੰਦਰ ਕੁਮਾਰ ਸ਼ਹਿਰੀ ਦੁਆਰਾ ਸੰਪਾਦਤ ਕੀਤੀ ਗਈ ਹੈ। ਇਸਨੇ ਮੇਰੀ ਸੋਚ ਨੂੰ ਬਦਲ ਦਿੱਤਾ ਹੈ। ਇਸ ਪੁਸਤਕ ਵਿੱਚ ਸਾਰੇ ਅੰਧਵਿਸ਼ਵਾਸਾਂ, ਟੂਣਿਆਂ, ਭੂਤਾਂ-ਪ੍ਰੇਤਾਂ, ਯੌਗਿਕ-ਸ਼ਕਤੀਆਂ, ਕਾਲੇ ਇਲਮਾਂ, ਟੈਲੀਪੈਥੀ ਅਤੇ ਧਾਰਮਿਕ ਪਾਖੰਡਾਂ ਦਾ ਪਰਦਾਫਾਸ਼ ਕੀਤਾ ਹੈ ਅਤੇ ਭੋਲੇ-ਭਾਲੇ ਲੋਕਾਂ ਨੂੰ ਲੁੱਟਣ ਤੋਂ ਬਚਾਇਆ ਹੈ। ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਦੀ ਇਹ ਸੋਚ ਕਿ, ਇੱਕ ਚੰਗਾ ਸਮਾਨਤਾ ਤੇ ਅਧਾਰਿਤ ਸਮਾਜ ਸਿਰਜਣ ਲਈ ਲੋਕਾਈ ਦਾ ਅਧਿਆਤਮਵਾਦੀ ਫਲਸਫੇ ਤੋਂ ਵਿਸ਼ਵਾਸ਼ ਉਠਾਉਣਾ ਜਰੂਰੀ ਹੈ, ਸ਼ਹੀ ਹੈ। ਤਰਕਸ਼ੀਲ ਸੁਸਾਇਟੀ ਇੱਕ ਬਹੁਤ ਹੀ ਚੰਗਾ ਤੇ ਸਮਾਜ ਸੁਧਾਰਕ ਕੰਮ ਕਰ ਰਹੀ ਹੈ, ਜਿਸਦੀ ਮੈਂ ਪ੍ਰਸ਼ੰਸਾ ਕਰਦੀ ਹਾਂ ਅਤੇ ਆਸ ਕਰਦੀ ਹਾਂ ਕਿ ਉਹ ਅੱਗੇ ਵੀ ਅਜਿਹੀਆਂ ਪੁਸਤਕਾਂ ਮੁਹੱਈਆ ਕਰਵਾ ਕੇ ਸਾਡੇ ਵਰਗੇ ਵਿਦਿਆਰਥੀਆਂ ਨੂੰ ਅੰਧ ਵਿਸ਼ਵਾਸਾਂ ਤੋਂ ਦੂਰ ਰੱਖ ਕੇ ਚੰਗੀ ਸੋਚ ਦੇ ਮਾਲਕ ਬਣਾਵੇਗੀ। ਮੈਂ ਆਸ ਕਰਦੀ ਹਾਂ ਕਿ ਸਾਡੇ ਸਮਾਜ ਦਾ ਵਿਦਿਆਰਥੀ ਵਰਗ ਅਜਿਹੀਆਂ ਪੁਸਤਕਾਂ ਨੂੰ ਪੜ੍ਹੇਗਾ ਅਤੇ ਸਹੀ ਸੇਧ ਤੇ ਸਹੀ ਸੋਚ ਨੂੰ ਅਪਣਾਵੇਗਾ।

ਪਰਮਿੰਦਰ ਕੌਰ ਬਾਜਵਾ, ਕਲਾਸ ਬਾਰਵੀਂ

ਸੰਤ ਬਾਬਾ ਅਤਰ ਸਿੰਘ ਪਬਲਿਕ ਸਕੂਲ, ਹਰਿਆਊ (ਸੰਗਰੂਰ)

ਮੇਰਾ ਵਿਸ਼ਵਾਸ



ਮੈਂ ਸਮਾਜਕ ਵਿਕਾਸ 'ਚ ਵਿਸ਼ਵਾਸ ਰੱਖਦਾ ਹਾਂ। ਮੇਰਾ ਉਦੇਸ਼ ਜਨਮਤ ਨੂੰ ਸਿੱਖਿਅਤ ਕਰਨਾ ਹੈ...ਮੇਰਾ ਆਦਰਸ਼ ਸਮਾਜ ਉਹ ਹੈ, ਜਿਸ ਵਿੱਚ ਸਾਰਿਆਂ ਨੂੰ ਬਰਾਬਰ ਦੇ ਮੌਕੇ ਮਿਲਣ। ਮੇਰਾ ਖ਼ਿਆਲ ਹੈ, ਸਾਹਿਤ ਦਾ ਸਭ ਤੋਂ ਵੱਡਾ ਉਦੇਸ਼ ਉੱਪਰ ਉੱਠਣਾ ਹੈ। ਸਾਡੇ ਯਥਾਰਥਵਾਦ ਨੂੰ ਵੀ ਇਹ ਗੱਲ ਅੱਖੋਂ ਪਰੋਖੇ ਨਹੀਂ ਕਰਨੀ ਚਾਹੀਦੀ...ਤੁਸੀਂ ਅਜਿਹੇ ਮਨੁੱਖ ਦੀ ਸਿਰਜਣਾ ਕਰੋ, ਜੋ ਸਾਹਸੀ ਹੋਣ, ਈਮਾਨਦਾਰ ਹੋਣ ਤੇ ਜਾਨ ਤਲੀ ਤੇ ਰੱਖਣ ਵਾਲੇ, ਉੱਚੇ ਸੁੱਚੇ ਆਦਰਸ਼ਾਂ ਵਾਲੇ ਹੋਣ। ਅੱਜ ਇਸੇ ਗੱਲ ਦੀ ਜਰੂਰਤ ਹੈ।

ਪ੍ਰਲੋਕ 'ਚ ਮੇਰਾ ਵਿਸ਼ਵਾਸ ਨਹੀਂ ਹੈ, ਇਸ ਲਈ ਅਧਿਆਤਮ ਦਾ ਵਿਚਾਰ ਜੋ ਕਿ ਜਵਾਨੀ ਦਾ ਖ਼ਤਰਨਾਕ ਦੁਸ਼ਮਣ ਹੈ, ਮੇਰੇ ਨੇੜੇ ਨਹੀਂ ਢੁਕਦਾ। ਸਿਹਤਮੰਦ ਜਵਾਨੀ ਲਈ ਪ੍ਰਗਤੀਸ਼ੀਲ ਤੇ ਆਸ਼ਾਵਾਦੀ ਦ੍ਰਿਸ਼ਟੀਕੋਣ ਹੁੰਦਾ ਹੈ।

ਮੁਨਸ਼ੀ ਪ੍ਰੇਮ ਚੰਦ

ਨਸ਼ਤਰਾਂ

ਦਾਣੇ ਦਾਣੇ ਉੱਤੇ ਮੋਹਰ ਖਾਣ ਵਾਲੇ ਦੀ,
ਕਰੋੜਾਂ ਲੋਕ ਭੁੱਖੇ ਸੌਂਦੇ ਨੇ।

***

ਅਸੀਂ ਭੇਜੀਆਂ ਸਕੂਲਾਂ 'ਚ ਕਿਤਾਬਾਂ,
ਨਿਸ਼ਾਨ ਸਿੰਘ ਬਣੇ ਪੜ੍ਹ ਕੇ।




***

ਸਾਡੀ ਕੌਮ ਦਾ ਸ਼ਹੀਦ ਖਾਧੀ-ਪੀਤੀ 'ਚ,
ਬਾਰਡਰ ਕਰਾਸ ਕਰ ਗਿਆ।

***

ਪੁੱਛਾਂ ਦੇਣ ਵਾਲੀ ਬੀਬੀ ਸਰਪੰਚਣੀ,
ਕੀ ਵੋਟਾਂ ਵੇਲੇ ਫੇਰ ਚੁਣਾਂਗੇ?



***

ਬਾਬੇ ਦੂਰ ਦ੍ਰਿਸ਼ਟੀ ਵਾਲੇ,
ਅੱਖੀਂ ਘੱਟਾ ਪਾਉਂਦੇ ਲੋਕਾਂ ਦੇ।

***

ਜਗਸੀਰ ਜੀਦਾ 94173-33203

ਮੰਗ



ਮੈਂ ਤੁਹਾਥੋਂ
ਚਿੜੀਆਂ ਦਾ ਦੁੱਧ ਨਹੀਂ ਮੰਗਦੀ
ਮੰਗਦੀ ਹਾਂ...
ਮਾਂ, ਭੈਣ ਤੇ ਧੀ ਦਾ ਯਥਾਯੋਗ ਦਰਜਾ
ਮੰਗਦੀ ਹਾਂ ਥੋੜੀ ਜਿਹੀ ਥਾਂ
ਜਿਸ ਤੇ ਮੇਰੀਆਂ ਧੀਆਂ ਖੜ੍ਹ ਸਕਣ
ਵਿਸ਼ਵਾਸ ਨਾਲ
ਕੋਹ ਨਾ ਸਕੇ ਕੋਈ ਬਾਜ਼
ਉਨ੍ਹਾਂ ਦੀਆਂ ਸੁਨਹਿਰੀ ਪੰਖੜੀਆਂ ਨੂੰ
ਡੁਲਾ ਨਾ ਸਕੇ ਉਨ੍ਹਾਂ ਦੇ ਹੌਸਲੇ ਨੂੰ
ਜਿਸ ਤੇ ਉਨ੍ਹਾਂ ਦੇ ਕਦਮ
ਵਧਣੇ ਹਨ
ਮੰਜ਼ਿਲਾਂ ਦੀ
ਥਾਹ ਪਾਉਣ ਲਈ।



ਪਰਮਿੰਦਰ ਕੌਰ ਸਵੈਚ, ਸਰ੍ਹੀ (ਕੈਨੇਡਾ)

ਮਿਨੀ ਕਹਾਣੀ

ਪੁੰਨ ਦਾ ਕੰਮ

ਘਰ ਵਿੱਚ ਅੰਤਾਂ ਦੀ ਗਰੀਬੀ ਹੁੰਦਿਆਂ ਮਾਪਿਆਂ ਨੇ ਆਪਣੇ ਪੁੱਤਰ ਨੂੰ ਪੜ੍ਹਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਆਪ ਨਾ ਚੰਗਾ ਖਾਧਾ ਤੇ ਨਾ ਹੰਢਾਇਆ ਪਰ ਪੁੱਤ ਨੂੰ ਉੱਚ ਵਿੱਦਿਆ ਦਵਾਈ। ਆਖਰ ਮਾਪਿਆਂ ਦੇ ਸੁਪਨੇ ਸਾਕਾਰ ਹੋਏ ਤੇ ਪੁੱਤ ਚੰਗੀ ਨੌਕਰੀ ਤੇ ਜਾ ਲੱਗਾ। ਸਮਾਂ ਬੀਤਦਾ ਗਿਆ ਮਾਂ ਬਿਰਧ ਹੋ ਗਈ ਤੇ ਬਿਮਾਰੀ ਕਾਰਣ ਮੰਜਾ ਮੱਲ ਲਿਆ। ਅਫ਼ਸਰ ਪੁੱਤ ਉਸ ਦੀ ਘੱਟ ਹੀ ਪਰਵਾਹ ਕਰਦਾ ਸੀ। ਇੱਕ ਦਿਨ ਦੁਖੀ ਮਾਂ ਨੇ ਕਿਹਾ, 'ਪੁੱਤ! ਮੈਨੂੰ ਸ਼ਹਿਰੋਂ ਦਵਾਈ ਲਿਆ ਦੇ, ਹੁਣ ਤਾਂ ਆਪਣੇ ਪਿੰਡ ਵਾਲੀ ਦਵਾਈ ਕੋਈ ਅਸਰ ਨਹੀਂ ਕਰਦੀ ਲਗਦੀ।' ਅਫ਼ਸਰ ਪੁੱਤ ਤਲਖ਼ੀ ਨਾਲ ਬੋਲਿਆ, 'ਮਾਂ! ਅੱਜ-ਕੱਲ੍ਹ ਮੇਰਾ ਹੱਥ ਤੰਗ ਐ...ਜਦ ਪੈਸੇ ਆ ਗਏ ਤਾਂ ਲਿਆ ਦੂੰ ਤੈਨੂੰ ਵੀ ਦਵਾਈ।' ਅਗਲੇ ਹੀ ਦਿਨ ਅਫ਼ਸਰ ਪੁੱਤ ਦੀ ਸੰਪਰਦਾਏ ਦੇ ਚੇਲੇ ਬਾਲਕੇ ਉਸ ਕੋਲੋਂ ਦਾਨ ਲੈਣ ਆਏ ਤਾਂ ਉਹ ਹੱਸ ਕੇ ਕਹਿਣ ਲੱਗਾ, 'ਦੱਸੋ ਜੀ ਕੀ ਹੁਕਮ ਐ, ਪੁੰਨ ਦੇ ਕੰਮ 'ਚ ਮੈਂ ਪਿੱਛੇ ਨਹੀਂ ਰਹਿੰਦਾ।' ਚੇਲੇ ਉਸ ਤੋਂ ਮੋਟੀ ਰਕਮ ਲੈ ਕੇ ਤੁਰਦੇ ਬਣੇ ਪਰ ਅੰਦਰ ਟੁੱਟੀ ਮੰਜੀ ਤੇ ਪਈ ਮਾਂ ਹਾਲੋਂ ਬੇਹਾਲ ਹੋ ਰਹੀ ਸੀ।

ਚਮਕੌਰ ਸਿੰਘ, ਭਾਈ ਰੂਪਾ, 85589-66290

ਨਾਸਤਿਕਾਂ ਦੀ ਦੁਨੀਆਂ

ਗਲੋਬਲ ਇੰਡੈਕਸ ਆਫ਼ ਰੀਲੀਅਜਿਸਟ ਅਤੇ ਐਥੀਇਜ਼ਮ ਦੀ ਤਾਜ਼ਾ ਰਿਪੋਰਟ ਅਨੁਸਾਰ ਦੁਨੀਆਂ 'ਚ ਹਰ ਛੇਆਂ 'ਚੋਂ ਇੱਕ ਮਨੁੱਖ ਧਰਮ ਨੂੰ ਨਹੀਂ ਮੰਨਦਾ। ਵਿਨਗੈਲਪ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਸਰਵੇਖਣ ਅਨੁਸਾਰ ਚੌਂਕਾ ਦੇਣ ਵਾਲਾ ਨਤੀਜਾ ਇਹ ਸਾਹਮਣੇ ਆਇਆ ਹੈ ਕਿ ਸਾਊਦੀ ਅਰਬ ਜਿੱਥੇ ਨਾਸਤਿਕ ਹੋਣ ਨੂੰ ਕਾਨੂੰਨੀ ਜ਼ੁਰਮ ਮੰਨਿਆ ਜਾਂਦਾ ਹੈ, ਉੱਥੇ ਪੰਜ ਫੀਸਦੀ ਲੋਕ ਨਾਸਤਿਕ ਹਨ। ਚੀਨ ਦੁਨੀਆਂ ਦਾ ਅਜਿਹਾ ਦੇਸ਼ ਹੈ ਜਿਸ ਦੀ ਲਗਭਗ ਅੱਧੀ ਆਬਾਦੀ ਨਾਸਤਿਕ ਹੈ। ਇਹ ਸਰਵੇਖਣ 5 ਮਹਾਂਦੀਪਾਂ 'ਚ 57 ਦੇਸ਼ਾਂ ਦੇ 51927 ਲੋਕਾਂ ਦੇ ਸਹਿਯੋਗ ਨਾਲ ਸੰਪੰਨ ਹੋਇਆ। ਦੁਨੀਆਂ ਦੇ ਪ੍ਰਮੁੱਖ ਨਾਸਤਿਕ ਆਬਾਦੀ ਵਾਲੇ ਦਸ ਦੇਸ਼:

	ਦੇਸ਼	ਨਾਸਤਿਕ ਨਾਗਰਿਕ
1.	ਚੀਨ	47%
2.	ਜਾਪਾਨ	31%
3.	ਚੈਕ ਰੀਪਬਲਿਕ	30%
4.	ਫਰਾਂਸ	29%
5.	ਦੱਖਣੀ ਕੋਰੀਆ	15%
6.	ਜਰਮਨੀ	15%
7.	ਨੀਦਰਲੈਂਡ	10%
8.	ਆਸਟ੍ਰੇਲੀਆ	10%
9.	ਆਇਰਲੈਂਡ	10%
10.	ਆਈਸਲੈਂਡ	10%



ਮਜ਼ਾਹੀਆ ਦੋਹੇ



ਸੇਵਕ ਸਿੰਘ ਸ਼ਮੀਰੀਆ
95922-47703

ਜਿਉਂਦੇ ਜੀਅ ਨਾ ਬਾਪ ਨੂੰ
ਟੈਮ ਤੇ ਰੋਟੀ ਟੁਕ
ਮੋਇਆਂ ਕੱਢੇ ਜਲੇਬੀਆਂ
ਪੁੱਤਾਂ ਬਣਾਈ ਠੁੱਕ।
ਉਸ ਦਾ ਨਾਂ ਜੇ ਸੁਣਿਆ
ਨੱਸ ਮੁਸੀਬਤਾਂ ਜਾਣ
ਧਰਮ ਸਥਾਨ ਭੁੱਮਕੜੀਂ
ਕਿਉਂ ਕਿਰਲੀਆਂ ਖਾਣ।
ਜਮਦੂਤਾਂ ਦੇ ਡਰਦਾ
ਜੋ ਖੜਕਾਵੇ ਟੱਲ,
ਖੁਦ ਹੀ ਇੱਕ ਅਰਦਾਸ ਕਰ,
ਦਏ ਸੁਰਗਾਂ ਨੂੰ ਘੱਲ।

ਯਾਦ ਕਰਦਿਆਂ...

ਮਿਲੀਬੱਗ !



ਕਹਿੰਦੇ ਰਾਜ ਦੀ ਕਰਾਂਗੇ ਸੇਵਾ,
ਤੇ ਬਹੁਤੇ ਹੀ ਸਲੱਗ ਨਿਕਲੇ।
ਸਾਡਾ ਚੂੰਢ ਕੇ ਖ਼ਜਾਨਾ ਸਾਰਾ ਖ਼ਾ ਗਏ,
ਇਹ ਤਾਂ ਮਿਲੀਬੱਗ ਨਿਕਲੇ।
ਅਫ਼ਸਰਸ਼ਾਹੀ ਤੇ ਸਿਆਸਤ ਦੀ ਸੇਵਾ
ਵਿੱਦਿਆ ਨੂੰ ਅੱਗ ਲਾ ਗਈ,
ਏਨੀ ਕਰੇਗੀ ਤਰੱਕੀ ਸਾਡੀ ਸਿੱਖਿਆ,
ਫ਼ਾਡੀਆਂ 'ਚੋਂ ਅੱਗੇ ਆ ਗਈ...

ਸੋਹਣਦੀਪ ਥਿੰਦ

ਜ਼ਿੰਦਗੀ ਦਾ ਸੱਚ

ਜ਼ਿੰਦਗੀ ਪੈਰਾਂ ਸਿਰ ਹੋ ਕੇ ਜੀਣਾ ਲੋਚਦੀ ਹੈ ਪਰ ਉਸ ਦੇ ਰਾਹ 'ਚ ਅਨੇਕਾਂ ਕੰਡੇ ਬਿਖ਼ਰੇ ਹਨ। ਅਗਿਆਨਤਾ, ਅਨਪੜ੍ਹਤਾ ਤੇ ਸਮਾਜਕ ਬੰਧਨ ਜ਼ਿੰਦਗੀ ਦਾ ਰਾਹ ਰੋਕਦੇ ਹਨ। ਜ਼ਿੰਦਗੀ ਕਲਪਦੀ ਹੈ, ਤਰਸਦੀ ਤੇ ਤੜਫ਼ਦੀ ਹੈ। ਆਪਣੇ ਆਪ ਨੂੰ ਕੋਸਦੀ ਜ਼ਿੰਦਗੀ ਅੰਧਵਿਸ਼ਵਾਸਾਂ ਦਾ ਸਹਾਰਾ ਲੈਣ ਲਈ ਅਹੁਲਦੀ ਹੈ। ਮਨਾਂ 'ਚ ਅਗਿਆਨਤਾ ਦਾ ਹਨੇਰਾ ਵਸਾਈ ਜਿਉਂਦੇ ਲੋਕ ਅੰਧਵਿਸ਼ਵਾਸਾਂ ਦੀ ਪੀਡੀ ਪਕੜ 'ਚ ਸਾਰੇ ਬੰਧਨਾਂ ਨੂੰ ਅੱਖੋਂ ਪਰੋਖੇ ਕਰ ਦਿੰਦੇ ਹਨ। ਉਨ੍ਹਾਂ ਦੀ ਜ਼ਿੰਦਗੀ ਦੀ ਤੋਰ ਦੀ ਮੜ੍ਹਕ ਨਹੀਂ ਬਲਕਿ ਡਰੂ ਮਾਨਸਿਕਤਾ ਦੀ ਬੇੜੀਆਂ ਸਾਫ਼ ਨਜ਼ਰ ਆਉਂਦੀਆਂ ਹਨ। ਆਰਥਿਕ ਕਾਣੀ ਵੰਡ ਦੇ ਚਲਦਿਆਂ ਤੰਗੀਆਂ-ਤੁਰਛੀਆਂ ਜ਼ਿੰਦਗੀ ਨੂੰ ਅਗਿਆਨਤਾ ਨਾਲ ਜੋੜਦੀਆਂ ਹਨ। ਜਿਵੇਂ ਹੀ ਗਿਆਨ ਤੇ ਵਿੱਦਿਆ ਦੀ ਰੁਸ਼ਨਾਈ ਹੁੰਦੀ ਹੈ ਜ਼ਿੰਦਗੀ ਆਪਣੇ ਆਪ 'ਚ ਸਕੂਨ ਮਹਿਸੂਸ ਕਰਦੀ ਹੈ। ਉਸ ਨੂੰ ਜੀਣ ਦੇ ਮਾਣ-ਮੱਤੇ ਪਲ ਨਸੀਬ ਹੁੰਦੇ ਹਨ। ਜਦ ਕਦੇ ਬੇਵਸੀ ਤੇ ਸਮਾਜਕ ਕਦਰਾਂ ਜ਼ਿੰਦਗੀ ਦੇ ਆੜੇ ਆਉਣ ਤਾਂ ਉਹ ਭਰਮ ਭੁਲੇਖਿਆਂ ਦਾ ਸੰਸਾਰ ਸਿਰਜਦੀ ਹੈ। ਇਹ ਸੰਸਾਰ ਜਿਸ ਦਾ ਅਮਲੀ ਰੂਪ ਸਾਡੇ ਸਮਿਆਂ 'ਚ ਅਕਸਰ ਹੀ ਸਾਹਵੇਂ ਆਉਂਦਾ ਹੈ। (**ਤਰਕਸ਼ੀਲ ਫੀਚਰਜ਼**)

95010-06626

ਮੈਂ ਤਰਕਸ਼ੀਲ ਕਿਵੇਂ ਬਣਿਆ



ਯੋਗੀ ਸਿੰਘ ਰਟੋਲਾਂ

ਬਚਪਨ ਦੇ ਵਿੱਚ ਪੜ੍ਹਦੇ ਸਮੇਂ ਵਿਗਿਆਨ ਦੇ ਵਿਸ਼ੇ ਵਿੱਚ ਧਰਤੀ ਦੀਆਂ ਗਤੀਆਂ, ਗ੍ਰਹਿਆਂ, ਬ੍ਰਹਿਮੰਡ ਦੀ ਉਤਪਤੀ ਆਦਿ ਬਾਰੇ ਪੜ੍ਹਦੇ ਹੋਏ, ਇਸ ਵਿਗਿਆਨਕ ਜਾਣਕਾਰੀ ਦਾ ਮੇਰੇ ਤੇ ਡੂੰਘਾ ਅਸਰ ਹੋਇਆ। ਮੈਂ ਸਮਝਣ ਲੱਗਾ ਕਿ ਇਸ ਸਾਰੇ ਵਰਤਾਰੇ ਵਿੱਚ ਰੱਬ ਵਗੈਰਾ ਦਾ ਕੋਈ ਰੋਲ ਨਹੀਂ। ਮੈਂ ਹਰ ਗੱਲ ਨੂੰ ਵਿਗਿਆਨਕ ਨਜਰੀਏ ਨਾਲ ਵੇਖਣ ਲੱਗਿਆ।

ਮੇਰੇ ਪਰਿਵਾਰਕ ਮੈਂਬਰ ਬਹੁਤ ਅੰਧ-ਵਿਸ਼ਵਾਸੀ ਸਨ। ਮੇਰੇ ਮਾਤਾ ਜੀ, ਦਾਦੀ ਜੀ ਖੇਤੀ ਦੇ ਕੰਮਾਂ-ਕਾਰਾਂ ਸੰਬੰਧੀ ਅਤੇ ਜੇ ਮੱਝ ਆਦਿ ਨੇ ਦੁੱਧ ਨਾ ਦੇਣਾ ਤਾਂ ਸੁੱਖਾਂ ਸੁੱਖਦੇ। ਉਹ ਮੈਨੂੰ ਮੱਸਿਆ ਵਾਲੇ ਦਿਨ ਪਤਾਸੇ, ਲੱਡੂ ਇੱਕ ਲਿਫਾਫੇ ਵਿੱਚ ਪਾ ਕੇ, ਪਾਣੀ ਵਿੱਚ ਦੁੱਧ ਪਾ ਕੇ, ਡੋਲੂ ਫੜ੍ਹਾ ਕੇ ਖੇਤਾਂ ਵਿੱਚ ਮੜ੍ਹੀਆਂ ਨੂੰ ਪੂਜਣ ਲਈ ਭੇਜ ਦਿੰਦੇ। ਇਹ ਸਾਮਾਨ ਮੈਂ ਰਸਤੇ ਵਿੱਚ ਕਿਤੇ ਬੈਠਕੇ, ਖਾ-ਪੀਅ ਲੈਂਦਾ ਪਰ ਉਹਨਾਂ ਦੀਆਂ ਸੁੱਖਾਂ ਪੂਰੀਆਂ ਹੋ ਜਾਂਦੀਆਂ। ਇੰਨ੍ਹਾਂ ਘਟਨਾਵਾਂ ਨਾਲ ਮੇਰੀ ਸੋਚ ਵਿੱਚ ਵਿਗਿਆਨਕ ਤਬਦੀਲੀ ਹੋਰ ਆਉਣ ਲੱਗੀ। ਅਧਿਆਪਕਾਂ, ਮੇਰੇ ਸਾਥੀ ਵਿਦਿਆਰਥੀਆਂ, ਮੇਰੇ ਮਾਪਿਆਂ ਦਾ ਆਸਤਿਕ ਅਤੇ ਅੰਧ-ਵਿਸ਼ਵਾਸੀ ਨਜਰੀਆ ਮੇਰੇ ਤੇ ਭਾਰੂ ਨਾ ਹੋ ਸਕਿਆ। ਮੈਂ ਉਹਨਾਂ ਤੋਂ ਉਲਟ ਵਿਚਾਰਾਂ ਵਾਲਾ ਬਣ ਗਿਆ। ਕਈ ਵਾਰ ਅਧਿਆਪਕ ਮੇਰੇ ਨਾਲ ਬਹਿਸ਼ ਕਰਦੇ। ਮੈਂ ਉਹਨਾਂ ਨੂੰ ਆਪਣੀ ਪਾਠ ਪੁਸਤਕ ਵਿੱਚ ਮੌਲਿਕ ਕਰਤੱਵਾਂ ਵਿੱਚ ਲਿਖੀ ਉਹ ਲਾਇਨ ਵਿਖਾਉਂਦਾ ਜਿਸ ਵਿੱਚ ਕਿਹਾ ਗਿਆ ਸੀ ਕਿ ਚੰਗੇ ਰਾਸ਼ਟਰ ਦੇ ਨਿਰਮਾਣ ਲਈ ਵਿਗਿਆਨਕ ਸੋਚ ਜਰੂਰੀ ਹੈ।

ਮੈਂ ਆਰਥਿਕ ਤੌਰ ਤੇ ਕਮਜੋਰ ਕਿਸਾਨ ਪਰਿਵਾਰ ਨਾਲ ਸੰਬੰਧਤ ਹਾਂ। ਮੇਰਾ ਪਰਿਵਾਰ ਇੱਕ ਡੇਰੇ ਦਾ ਸ਼ਰਧਾਲੂ ਹੈ। ਪਰਿਵਾਰ ਦਾ ਕੋਈ ਨਾ ਕੋਈ ਮੈਂਬਰ 15-20 ਦਿਨ ਬਾਅਦ ਸਤਿਸੰਗ ਜਾਂ ਸੇਵਾ ਤੇ ਤੁਰਿਆ ਰਹਿੰਦਾ ਹੈ। ਮੱਝਾਂ ਦੇ ਦੁੱਧ ਨਾਲ ਜੋ ਕਮਾਈ ਹੁੰਦੀ ਹੈ, ਉਹ ਡੇਰੇ ਦੇ ਕਿਰਾਏ ਤੇ ਲੱਗ ਜਾਂਦੀ ਹੈ। ਘਰ ਦੀ ਗਰੀਬੀ ਕਾਰਣ, ਰਸਮੀ ਪੜ੍ਹਾਈ ਮੈਂ ਭਾਵੇਂ ਜਿਆਦਾ ਨਹੀਂ ਕਰ ਸਕਿਆ, ਪਰ ਮੈਨੂੰ ਕਿਤਾਬਾਂ ਪੜ੍ਹਨ ਦੀ, ਸਾਹਿਤ ਨਾਲ ਜੁੜ੍ਹਨ ਦੀ ਲਗਨ ਲੱਗ ਗਈ। ਸਾਹਿਤ ਵਿੱਚੋਂ ਜ਼ਿੰਦਗੀ ਜਿਉਣ ਦੀ ਕਲਾ, ਜਾਂਚ ਅਤੇ ਵਿਗਿਆਨਕ ਸੋਚ ਪ੍ਰਾਪਤ ਹੋਈ। ਮੇਰੇ ਘਰ ਆਪਣੀ ਨਿੱਜੀ ਲਾਇਬ੍ਰੇਰੀ ਹੈ। ਮੈਂ ਕਿਤਾਬਾਂ ਪੜ੍ਹ ਕੇ ਹੀ ਤਰਕਸ਼ੀਲ ਬਣਿਆ। ਮੈਂ ਪਿੰਡ ਵਿੱਚ ਤਰਕਸ਼ੀਲ ਸੁਸਾਇਟੀ ਦੀ ਇਕਾਈ ਬਨਾਉਣ ਬਾਰੇ ਸੋਚਿਆ ਪਰ ਆਪਦੇ ਵਰਗੇ ਨਹੀਂ ਮਿਲੇ। ਮੈਨੂੰ ਬਹੁਤ ਦੁੱਖ ਹੋਇਆ। ਨਿਰਾਸ਼ ਹੋਣ ਦੀ ਥਾਂ, ਮੈਂ ਪਿੰਡ ਦੇ ਵਿਦਿਆਰਥੀਆਂ ਨੂੰ ਤਰਕਸ਼ੀਲ ਮੈਗਜ਼ੀਨ, ਕਿਤਾਬਾਂ ਪੜ੍ਹਾਉਣੀਆਂ ਸ਼ੁਰੂ ਕੀਤੀਆਂ ਤਾਂ ਜੋ ਇਹ ਵਿਗਿਆਨਕ ਸੋਚ ਨਾਲ ਜੁੜ ਸਕਣ।

ਜ਼ਿੰਦਗੀ ਵਿੱਚ ਕਈ ਵਾਰ ਬਹੁਤ ਔਖੇ ਦੌਰ ਆਏ। ਮੇਰੇ ਜੀਜੇ ਦੀ ਦਿਮਾਗ ਦੇ ਕੈਂਸਰ ਨਾਲ ਦਰਦਨਾਕ ਮੌਤ ਹੋਈ। ਜਦ ਪੀ.ਜੀ.ਆਈ. ਵਿੱਚ ਉਸਦਾ ਇਲਾਜ ਚੱਲ ਰਿਹਾ ਸੀ, ਮੈਂ ਇਲਾਜ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਮੈਂ ਰੱਬ ਨੂੰ ਕੋਈ ਅਰਦਾਸ ਨਹੀਂ ਕੀਤੀ। ਪਿਛਲੇ ਸਾਲ ਮੇਰੀ ਬੇਟੀ ਦਾ ਜਨਮ ਖਿਆਲਾ ਹੈਲਥ ਸੈਂਟਰ ਵਿੱਚ ਹੋਇਆ। ਜਣੇਪੇ ਵੇਲੇ ਮੇਰੀ ਪਤਨੀ ਦੀ ਹਾਲਤ ਕਾਫੀ ਵਿਗੜ ਗਈ। ਡਾਕਟਰਾਂ ਦਾ, ਘਰ ਵਾਲਿਆਂ ਦਾ ਮੇਰੇ ਤੇ ਬਹੁਤ ਦਬਾਅ ਪਿਆ ਕਿ ਮੈਂ ਕੋਈ ਸੁੱਖ ਸੁੱਖ ਲਵਾਂ। ਏ.ਐਨ.ਐਮ. ਨੇ ਆ ਕੇ ਇੱਥੋਂ ਤੱਕ ਵੀ ਕਹਿ ਦਿੱਤਾ ਕਿ ਤੁਹਾਡੀ ਪਤਨੀ ਦੀ ਜਾਨ ਨੂੰ ਖਤਰਾ ਹੈ। ਇਸ ਮੌਕੇ ਪ੍ਰਾਰਥਨਾ ਨਾ ਕਰਨਾ, ਮੇਰਾ ਕੋਈ ਹੰਕਾਰ ਜਾਂ ਈਗੋ ਨਹੀਂ ਸੀ ਸਗੋਂ ਮੇਰੀ ਵਿਚਾਰਧਾਰਾ ਤੇ ਅਟੱਲ ਵਿਸ਼ਵਾਸ਼ਯੋਗਤਾ ਸੀ ਕਿ ਇਸ ਹਾਲਤ ਵਿੱਚ ਪ੍ਰਾਰਥਨਾ ਜਾਂ ਸੁੱਖਾਂ ਬਚਾਅ ਨਹੀਂ ਕਰ ਸਕਦੀਆਂ, ਡਾਕਟਰਾਂ ਦੇ ਯਤਨ ਹੀ ਕੰਮ ਆਉਣਗੇ। ਮੇਰੇ ਵਾਰ-ਵਾਰ ਬੇਨਤੀ ਕਰਨ ਤੇ ਡਾਕਟਰਾਂ ਨੇ ਖਤਰਾ ਮੁੱਲ ਲੈਂਦੇ ਹੋਏ, ਯਤਨ ਜਾਰੀ ਰੱਖੇ। ਮੇਰੀ ਪਤਨੀ ਨੇ ਇੱਕ ਪਿਆਰੀ ਜਿਹੀ ਬੱਚੀ ਨੂੰ ਜਨਮ ਦਿੱਤਾ। ਮੇਰੀ ਪਤਨੀ ਦੀ ਹਾਲਤ ਵੀ ਠੀਕ ਹੋਣੀ ਸ਼ੁਰੂ ਹੋ ਗਈ। ਇਸ ਤਰ੍ਹਾਂ ਡਾਕਟਰਾਂ ਦੇ ਸੁਹਿਰਦ ਯਤਨਾਂ ਨੇ, ਮੈਡੀਕਲ ਵਿਗਿਆਨ ਨੇ ਅਖੌਤੀ ਰੱਬ ਨੂੰ ਮਾਤ ਪਾ ਦਿੱਤੀ।

'ਤਰਕਸ਼ੀਲ' ਦੇ ਪਾਠਕਾਂ ਨੂੰ ਮੇਰਾ ਇਹ ਸੁਨੇਹਾ ਹੈ ਕਿ ਲਾਈਲੱਗ, ਅੰਧ-ਵਿਸ਼ਵਾਸੀ ਬਨਣ ਦੀ ਥਾਂ ਤਰਕਸ਼ੀਲ ਸੋਚ ਦੇ ਧਾਰਨੀ ਬਣੋ। ਤਰਕ ਅਤੇ ਵਿਗਿਆਨ ਦੀ ਹੀ ਹਮੇਸ਼ਾ ਜਿੱਤ ਹੁੰਦੀ ਹੈ।

98780-26060

ਮੈਗਜ਼ੀਨ ਸਹਾਇਤਾ	
ਹਰਮੇਸ਼ ਸਿੰਘ ਮੱਤੀ, ਇਕਾਈ ਭੀਖੀ	500
ਗੁਰਚਰਨ ਸਿੰਘ ਘੇਮੂਆਣਾ ਆਪਣੇ ਪਿਤਾ ਦੇ ਸ਼ੋਕ ਸਮਾਗਮ 'ਤੇ	1000
ਰਾਜੀਵ ਟੋਲੀ ਦਾਦੀ ਦੇ ਸ਼ੋਕ ਸਮਾਗਮ 'ਤੇ	500

ਸਿਹਤ ਵਿਗਿਆਨ

ਬਲੱਡ ਪ੍ਰੈਸ਼ਰ : ਬਹੁਕੌਮੀ ਕੰਪਨੀਆਂ ਦੀ ਲੁੱਟ ਦਾ ਸਾਧਨ



ਡਾ. ਬਲਜਿੰਦਰ ਸਿੰਘ ਸੇਖੋਂ

(ਇਹ ਲੇਖ ਛਾਪਣ ਦਾ ਮਕਸਦ ਸਾਡਾ ਪਾਠਕਾਂ ਨੂੰ ਡਰਾਉਣਾ ਜਾਂ ਉਨ੍ਹਾਂ ਦੀ ਚੱਲ ਰਹੀ ਦਵਾਈ ਨੂੰ ਬੰਦ ਕਰਾਉਣਾ ਉੱਕਾ ਹੀ ਨਹੀਂ। ਤੁਸੀਂ ਬਿਨ੍ਹਾਂ ਡਾਕਟਰ ਦੀ ਸਲਾਹ ਦੇ ਕੋਈ ਦਵਾਈ ਬੰਦ ਨਾ ਕਰੋ। ਜੇ ਹੋ ਸਕੇ ਤਾਂ ਆਪਣੇ ਘਰ ਬਲੱਡ ਪ੍ਰੈਸ਼ਰ ਮਿਣਨ ਵਾਲੀ ਮਸ਼ੀਨ ਲੈ ਆਓ ਅਤੇ ਆਪ ਅਪਣਾ ਬਲੱਡ ਪ੍ਰੈਸ਼ਰ ਮਿਣੋ। ਇਸ ਲੇਖ ਵਿਚਲੀਆਂ ਗੱਲਾਂ ਤੇ ਅਮਲ ਕਰਦੇ ਹੋਏ ਵੇਖੋ ਕਿ ਇਨ੍ਹਾਂ ਨੂੰ ਅਪਨਾਉਣ ਨਾਲ, ਜੇਕਰ ਤੁਹਾਡਾ ਬਲੱਡ ਪ੍ਰੈਸ਼ਰ ਘੱਟ ਰਿਹਾ ਹੈ ਤਾਂ ਡਾਕਟਰ ਦੀ ਸਲਾਹ ਨਾਲ ਇਹ ਦਵਾਈਆਂ ਨੂੰ ਘੱਟ ਕਰਦੇ ਜਾਓ ਜਦ ਤੱਕ ਕਿ ਦਵਾਈਆਂ ਤੋਂ ਬਿਨਾਂ ਤੁਹਾਡਾ ਬਲੱਡ ਪ੍ਰੈਸ਼ਰ ਠੀਕ ਨਹੀਂ ਹੋ ਜਾਂਦਾ। ਲੇਖਕ, ਖੁਰਾਕ ਵਿੱਚ ਪੁਟਾਸ਼ੀਅਮ ਵਧਾ ਕੇ ਅਤੇ ਹਰ ਸਵੇਰ ਕਸਰਤ ਕਰਨ ਨੂੰ ਯਕੀਨੀ ਬਣਾ ਕੇ, ਜੋ ਬਲੱਡ ਪ੍ਰੈਸ਼ਰ ਠੀਕ ਰੱਖਣ ਲਈ ਦੋ ਗੋਲੀਆਂ ਹਰ ਰੋਜ਼ ਸਵੇਰੇ ਖਾਂਦਾ ਸੀ, ਕਈ ਸਾਲਾਂ ਤੋਂ ਬੰਦ ਕਰ ਚੁੱਕਿਆ ਹੈ। ਹੋ ਸਕਦਾ ਹੈ ਇਹ ਗੱਲ ਹਰ ਇੱਕ ਤੇ ਨਾ ਢੁਕਦੀ ਹੋਵੇ, ਸੋ ਡਾਕਟਰ ਦੀ ਸਲਾਹ ਨਾਲ ਹੀ ਅੱਗੇ ਚੱਲੋ।)

ਮੇਰੇ ਸਾਹਮਣੇ ਦੋ ਕਿਤਾਬਾਂ ਪਈਆਂ ਹਨ:

Moor RD (2001) The High Blood Pressure Solution-A scientifically proven program for preventing strokes and Heart Disease. *Healing Arts Press, Rochester, Vermont USA:* 386 pp

Rogers SA. (2005) The Blood Pressure HOAX. *Sand Key Company, Inc. Sarsota, Florida USA*: 280 pp

ਦੋਨੋਂ ਕਿਤਾਬਾਂ ਮੰਨੇ ਪ੍ਰਮੰਨੇ ਡਾਕਟਰਾਂ ਦੀਆਂ ਲਿਖੀਆਂ ਹੋਈਆਂ ਹਨ। ਡਾ. ਮੂਰ ਨੇ ਇੰਡੀਆਨਾ ਯੂਨੀਵਰਸਿਟੀ ਵਿੱਚੋਂ ਡਾਕਟਰੀ ਦੀ ਐਮ ਡੀ ਡਿਗਰੀ ਲੈਣ ਤੋਂ ਬਾਅਦ ਪ੍ਰਡੂ ਯੂਨੀਵਰਸਿਟੀ ਵਿੱਚੋਂ ਜੀਵ ਭੌਤਿਕ (Biophysics) ਦੀ ਪੀ.ਐੱਚ.ਡੀ. ਕਰਨ ਉਪਰੰਤ 30 ਸਾਲ ਇਸ ਖੇਤਰ ਵਿੱਚ ਖੋਜ ਕੀਤੀ। ਡਾ. ਰੌਜਰਜ਼ ਨੇ ਡਾਕਟਰੀ ਦੀ ਉੱਚ ਵਿਦਿਆ (ਐਮ.ਡੀ.) ਕਰਨ ਉਪਰੰਤ 30 ਸਾਲ ਡਾਕਟਰ ਦੇ ਤੌਰ ਤੇ ਕੰਮ ਕੀਤਾ, ਆਕਸਫੋਰਡ ਸਮੇਤ ਹੋਰ ਛੇ ਮੁਲਕਾਂ ਵਿੱਚ 100 ਤੋਂ ਵੱਧ ਡਾਕਟਰੀ ਦੇ ਕੋਰਸ ਪੜ੍ਹਾਏ, 20 ਖੋਜ ਪੱਤਰ ਲਿਖੇ ਤੇ ਦਰਜਨ ਤੋਂ ਵੱਧ ਕਿਤਾਬਾਂ ਲਿਖੀਆਂ ਹਨ।

ਦੋਨੋਂ ਕਿਤਾਬਾਂ ਵਿੱਚ ਖ਼ੋਜ ਤੇ ਅਧਾਰਤ ਗੱਲਾਂ ਲਿਖੀਆਂ ਹਨ ਅਤੇ ਉਨ੍ਹਾਂ ਖੋਜ ਪੱਤਰਾਂ ਦੇ ਇੰਨ੍ਹਾਂ ਕਿਤਾਬਾਂ ਵਿੱਚ ਹਵਾਲੇ ਵੀ ਦਿੱਤੇ ਹੋਏ ਹਨ।

ਦੋਨਾਂ ਕਿਤਾਬਾਂ ਦਾ ਸਾਰ ਅੰਸ਼: ਬਲੱਡ ਪ੍ਰੈਸ਼ਰ ਕੋਈ ਲਾ-ਇਲਾਜ ਬੀਮਾਰੀ ਨਹੀਂ, ਜਿਸ ਦਾ ਪੱਕਾ ਇਲਾਜ ਨਾ ਹੋ ਸਕੇ। ਇਸਦੇ ਕਾਰਨਾਂ ਦਾ ਪਤਾ ਲਗਾ ਕੇ ਇਸ ਦਾ ਪੱਕਾ ਇਲਾਜ ਕੀਤਾ ਜਾ ਸਕਦਾ ਹੈ, ਸਾਰੀ ਉਮਰ ਦਵਾਈਆਂ ਖਾਣ ਦੀ ਜਰੂਰਤ ਨਹੀਂ। ਵੱਡੀ ਗਿਣਤੀ ਦੇ ਮਰੀਜ਼ਾਂ ਵਿੱਚ ਇਹ ਪੋਟਾਸ਼ੀਅਮ ਤੱਤ ਦੀ ਖੁਰਾਕ ਵਿੱਚ ਘਾਟ ਅਤੇ ਲੂਣ (ਸੋਡੀਅਮ) ਦੇ ਜਿਆਦਾ ਖਾਣ ਕਾਰਨ, ਪੋਟਾਸ਼ੀਅਮ/ਸੋਡੀਅਮ (K/Na ratio) ਵਿਚਲਾ ਵਿਗੜਿਆ ਅਨੁਪਾਤ ਜਾਂ ਅਸੰਤੁਲਨ ਹੈ। ਪਰ ਕਿਉਂਕਿ ਇਹ ਤੱਥ ਬਹੁਕੌਮੀ ਦਵਾਈਆਂ ਦੀਆਂ ਕੰਪਨੀਆਂ ਨੂੰ, ਹਰ ਮਰੀਜ਼ ਨੂੰ ਸਾਰੀ ਉਮਰ ਬਲੱਡ ਪ੍ਰੈਸ਼ਰ ਘਟਾਉਣ ਦੀਆਂ ਗੋਲੀਆਂ ਵੇਚ ਕੇ, ਅਰਬਾਂ ਖਰਬਾਂ ਦੀ ਇਸ ਬਿਮਾਰੀ ਤੋਂ ਹੋ ਰਹੀ ਕਮਾਈ ਨੂੰ ਠੇਸ ਪਹੁੰਚਾ ਸਕਦਾ ਹੈ, ਇਸ ਲਈ ਇਸ ਨੁਕਤੇ ਨੂੰ ਦਬਾ ਕੇ ਰੱਖਿਆ ਗਿਆ ਹੈ ਅਤੇ ਜੋ ਕੋਈ ਇਹ ਗੱਲ ਕਹਿਣ ਦੀ ਕੋਸ਼ਿਸ਼ ਕਰਦਾ ਹੈ, ਉਸਦੀ ਗੱਲ ਨੂੰ ਅਣਗੌਲਿਆ ਕਰਨ ਦੇ ਯਤਨ ਵੀ ਕੀਤੇ ਜਾਂਦੇ ਹਨ।

ਜਦ ਆਪਣੀ ਖੋਜ ਉਪਰੰਤ ਡਾ. ਮੂਰ ਨੂੰ ਇਹ ਗੱਲ ਸਪੱਸ਼ਟ ਹੋ ਗਈ ਕਿ ਬਹੁਤ ਸਾਰੇ ਮਰੀਜ਼ਾਂ ਵਿੱਚ ਜੇਕਰ ਪੋਟਾਸ਼ੀਅਮ ਖੁਰਾਕ ਵਿੱਚ ਵਧਾ ਦਿੱਤਾ ਜਾਵੇ ਤੇ ਸੋਡੀਅਮ ਘਟਾ ਦਿੱਤਾ ਜਾਵੇ ਤਾਂ ਬਲੱਡ ਪ੍ਰੈਸ਼ਰ ਠੀਕ ਹੋ ਸਕਦਾ ਹੈ ਤਾਂ ਉਸਨੇ ਬਲੱਡ ਪ੍ਰੈਸ਼ਰ ਦੇ ਵੱਡੇ ਮੰਨੇ ਪ੍ਰਮੰਨੇ ਡਾਕਟਰਾਂ ਨੂੰ ਇਹ ਗੱਲ ਦੱਸੀ, ਪਰ ਕਿਸੇ ਨੇ ਵੀ ਉਸ ਦੇ ਇਸ ਵਿਚਾਰ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਅਤੇ ਇਸ ਨੂੰ ਅਣਸੁਣਿਆ ਕਰ ਦਿੱਤਾ। ਆਖਿਰ ਉਸ ਨੇ ਡਾ. ਜਾਰਜ਼ ਵੈਬ ਨਾਲ ਮਿਲ ਕੇ, ਜਿਸ ਦੀ ਖੋਜ ਵੀ ਇਹੀ ਕਹਿੰਦੀ ਸੀ ਕਿ ਬਲੱਡ ਪ੍ਰੈਸ਼ਰ ਦੀਆਂ ਦਵਾਈਆਂ ਨਾਲੋਂ ਬਹੁਤ ਵਿਅਕਤੀਆਂ ਨੂੰ ਇੱਕ ਕੇਲਾ ਜਾਂ ਉਬਲਿਆ ਆਲੂ ਵੀ ਜਿਆਦਾ ਫਾਇਦਾ ਕਰਦਾ ਹੈ ਅਤੇ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਸਹੀ ਹੋ ਜਾਂਦਾ ਹੈ, ਇੱਕ ਕਿਤਾਬ ਲਿਖੀ, ਜਿਸ ਦਾ ਨਾਂ ਸੀ, **'ਪੋਟਾਸ਼ੀਅਮ ਕਾਰਕ, ਦਵਾਈਆਂ ਤੋਂ, ਬਿਨਾਂ ਬਲੱਡ-ਪ੍ਰੈਸ਼ਰ ਰੋਕਣ ਅਤੇ ਠੀਕ ਕਰਨ ਦਾ ਤਰੀਕਾ'** (The K factor : Reversing and Preventing High Blood

Pressure without drugs)। ਸਾਲ 1986 ਵਿੱਚ ਇੱਕ ਵੱਡੇ ਪਬਲਿਸ਼ਰ ਨੇ ਇਹ ਕਿਤਾਬ ਛਾਪ ਦਿੱਤੀ ਅਤੇ ਇਸ ਦੀ ਮਸ਼ਹੂਰੀ ਲਈ, ਲੇਖਕ ਨੂੰ 50 ਹਜ਼ਾਰ ਡਾਲਰ ਖਰਚਣ ਦਾ ਵਾਇਦਾ ਕੀਤਾ। ਡਾ. ਮੂਰ ਨੂੰ 5 ਵੱਡੇ ਸ਼ਹਿਰਾਂ ਦੇ ਰੇਡੀਓ ਅਤੇ ਟੈਲੀਵਿਜਨ ਕੇਂਦਰਾਂ ਤੇ ਬੋਲਣ ਲਈ ਭੇਜ ਦਿੱਤਾ ਗਿਆ। ਪਹਿਲੇ ਕੁੱਝ ਹਫਤਿਆਂ ਵਿੱਚ ਹੀ ਕਿਤਾਬ ਦੀਆਂ 14000 ਕਾਪੀਆਂ ਵਿਕ ਗਈਆਂ। ਪਰ ਫਿਰ ਅਚਾਨਕ ਪਬਲਿਸ਼ਰ ਦਾ ਰਵੱਈਆ ਬਦਲ ਗਿਆ। ਉਸ ਨੇ ਜਵਾਬ ਦਿੱਤਾ ਕਿ ਇਸ ਕਿਤਾਬ ਦੀ ਹੋਰ ਮਸ਼ਹੂਰੀ ਨਹੀਂ ਕਰਨੀ। ਉਸੇ ਪਬਲਿਸ਼ਰ ਨੇ ਇੱਕ ਹੋਰ ਕਿਤਾਬ ਛਾਪੀ, ਜਿਸ ਵਿੱਚ ਦਵਾਈਆਂ ਦੇ ਫਾਇਦਿਆਂ ਨੂੰ ਵਧਾ ਚੜ੍ਹਾ ਕੇ ਦਸਦਿਆਂ, ਬਲੱਡ ਪ੍ਰੈਸ਼ਰ ਦਵਾਈਆਂ ਨਾਲ ਕਿਵੇਂ ਰੋਕਿਆ ਜਾਵੇ, ਬਾਰੇ ਜਾਣਕਾਰੀ ਸੀ। ਹੋਰ ਜਾਣਕਾਰੀ ਪ੍ਰਾਪਤ ਕਰਨ ਤੇ ਪਤਾ ਲੱਗਾ ਕਿ ਦਵਾਈਆਂ ਦੀਆਂ ਕੰਪਨੀਆਂ ਨੇ ਇਹ ਨਵੀਂ ਕਿਤਾਬ ਛਪਵਾਈ ਸੀ, ਸਾਰਾ ਖਰਚ ਵੀ ਆਪ ਦਿੱਤਾ ਸੀ ਅਤੇ ਡਾ. ਮੂਰ ਦੀ ਕਿਤਾਬ ਦੀਆਂ ਬਾਕੀ ਰਹਿੰਦੀਆਂ ਕਾਪੀਆਂ ਖੁਦ ਖਰੀਦ ਕੇ ਖੁਰਦ ਬੁਰਦ ਕਰ ਦਿੱਤੀਆਂ ਸਨ।

ਦੋਨੋਂ ਡਾਕਟਰ ਲਿਖਦੇ ਹਨ, ਜਿਸ ਤਰ੍ਹਾਂ ਬੁਖਾਰ ਖੁਦ ਕੋਈ ਬਿਮਾਰੀ ਨਹੀਂ, ਕਿਸੇ ਬਿਮਾਰੀ ਦੀ ਨਿਸ਼ਾਨੀ ਹੁੰਦਾ ਹੈ, ਇਸੇ ਤਰ੍ਹਾਂ ਖ਼ੂਨ ਦਾ ਵਧਿਆ ਦਬਾਅ ਤਾਂ ਪੋਟਾਸ਼ੀਅਮ, ਸੋਡੀਅਮ ਦੇ ਅਸੰਤੁਲਨ ਦੀ ਜੋ ਸ਼ਰੀਰ ਦੇ ਹਰ ਸੈੱਲ (ਸਰੀਰ ਵਿਚਲੇ ਸਾਰੇ ਅੰਗਾਂ) ਵਿਚ ਹੈ, ਦੀ ਇੱਕ ਨਿਸ਼ਾਨੀ ਹੀ ਹੈ। ਸਿਰਫ ਇਸ ਨਿਸ਼ਾਨੀ ਨੂੰ ਦਵਾਈਆਂ ਨਾਲ ਖਤਮ ਕਰਨ ਨਾਲ, ਜਾਂ ਕਹਿ ਲਓ ਕਿ ਦਵਾਈਆਂ ਖਾ ਕੇ ਬਲੱਡ ਪ੍ਰੈਸ਼ਰ ਸਹੀ ਰੱਖਣ ਨਾਲ, ਸਰੀਰ ਵਿਚਲੇ ਹਰ ਸੈੱਲ ਦਾ ਸੰਤੁਲਨ ਠੀਕ ਨਹੀਂ ਹੁੰਦਾ, ਇਸ ਲਈ ਇਹ ਦਵਾਈਆਂ ਜਿਆਦਾ ਹਾਲਤਾਂ ਵਿੱਚ ਕੋਈ ਫਾਇਦਾ ਨਹੀਂ ਕਰਦੀਆਂ। ਅੰਕੜੇ ਦਸਦੇ ਹਨ ਕਿ ਦਵਾਈਆਂ ਨਾਲ ਬਲੱਡ ਪ੍ਰੈਸ਼ਰ ਘੱਟ ਕਰਨ ਨਾਲ ਅਧਰੰਗ ਦੇ ਦੌਰੇ ਤੇ ਦਿਮਾਗ ਦੀ ਨਾੜੀ ਫਟਣ ਨਾਲ ਹੋਈਆਂ ਮੌਤਾਂ ਦੀ ਗਿਣਤੀ ਘਟਦੀ ਹੈ, ਪਰ ਇਸ ਕਾਰਨ ਹੋਣ ਵਾਲੇ ਦਿਲ ਦੇ ਦੌਰਿਆਂ ਅਤੇ ਦਿਲ ਦੇ ਦੌਰੇ ਕਾਰਨ ਹੋਈਆਂ ਮੌਤਾਂ ਦੀ ਗਿਣਤੀ ਵਿੱਚ ਕੋਈ ਵੱਡਾ ਫਰਕ ਨਜ਼ਰ ਨਹੀਂ ਆਉਂਦਾ। ਦੂਸਰੇ ਪਾਸੇ ਜੇਕਰ ਖੁਰਾਕ ਵਿੱਚ ਵਧਾਏ ਬਹੁਤ ਥੋੜੇ ਪੁਟਾਸ਼ੀਅਮ ਨਾਲ, ਇੰਨੇ ਥੋੜ੍ਹੇ ਕਿ ਜਿਸ ਨਾਲ ਅਜੇ ਬਲੱਡ ਪ੍ਰੈਸ਼ਰ ਵੀ ਨਾ ਘਟਿਆ ਹੋਵੇ, ਵੱਡੇ ਪੱਧਰ ਤੇ ਅਧਰੰਗ ਦੇ ਦੌਰੇ ਤੇ ਦਿਮਾਗ ਦੀ ਨਾੜੀ ਫਟਣ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਿੱਚ ਘਾਟਾ ਵੇਖਿਆ ਗਿਆ ਹੈ।

ਡਾ. ਰੋਜਰ ਦੀ ਕਿਤਾਬ ਵਿੱਚ ਕੁਝ ਮਰੀਜਾਂ ਵਿੱਚ ਇਸ ਬੀਮਾਰੀ ਦਾ ਕਾਰਨ ਪੋਟਾਸ਼ੀਅਮ ਦੇ ਨਾਲ-ਨਾਲ ਕੁਝ ਹੋਰ ਤੱਤਾਂ ਦੀ ਘਾਟ ਵੀ ਦੱਸੀ ਗਈ ਹੈ, ਜਿਵੇਂ ਮੈਗਨੀਸ਼ੀਅਮ, ਕੈਲਸ਼ੀਅਮ ਅਤੇ ਕੁਝ ਵਿਟਾਮਿਨ ਜਿਵੇਂ ਸੀ ਤੇ ਈ ਆਦਿ। ਪਰ ਡਾ. ਰੋਜਰ ਨੇ ਬਲੱਡ ਪ੍ਰੈਸ਼ਰ ਦੀ ਰੋਕਥਾਮ ਲਈ ਵਰਤੀਆਂ ਦਵਾਈਆਂ ਦੀ ਵਰਤੋਂ ਨੂੰ ਚੰਗਾ ਨਹੀਂ ਦੱਸਿਆ। ਆਮ ਵਰਤੀਆਂ ਜਾਂਦੀਆਂ ਦਵਾਈਆਂ ਦੀ ਇੱਕ ਸ੍ਰੇਣੀ, ਹਾਈਡਰੋਕਲੋਰੋਥਾਇਆਜਾਈਡ ਜਿਸ ਵਿੱਚ ਲੇਸਿਕਸ, ਡਾਈਯੋਰਿਲ ਆਦਿ (Lasix, Diuril) ਆਦਿ ਆਉਂਦੀਆਂ ਹਨ, ਜਿਸ ਨਾਲ ਪਿਸ਼ਾਬ ਜਿਆਦਾ ਆਉਣ ਨਾਲ ਸ਼ਰੀਰ ਵਿੱਚ ਖੂਨ ਦੀ ਕੁੱਲ ਮਾਤਰਾ ਘਟਾ ਕੇ ਦਬਾ ਘਟਾਇਆ ਜਾਂਦਾ ਹੈ, ਬਾਰੇ ਰੋਜਰ ਦਾ ਕਹਿਣਾ ਹੈ, ਕਿ ਬਿਨਾਂ ਇਸ ਦਾ ਪਤਾ ਕਰੇ ਕਿ ਕਿਤੇ ਬਲੱਡ ਪ੍ਰੈਸ਼ਰ ਪੋਟਾਸ਼ੀਅਮ ਦੀ ਕਮੀ ਕਰਕੇ ਤਾਂ ਨਹੀਂ, ਇਹ ਗੋਲੀਆਂ ਦੇਣ ਨਾਲ ਸਗੋਂ ਪੋਟਾਸ਼ੀਅਮ ਦੀ ਹੋਰ ਘਾਟ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਇਹ ਛੇਤੀ ਮਰਨਾ ਯਕੀਨੀ ਬਣਾਉਂਦੀਆਂ ਹਨ। ਦੂਸਰੀ ਕਿਸਮ ਜਿਸ ਨੂੰ ਕੈਲਸ਼ੀਅਮ ਚੈਨਲ ਨੂੰ ਬੰਦ ਕਰਨ ਵਾਲੇ ਕਿਹਾ ਜਾਂਦਾ ਹੈ ਜਿਸ ਵਿੱਚ ਨੌਰਵਸਕ, ਅਡੇਲਟ, ਕਾਰਡੀਨ (Norvasc, Adalat, Cardene) ਆਦਿ ਆਉਂਦੀਆਂ ਹਨ, ਦਿਮਾਗ ਨੂੰ ਸੁੰਗੜਾਅ ਦਿੰਦੀਆਂ ਹਨ ਅਤੇ ਕੈਂਸਰ ਹੋਣ ਦੀ ਸੰਭਾਵਨਾ ਨੂੰ ਵਧਾ ਦਿੰਦੀਆਂ ਹਨ। ਬੀਟਾ ਬਲੌਕਰ ਜਿਸ ਵਿੱਚ ਐਟੀਨੋਨੌਲ, ਐਟੀਕਾਰਡ (Atecard, Atenolol) ਆਦਿ ਆਉਂਦੀਆਂ ਹਨ, ਬਾਰੇ ਲਿਖਦੀ ਹੈ ਕਿ ਇਸ ਨਾਲ ਸ਼ੂਗਰ ਦੀ ਬਿਮਾਰੀ ਵੱਧਦੀ ਹੈ। ਉਸ ਦਾ ਕਹਿਣਾ ਹੈ ਕਿ 'ਜੇਕਰ ਇਹੀ ਮੁਸ਼ਕਿਲ ਕਿਸੇ ਵਿਟਾਮਿਨ ਕਰਕੇ ਆਉਂਦੀ ਤਾਂ ਇਸ ਨੂੰ ਕਦੇ ਦਾ ਬੰਦ ਕਰ ਦਿੱਤਾ ਜਾਂਦਾ, ਪਰ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦਾ ਜ਼ੋਰ ਇੰਨ੍ਹਾਂ ਹੈ ਕਿ ਡਾਕਟਰ ਇੰਨ੍ਹਾਂ ਦਵਾਈਆਂ ਨਾਲ ਇਤਨੇ ਮੋਹਿਤ ਹੋਏ ਹੋਏ ਹਨ, ਕਿ ਇਸ ਤਰ੍ਹਾਂ ਦੀ ਮੁਢਲੀ ਖੋਜ ਦੇ ਪਾਸੇ ਦੀ ਲੰਘ ਜਾਂਦੇ ਹਨ।'

ਜੀਵ ਵਿਕਾਸ ਦੌਰਾਨ, ਸਰੀਰ ਵਿੱਚ ਸੋਡੀਅਮ ਅਤੇ ਪੋਟਾਸ਼ੀਅਮ ਦਾ ਅਪਣਾ ਥਾਂ ਬਣਦਾ ਗਿਆ ਅਤੇ ਹੋਰ ਕੰਮਾਂ ਤੋਂ ਇਲਾਵਾ, ਅਜੋਕੇ ਮਨੁੱਖ ਅਤੇ ਹੋਰ ਬਹੁਤ ਸਾਰੇ ਜੀਵਾਂ ਵਿੱਚ ਇਹ ਸਰੀਰ ਵਿੱਚ ਇੱਕ ਥਾਂ ਦਿਮਾਗ ਦੀਆਂ ਨਸਾਂ ਰਾਹੀਂ ਸੁਨੇਹਾ ਪਹੁੰਚਾਉਣ ਦਾ ਜ਼ਰੂਰੀ ਕੰਮ ਕਰਦੇ ਹਨ। ਇਨ੍ਹਾਂ ਦੇ ਨਸਾਂ ਵਿੱਚੋਂ ਅੰਦਰ ਬਾਹਰ ਜਾਣ ਨਾਲ ਨਸਾਂ ਰਾਹੀਂ ਸੁਨੇਹਾ ਅੱਗੇ ਚਲਦਾ ਹੈ। ਪੋਟਾਸ਼ੀਅਮ ਜੀਵਾਂ ਨਾਲੋਂ ਪੌਦਿਆਂ ਵਿੱਚ ਜਿਆਦਾ ਹੁੰਦਾ ਹੈ। ਇਸ ਦਾ ਨਾਂ ਪੁਟਾਸ਼ ਵੀ ਸੁਆਹ ਤੋਂ ਹੀ ਆਇਆ ਹੈ, ਕਿਉਂਕਿ ਪੌਦਿਆਂ ਦੀ ਸੁਆਹ ਵਿੱਚ ਇਸ ਦੀ ਮਾਤਰਾ ਬਹੁਤ ਹੋਣ ਕਾਰਣ ਪਹਿਲਾਂ

ਪਹਿਲ ਇਸ ਨੂੰ ਸੁਆਹ ਤੋਂ ਹੀ ਕੱਢਿਆ ਜਾਂਦਾ ਸੀ। ਆਦਿ ਮਨੁੱਖ ਦੀ ਖੁਰਾਕ ਵਿੱਚ ਦੋ ਤਿਹਾਈ ਪੌਦੇ ਅਤੇ ਇੱਕ ਤਿਹਾਈ ਮੀਟ ਹੋਣ ਕਾਰਨ, ਉਸ ਦੇ ਸਰੀਰ ਵਿੱਚ ਲੋੜੀਂਦਾ ਪੋਟਾਸ਼ੀਅਮ ਮਿਲ ਜਾਂਦਾ ਸੀ। ਪਰ ਅੱਗੇ ਚੱਲ ਕੇ ਮਨੁੱਖ ਨੇ ਆਪਣੀ ਖੁਰਾਕ ਨੂੰ ਸੁਆਦੀ ਬਣਾਉਣ ਅਤੇ ਖੁਰਾਕ ਨੂੰ ਸੰਭਾਲ ਕੇ ਰੱਖਣ ਦੀ ਪ੍ਰਕਿਰਿਆ ਅਪਣਾਉਣ ਨਾਲ, ਉਸ ਦੀ ਖੁਰਾਕ ਵਿੱਚ ਲੂਣ (ਸੋਡੀਅਮ ਕਲੋਰਾਈਡ) ਵਿਚਲੇ ਸੋਡੀਅਮ ਦੀ ਮਾਤਰਾ ਵੱਧ ਗਈ ਅਤੇ ਬੂਟਿਆਂ ਦੀ ਥਾਂ ਮੀਟ ਖੁਰਾਕ ਵਿੱਚ ਅਪਨਾਉਣ ਨਾਲ ਪੋਟਾਸ਼ੀਅਮ ਦੀ ਮਾਤਰਾ ਘਟ ਗਈ। ਇਸ ਵਧੀ ਘਟੀ ਮਾਤਰਾ ਨੂੰ ਕੁਝ ਦੇਰ ਤਾਂ ਮਨੁੱਖੀ ਸਰੀਰ ਸੰਤੁਲਿਤ ਕਰ ਲੈਂਦਾ ਹੈ ਪਰ ਬਹੁਤ ਸਾਰੇ ਵਿਅਕਤੀਆਂ ਵਿੱਚ ਲੋੜੀਂਦਾ ਪੋਟਾਸ਼ੀਅਮ ਖੁਰਾਕ ਵਿੱਚੋਂ ਨਾ ਮਿਲਣ ਕਾਰਨ ਇਹ ਸੰਤੁਲਨ ਵਿਗੜ ਜਾਂਦਾ ਹੈ ਜਿਸ ਨਾਲ ਬਲੱਡ ਪ੍ਰੈਸ਼ਰ ਰਹਿਣ ਲੱਗਦਾ ਹੈ। ਇਸ ਦਾ ਅਸਲੀ ਇਲਾਜ ਇਸ ਅਸੰਤੁਲਨ ਨੂੰ ਆਪਣੀ ਖੁਰਾਕ ਵਿੱਚ ਪੋਟਾਸ਼ੀਅਮ ਵਧਾ ਕੇ ਸੋਡੀਅਮ ਘਟਾ ਕੇ ਠੀਕ ਕੀਤਾ ਜਾ ਸਕਦਾ ਹੈ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਕਈ ਵਿਅਕਤੀ ਡਾਕਟਰ ਦੇ ਪਹਿਲੀ ਵਾਰ ਬਲੱਡ ਪ੍ਰੈਸ਼ਰ ਦੱਸਣ ਜਾਂ ਦਿਲ ਦਾ ਦੌਰਾ ਪੈਣ ਜਾਂ ਦਿਮਾਗ ਵਿੱਚ ਕਿਸੇ ਲਹੂ ਦੀ ਨਾੜੀ ਦੇ ਬੰਦ ਹੋਣ ਜਾਂ ਥੋੜੀ ਫਟਣ ਦਾ ਪਤਾ ਲੱਗਣ ਤੇ ਇੰਨ੍ਹੇ ਡਰ ਜਾਂਦੇ ਹਨ ਕਿ ਉਹ ਲੂਣ ਜਾਂ ਸੋਡੀਅਮ ਬਿਲਕੁਲ ਘਟਾ ਦਿੰਦੇ ਹਨ, ਜੋ ਖਤਰਨਾਕ ਸਿੱਧ ਹੋ ਸਕਦਾ ਹੈ ਕਿਉਂਕਿ ਜਿਸ ਤਰ੍ਹਾਂ ਅਸੀਂ ਉੱਪਰ ਵੇਖਿਆ ਹੈ ਸੋਡੀਅਮ ਕੁਝ ਮਾਤਰਾ ਵਿੱਚ ਸਰੀਰ ਲਈ ਅਤੀ ਲੋੜੀਂਦਾ ਹੈ।

ਸੋ ਸਾਡੀ ਖੁਰਾਕ ਵਿੱਚ ਕਿੰਨਾ ਸੋਡੀਅਮ ਅਤੇ ਕਿੰਨਾ ਪੋਟਾਸ਼ੀਅਮ ਚਾਹੀਦਾ ਹੈ? ਅਮਰੀਕਾ ਤੇ ਕੈਨੇਡਾ ਵਿੱਚ ਸਿਹਤਮੰਦ ਰਹਿਣ ਲਈ ਕਿਸੇ ਤੱਤ ਦੀ ਲੋੜੀਂਦੀ ਮਾਤਰਾ ਸਿਫਾਰਿਸ਼ ਕਰਨ ਵਾਲੀ ਦਵਾ ਸੰਸਥਾ, ਇੰਸਟੀਚਿਊਟ ਆਫ ਮੈਡੀਸਨ ਦੀ ਸਿਫਾਰਿਸ਼ ਮੁਤਾਬਿਕ ਹਰ ਵਿਅਕਤੀ ਨੂੰ ਹਰ ਰੋਜ 2300 ਮਿਲੀਗ੍ਰਾਮ ਸੋਡੀਅਮ ਅਤੇ 4700 ਮਿਲੀਗ੍ਰਾਮ ਪੋਟਾਸ਼ੀਅਮ ਆਪਣੀ ਖੁਰਾਕ ਵਿੱਚ ਮਿਲਣਾ ਚਾਹੀਦਾ ਹੈ। ਲੂਣ ਸੋਡੀਅਮ ਕਲੋਰਾਈਡ ਹੁੰਦਾ ਹੈ ਜਿਸ ਵਿੱਚ 40 ਪ੍ਰਤੀਸ਼ਤ ਸੋਡੀਅਮ ਅਤੇ ਬਾਕੀ ਕਲੋਰੀਨ ਤੱਤ ਹੁੰਦਾ ਹੈ। ਸੋ 2300 ਮਿਲੀਗਰਾਮ ਸੋਡੀਅਮ, 5750 ਮਿਲੀਗ੍ਰਾਮ ਲੂਣ ਵਿੱਚੋਂ ਪੂਰਾ ਹੋ ਜਾਂਦਾ ਹੈ। ਇੱਕ ਆਮ ਚਮਚੇ ਵਿੱਚ 5700 ਮਿਲੀਗ੍ਰਾਮ ਜਾਂ ਤਕਰੀਬਨ 6 ਗ੍ਰਾਮ ਲੂਣ ਪੈ ਜਾਂਦਾ ਹੈ। ਸੋ ਸਾਨੂੰ ਹਰ ਰੋਜ਼ ਇੱਕ ਚਮਚਾ ਲੂਣ ਕਾਫੀ ਹੁੰਦਾ ਹੈ, ਪਰ ਆਮ ਕਰਕੇ ਔਸਤਨ ਇਸ ਨਾਲੋਂ ਤਿੰਨ ਗੁਣਾ ਲੂਣ ਵਰਤਿਆ ਜਾ ਰਿਹਾ ਹੈ। ਇੱਕੋ ਇੱਕ ਦੇਸ਼ ਫਿਨਲੈਂਡ ਜਿਸ ਨੇ ਡਾ. ਮੂਰ ਤੇ ਹੋਰਨਾਂ ਦੀ ਖੋਜ ਤੇ ਅਮਲ ਕਰਦਿਆਂ ਆਪਣੇ ਦੇਸ਼ ਵਿੱਚ 1970 ਤੋਂ ਬਾਅਦ ਲੂਣ ਦੀ ਵਰਤੋਂ ਘਟਾਈ ਹੈ, ਦੇ ਅੰਕੜੇ ਦਸਦੇ ਹਨ, ਕਿ ਉਸ ਦੇਸ਼ ਵਿੱਚ ਅਧਰੰਗ/ਦਿਮਾਗ ਦੀ ਨਾੜੀ ਫੱਟਣ ਅਤੇ ਦਿਲ ਦੇ ਦੌਰਿਆਂ ਵਿੱਚ 60 ਪ੍ਰਤੀਸ਼ਤ ਕਮੀ ਆਈ ਹੈ। ਉਹ ਦੇਸ਼ ਵਿੱਚ ਵਿਕ ਰਹੇ ਲੂਣ ਵਿੱਚ ਉਨ੍ਹਾਂ ਨੇ ਪੋਟਾਸ਼ੀਅਮ ਅਤੇ ਮੈਗਨੀਸ਼ੀਅਮ ਤੱਤ ਰਲਾ ਕੇ ਦੁਕਾਨਾਂ ਤੇ ਵੇਚਣ ਲਈ ਪੈਨਸਾਲਟ ਨਾਂ ਦਾ ਲੂਣ ਤਿਆਰ ਕੀਤਾ ਜਿਸ ਦਾ ਸੁਆਦ ਆਮ ਲੂਣ ਵਰਗਾ ਹੁੰਦਾ ਹੈ ਪਰ ਇਸ ਵਿੱਚ 57 ਪ੍ਰਤੀਸ਼ਤ ਸੋਡੀਅਮ ਕਲੋਰਾਈਡ, 28 ਪ੍ਰਤੀਸਤ ਪੋਟਾਸ਼ੀਅਮ ਕਲੋਰਾਈਡ, 12 ਪ੍ਰਤੀਸ਼ਤ ਮੈਗਨੇਸ਼ੀਅਮ ਸਲਫੇਟ ਅਤੇ 2 ਪ੍ਰਤੀਸ਼ਤ ਲਾਈਸੀਨ ਹਾਡਰੋਕਲੋਰਾਈਡ ਦਾ ਮਿਸ਼ਰਣ ਹੁੰਦਾ ਹੈ। ਇੱਥੇ ਇਹ ਗੱਲ ਵੀ ਜਾਣ ਲੈਣੀ ਚਾਹੀਦੀ ਹੈ ਕਿ ਲੂਣ ਵਿਚਲਾ ਸੋਡੀਅਮ ਸਾਨੂੰ ਸਿਰਫ ਲੂਣ ਤੋਂ ਹੀ ਨਹੀਂ, ਸਗੋਂ ਹੋਰ ਖਾਣ ਵਾਲੀਆਂ ਵਸਤਾਂ ਤੋਂ ਵੀ ਮਿਲਦਾ ਹੈ, ਸੋ ਇਹ 2300 ਮਿਲੀਗ੍ਰਾਮ ਜਾਂ ਤਕਰੀਬਨ ਸਵਾ ਦੋ ਗਰਾਮ ਸੋਡੀਅਮ ਦਾ ਵੱਡਾ ਹਿੱਸਾ ਤਾਂ ਖੁਰਾਕ ਵਿੱਚੋਂ ਹੀ ਪੂਰਾ ਹੋ ਜਾਂਦਾ ਹੈ।

ਡਾ. ਰੋਜਰ ਦੀ ਕਿਤਾਬ ਵਿੱਚ ਪੋਟਾਸ਼ੀਅਮ ਦੇ ਨਾਲ ਨਾਲ ਮੈਗਨੀਸ਼ੀਅਮ ਦੀ ਬਲੱਡ ਪ੍ਰੈਸ਼ਰ ਘਟਾਉਣ ਵਿੱਚ ਮਹੱਤਤਾ ਤੇ ਵੀ ਜ਼ੋਰ ਦਿੱਤਾ ਹੋਇਆ ਹੈ। ਉਸ ਮੁਤਾਬਿਕ ਕੁੱਝ ਵਿਅਕਤੀਆਂ ਵਿੱਚ ਮੈਗਨੀਸ਼ੀਅਮ ਦੀ ਮਾਤਰਾ ਵਧਾਉਣ ਨਾਲ ਵੀ ਬਲੱਡ ਪ੍ਰੈਸ਼ਰ ਠੀਕ ਹੋ ਜਾਂਦਾ ਹੈ। ਦਵਾ ਸੰਸਥਾ ਮੁਤਾਬਿਕ ਹਰ ਮਨੁੱਖ ਨੂੰ ਹਰ ਰੋਜ਼ 400 ਮਿਲੀਗ੍ਰਾਮ ਮੈਗਨੀਸ਼ੀਅਮ ਆਪਣੀ ਖੁਰਾਕ ਵਿੱਚੋਂ ਮਿਲਣੀ ਚਾਹੀਦੀ ਹੈ। ਇਸ ਘਾਟ ਨੂੰ ਪੂਰਾ ਕਰਨ ਲਈ ਆਪਣੀ ਖੁਰਾਕ ਵਿੱਚ ਉਹ ਵਸਤਾਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ। ਜਿੰਨ੍ਹਾਂ ਵਿੱਚ ਮੈਗਨੀਸ਼ੀਅਮ ਵੱਧ ਮਾਤਰਾ ਵਿੱਚ ਹੁੰਦਾ ਹੈ।

ਬਲੱਡ ਪ੍ਰੈਸ਼ਰ ਘਟਾਉਣ ਲਈ ਕੱਦੂ (ਲੌਕੀ) ਦੇ ਰੱਸ ਪੀਣ ਲਈ ਆਮ ਕਿਹਾ ਜਾਂਦਾ ਹੈ। ਇਹ ਠੀਕ ਬਲੱਡ ਪ੍ਰੈਸ਼ਰ ਘਟਾਉਂਦਾ ਹੈ। ਪਰ ਇੱਕ ਚੀਜ਼ ਦਾ ਖਿਆਲ ਰੱਖਣ ਦੀ ਲੋੜ ਹੈ, ਕਿ ਕੱਦੂ ਜਾਤੀ ਦੇ ਬੂਟਿਆਂ ਨੇ ਆਪਣੇ ਆਪ ਨੂੰ ਜਾਨਵਰਾਂ ਤੋਂ ਬਚਾਉਣ ਲਈ ਜੀਵ ਵਿਕਾਸ ਦੌਰਾਨ ਆਪਣੇ ਅੰਦਰ ਇੱਕ ਰਸਾਇਣ ਕੁਕੁਬਿਟਿਨ ਬਣਾਉਣਾ ਸ਼ੁਰੂ ਕਰ ਦਿੱਤਾ ਸੀ, ਜੋ ਇੰਨ੍ਹਾਂ ਨੂੰ ਕਈ ਜਾਨਵਰਾਂ ਤੋਂ ਬਚਾਉਂਦਾ ਹੈ। ਇਹ ਰਸਾਇਣ ਮਨੁੱਖ ਲਈ ਖਤਰਨਾਕ ਹੈ, ਇਹ ਕੌੜਾ ਬਹੁਤ ਹੁੰਦਾ ਹੈ, ਇਸਲਈ ਜਦ ਕਿਤੇ ਇਸ ਤਰ੍ਹਾਂ ਦੀ ਕੋਈ ਪੇਠੇ ਜਾਂ ਕੱਦੂ ਦੀ ਸਬਜ਼ੀ ਬਣ ਜਾਵੇ ਜੋ ਕੌੜੀ ਹੋਵੇ ਤਾਂ ਅਸੀਂ ਇਸਨੂੰ ਨਹੀਂ ਖਾਂਦੇ, ਇਹ ਸਹੀ ਵੀ ਹੈ। ਕਈ ਇਸ ਨੂੰ ਇਨ ਬਿਨ ਲਾਗੂ ਕਰਦੇ ਹੋਏ, ਕੌੜੇ ਮਿੱਠੇ ਵੱਲ ਘੱਟ ਹੀ ਧਿਆਨ ਦਿੰਦੇ ਹਨ ਤੇ ਇਸ

ਤਰ੍ਹਾਂ ਭਾਰਤ ਵਿੱਚ ਇੱਕ ਦੋ ਅਜਿਹੇ ਮਰੀਜ਼ ਸਾਹਮਣੇ ਆਏ ਹਨ, ਜਿੰਨ੍ਹਾਂ ਨੇ ਕੱਦੂ ਦਾ ਕੌੜਾ ਰਸ ਪੀ ਲਿਆ ਅਤੇ ਮਰਨ ਤੋਂ ਮਸੀਂ ਬਚੇ।

ਪੋਟਾਸ਼ੀਅਮ ਦੀ ਘਾਟ ਤੇ ਮੈਗਨੀਸ਼ੀਅਮ ਦੀ ਘਾਟ ਪੂਰੀ ਕਰ ਸਕਣ ਵਾਲੀਆਂ ਜਾਂ ਬਲੱਡ ਪ੍ਰੈਸ਼ਰ ਘਟਾਉਣ ਵਿੱਚ ਸਹਾਇਤਾ ਕਰ ਸਕਣ ਵਾਲੀਆਂ ਵਸਤਾਂ ਦੀ ਸੂਚੀ ਸਾਰਨੀ ਹੇਠਾਂ ਦਿੱਤੀ ਜਾ ਰਹੀ ਹੈ। ਸਾਰਨੀ 1 ਵਿੱਚ ਤੁਸੀਂ ਵੇਖੋਗੇ ਕਿ ਬੇਸ਼ੱਕ ਇਹ ਉਹ ਵਸਤਾਂ ਹਨ ਜਿੰਨ੍ਹਾਂ ਵਿੱਚ ਪੋਟਾਸ਼ੀਅਮ ਵੱਧ ਤੇ ਸੋਡੀਅਮ ਘੱਟ ਹੁੰਦਾ ਹੈ ਪਰ ਇਨ੍ਹਾਂ ਵਿੱਚ ਪੋਟਾਸ਼ੀਅਮ ਦੇ ਨਾਲ ਨਾਲ ਸੋਡੀਅਮ ਵੀ ਤਕਰੀਬਨ ਹਰ ਵਸਤੂ ਵਿੱਚ ਹੈ। ਇਸ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਖੁਰਾਕ ਵਿੱਚੋਂ ਹੀ ਕਿੰਨਾ ਸੋਡੀਅਮ ਸਾਨੂੰ ਮਿਲ ਜਾਂਦਾ ਹੈ। ਕਈ ਵਸਤਾਂ ਵਿੱਚ ਸੋਡੀਅਮ ਬਹੁਤ ਜਿਆਦਾ ਹੁੰਦਾ ਹੈ, ਜਿਵੇਂ ਚਕੰਦਰ, ਬੰਦ ਗੋਭੀ ਆਦਿ। ਸੋ ਸਾਰਨੀ ਵਿੱਚ ਦਿੱਤੀਆਂ ਵਸਤਾਂ ਨੂੰ ਆਪਣੀ ਖੁਰਾਕ ਦਾ ਅੰਗ ਬਣਾ ਕੇ ਤੁਸੀਂ ਬਲੱਡ ਪ੍ਰੈਸ਼ਰ ਦੀਆਂ ਦੁਆਈਆਂ ਤੋਂ ਛੁਟਕਾਰਾ ਪਾ ਸਕਦੇ ਹੋ। ਜਿਸ ਤਰ੍ਹਾਂ ਸਾਰਨੀ ਵਿੱਚ ਦਿੱਤਾ ਗਿਆ ਹੈ, ਸੰਤਰੇ, ਕਿਨੂੰ, ਕੇਲੇ, ਖਜੂਰਾਂ, ਖਰਬੂਜੇ, ਮੂੰਗਫਲੀ ਆਦਿ ਨੂੰ ਜੇਕਰ ਆਪਣੀ ਖੁਰਾਕ ਵਿੱਚ ਸ਼ਾਮਿਲ ਕਰ ਲਿਆ ਜਾਵੇ ਤਾਂ ਪੋਟਾਸ਼ੀਅਮ ਦੀ ਕਮੀਂ ਨੂੰ ਦੂਰ ਕੀਤਾ ਜਾ ਸਕਦਾ ਹੈ। ਜਿੰਨ੍ਹਾਂ ਨੂੰ ਡਾਇਬਟੀਜ਼ (ਸ਼ੂਗਰ) ਵੀ ਹੈ, ਉਹ ਇਸ ਸਾਰਨੀ ਵਿੱਚੋਂ ਉਹ ਵਸਤਾਂ, ਜਿੰਨ੍ਹਾਂ ਵਿੱਚ ਖੰਡ ਨਹੀਂ, ਜਿਵੇਂ ਮੂੰਗਫਲੀ, ਪੇਠਾ, ਅਖਰੋਟ, ਕੱਦੂ, ਰਾਜਮਾਂਹ ਆਦਿ ਦੀ ਵਰਤੋਂ ਕਰ ਸਕਦੇ ਹਨ। ਨਾਲ ਹੀ ਕਸਰਤ ਕਰਨ ਨੂੰ ਆਪਣਾ ਇੱਕ ਨਿਯਮ ਬਣਾ ਲਓ। ਬਹੁਤ ਸਾਰੇ ਵਿਅੱਕਤੀ ਕਹਿੰਦੇ ਹਨ ਕਿ ਕਸਰਤ ਲਈ ਸਮਾਂ ਨਹੀਂ ਮਿਲਦਾ, ਜੇਕਰ ਆਪਦੇ ਸ਼ਰੀਰ ਨੂੰ ਤੰਦਰੁਸਤ ਰੱਖਣ ਲਈ ਤੁਸੀਂ ਇੱਕ ਘੰਟਾ ਵੀ ਰੋਜ ਨਹੀਂ ਕੱਢ ਸਕਦੇ ਤਾਂ ਬਿਮਾਰ ਹੋ ਕੇ ਸਮਾਂ ਖਰਾਬ ਹੁੰਦਾ ਵੇਖਣਾ ਪਵੇਗਾ। ਇਸ ਚਿਤਾਵਨੀ ਨੂੰ ਜ਼ਰੂਰ ਯਾਦ ਰੱਖੋ।

ਸਾਰਨੀ 1 : ਪੋਟਾਸ਼ੀਅਮ ਦੀ ਘਾਟ ਪੂਰੀ ਕਰ ਸਕਣ ਵਾਲੀਆਂ ਕੁੱਝ ਵਸਤਾਂ ਦੀ ਸੂਚੀ

ਖੁਰਾਕ	ਮਾਤਰਾ (ਗ੍ਰਾਮ)	ਪੋਟਾਸ਼ੀਅਮ (ਮਿਲੀਗ੍ਰਾਮ)	ਸੋਡੀਅਮ (ਮਿਲੀਗ੍ਰਾਮ)
ਸੰਤਰੇ ਜਾਂ ਕਿੰਨੂ ਦਾ ਰੱਸ	368	500	2
ਗਰੇਟ ਫਰੂਟ ਜੂਸ	184	298	2
ਆਲੂ ਭੁਨਿਆਂ	200	782	6
ਮੂੰਗਫਲੀ	100	700	5
ਅਖਰੋਟ	100	450	2
ਕੇਲਾ (ਦਰਮਿਆਨਾ)	175	440	1
ਪੇਠਾ	240	319	5
ਫੁੱਲ ਗੋਭੀ	100	300	13
ਸ਼ਕਰਕੰਦੀ	100	243	10
ਪੱਤ ਗੋਭੀ	100	240	20
ਚਾਵਲ (ਸੁੱਕੇ)	160	168	8
ਸੇਬ (ਦਰਮਿਆਨਾ)	150	152	1
ਸੇਬ ਦਾ ਰੱਸ	182	184	1
ਕੌਫੀ	100	36	1
ਬਦਾਮ	100	773	4
ਖਰਬੂਜਾ (1/4)	475	680	33
ਖਜੂਰਾਂ (10)	80	518	1
ਆਟਾ (ਸੂੜੇ ਵਾਲਾ)	160	444	4
ਰਾਜਮਾਂਹ (ਉਬਲੇ ਹੋਏ)	100	340	3
ਮਟਰ	160	314	2
ਟਮਾਟਰ 1	135	300	4
ਆਲੂ ਬੁਖਾਰਾ 10	110	299	2
ਨਾਸ਼ਪਾਤੀ 1	180	213	3
ਖੀਰਾ	100	160	6
ਮੱਕੀ ਦੀ ਛੱਲੀ	140	151	1
ਅੰਗੂਰ 25	100	100	3
ਅੱਲ (ਕੱਦੂ)	100	87	2

ਸਾਰਨੀ 2 : ਮੈਗਨੀਸ਼ੀਅਮ ਦੀ ਘਾਟ ਪੂਰੀ ਕਰ ਸਕਣ ਵਾਲੀਆਂ ਕੁੱਝ ਵਸਤਾਂ ਦੀ ਸੂਚੀ

ਵਸਤੂ	ਮੈਗਨੀਸ਼ੀਅਮ (ਮਿਲੀਗ੍ਰਾਮ ਪ੍ਰਤੀ 100 ਗ੍ਰਾਮ)
ਕੌਫੀ ਪਾਊਡਰ	456
ਬਦਾਮ	270
ਮੂੰਗਫਲੀ	206
ਤਿਲ	181
ਜੌਂ	124
ਪਾਲਕ	88

ਸ਼ਲਗਮ	58	ਕਣਕ ਆਟਾ	113
ਪਨੀਰ	45	ਸੂੜੇ ਸਮੇਤ	
ਕੇਲਾ	33	ਖਜੂਰਾਂ	58
ਮੁਰਗੇ ਦਾ ਮੀਟ	19	ਮੱਕੀ	48
ਸੰਤਰੇ ਦਾ ਰੱਸ	11	ਲਸਣ	36
ਚਾਹ (ਸੁੱਕੀ)	395	ਗਾਜਰ	23
ਕਾਜੂ	267	ਦੁੱਧ	13
ਅਖਰੋਟ	190	ਸੇਬ	8
ਰਾਜਮਾਂਹ	163		

ਜ਼ੋਨ ਮੁੱਖੀ

ਜ਼ੋਨ	ਜਥੇਬੰਦਕ ਵਿਭਾਗ	ਵਿੱਤ ਵਿਭਾਗ
1. ਚੰਡੀਗੜ੍ਹ	ਗੁਰਮੀਤ ਖਰੜ	ਅਜੀਤ ਪ੍ਰਦੇਸੀ
	94634-10877	94633-66546
2. ਬਰਨਾਲਾ	ਲਾਭ ਸਿੰਘ ਛਾਜਲਾ	ਸੁਖਵੰਤ ਬਰਨਾਲਾ
	94177-41377	98154-56162
3. ਜਲੰਧਰ	ਜਸਵਿੰਦਰ ਫਗਵਾੜਾ	ਬਲਵਿੰਦਰ
	94783-04560	98143-45650
4. ਲੁਧਿਆਣਾ	ਦਲਵੀਰ ਕਟਾਣੀ	ਆਤਮਾ ਸਿੰਘ
	98557-21868	99884-10226
5. ਅੰਮ੍ਰਿਤਸਰ	ਸੰਦੀਪ ਧਾਰੀਵਾਲਭੋਜਾ	ਮੁਖਤਿਆਰ ਸਿਘ ਗੋਪਾਲਪੁਰ
	98155-46700	94179-49818
6. ਮਾਨਸਾ	ਅੰਮ੍ਰਿਤ ਰਿਸ਼ੀ	ਰਾਜੇਸ਼ ਅਕਲੀਆ
	94630-23216	98156-70725
7. ਨਵਾਂ ਸ਼ਹਿਰ	ਡਾ. ਜੋਗਿੰਦਰ ਕੁੱਲੇਵਾਲ	ਜਸਵੀਰ ਮੋਰੋਂ
	98721-21958	94172-62838
8. ਫਾਜ਼ਿਲਕਾ	ਪਰਵੀਨ ਜੰਡਵਾਲਾ	ਜਗਦੀਸ਼ ਕਿੱਕਰਖੇੜਾ
	98157-30432	94630-39544
9. ਪਟਿਆਲਾ	ਸਰਬਜੀਤ ਉਖਲਾ	ਸੋਹਣ ਲਾਲ ਥਾਪਰ
	94650-27799	98882-98504
10. ਬਠਿੰਡਾ	ਰਾਮ ਸਿੰਘ ਇਰਮਾਣ	ਮਾਸਟਰ ਗਿਆਨ ਸਿੰਘ
	94173-20864	94171-21721

ਹੱਡਬੀਤੀ

ਟੂਣੇ ਦੀ ਅਸਲੀਅਤ

ਮੇਘ ਰਾਜ ਫੌਜ਼ੀ



1972 ਵਿੱਚ ਮੈਂ ਛੋਟੀ ਜਿਹੀ ਦੁਕਾਨਦਾਰੀ ਕਰਨ ਲੱਗ ਪਿਆ। ਪਿੰਡ ਬਾਲਿਆਂਵਾਲੀ ਦੀਆਂ ਦੁਕਾਨਾਂ ਸਾਝਰੇ ਹੀ ਖੁੱਲ੍ਹ ਜਾਂਦੀਆਂ ਸਨ। ਇੱਕ ਦਿਨ ਰੋਜਮਰਾ ਦੀ ਤਰ੍ਹਾਂ ਮੈਂ ਵੀ ਦੁਕਾਨ ਤੇ ਚਲਾ ਗਿਆ ਸੀ। ਘਰ ਦੇ ਬਾਕੀ ਮਰਦ ਆਪਣੇ ਆਪਣੇ ਕੰਮਾਂ ਲਈ ਖੇਤਾਂ ਵੱਲ ਜਾ ਚੁੱਕੇ ਸਨ। ਸੂਰਜ ਨਿਕਲਦਿਆਂ ਹੀ ਮਾਂ ਸਾਹੋ ਸਾਹ ਹੋਈ ਦੁਕਾਨ ਤੇ ਆਈ 'ਲਿਆ ਪੁੱਤ, ਪਹਿਲਾਂ ਮੈਨੂੰ ਪਾਣੀ ਦਾ ਗਲਾਸ ਫੜਾਂ।' ਸੁੱਖ ਤੇ ਐ ਮਾਂ? 'ਸੁੱਖ ਕਾਹਦੀ ਐ, ਜਦ ਮੈਂ ਦਰਵਾਜੇ ਦੀ ਛੱਤ ਉੱਪਰ ਗਈ। ਇੱਕ ਪਾਸੇ ਮੈਨੂੰ ਤਿੰਨ ਚਾਰ ਸੇਰ ਦਾ ਮਾਸ ਦਾ ਟੁਕੜਾ ਦਿੱਖਿਆ। ਮੈਂ ਤਾਂ ਕੋਲ ਨਾ ਗਈ। ਜਰੂਰ ਕਿਸੇ ਚੰਦਰੇ ਨੇ ਭਾਰੀ ਪੱਕਾ ਟੂਣਾ ਕਰਕੇ ਛੱਤ ਉੱਪਰ ਬਾਹਰੋਂ ਸੁੱਟਿਆ। ਐ ਨਿਪੁੱਤੇ ਔਤਰੇ ਪਤਾ ਨੀ ਕੀ ਸਾਥੋਂ ਹੱਡ ਭਾਲਦੇ ਐ? ਅਸੀਂ ਤਾਂ ਪਹਿਲਾਂ ਹੀ ਬਹੁਤ ਦੁਖੀ ਆ। ਪਹਿਲਾਂ ਤੇਰਾ ਪਿਤਾ ਓਪਰੀ ਸ਼ੈ ਨਾਲ ਦਸ ਸਾਲਾਂ ਤੋਂ ਕਸ਼ਟ ਭੋਗ ਰਿਹਾ ਹੈ। ਜਿਹੜੀ ਖਹਿੜਾ ਹੀ ਨਹੀਂ ਛੱਡਦੀ। ਬਹੁਤ ਸਿਆਣਿਆਂ ਤੋਂ ਧਾਗੇ ਤਬੀਤ, ਟੂਣੇ ਕਰਾ ਕਰਾ ਥੱਕ ਗਈ ਆਂ। ਅੱਜ ਹੋਰ ਕਿਸੇ ਨਵਾਂ ਸਿਆਪਾ ਪਾ ਦਿੱਤਾ।' ਕੋਈ ਨੀ ਮੈਂ ਦੇਖਦਾ ਹਾਂ, ਕੀ ਗੱਲ ਐ। ਜਰਾ ਗੁਆਂਢੀ ਨੂੰ ਦੁਕਾਨ ਦੀ ਨਿਗਰਾਨੀ ਕਹਿ ਦੇਵਾਂ। ਕਾਹਲੀ ਕਾਹਲੀ ਪਹੁੰਚੇ ਤਾਂ ਪੰਜ ਚਾਰ ਜਨਾਨੀਆਂ ਅਤੇ ਜੰਗ ਮਿਸਤਰੀ ਖੜਾ ਸੀ।

ਕਿਉਂ ਜੋ ਮਾਂ ਗਲੀ ਵਿੱਚ ਹਾਲ ਦੁਹਾਈ ਪਾ ਕੇ ਆਈ ਸੀ। ਕੀ ਹੋਇਆ? ਮਿਸਤਰੀ ਜੀ? ਕੀ ਸੁਆਹ ਹੋਣਾ ਐ, ਮੇਰੇ ਕਿਸੇ ਸਾਲੇ ਚੰਦਰੇ ਨੇ ਕੋਈ ਟੂਣਾ ਕਰਕੇ ਤੁਹਾਡੀ ਛੱਤ ਉੱਪਰ ਹਨੇਰੀ ਰਾਤ ਵਿੱਚ ਵਗਾਹ ਮਾਰਿਆ। ਮੈਨੂੰ ਮਿਲ ਜਾਏ ਤਾਂ ਕੰਜਰ ਦੇ ਖੁਰੜੇ ਖੁੰਡੇ ਨਾਲ ਕੁੱਟ ਦੇਵਾਂ। ਚੜ ਆ, ਦੇਖਦੇ ਆ। 'ਨਾ ਭਾਈ ਫੌਜੀ, ਮੈਥੋਂ ਪੌੜੀਆਂ ਚੜ੍ਹ ਨਹੀਂ ਹੁੰਦੀਆਂ।' ਅੱਛਾ ਮੈਂ ਦੇਖਦਾ ਹਾਂ। ਕੋਈ ਦੋ ਸੇਰ ਕਿਲੋ ਸਾਰਾ ਮਾਸ ਦਾ ਟੁਕੜਾ ਪਿਆ ਸੀ ਜੋ ਕਿਸੇ ਵੱਡੇ ਪਸ਼ੂ ਦਾ ਜਾਪਦਾ ਸੀ। ਮੈਂ ਉਪਰੋਂ ਅਵਾਜ ਦਿੰਦੇ ਕਿਹਾ, 'ਕੋਈ ਘਬਰਾਉਣ ਦੀ ਗੱਲ ਨਹੀਂ। ਗਲੀ ਵਿੱਚ ਲਵੰਡਰ ਕੁੱਤੇ ਆਮ ਫਿਰਦੇ ਨੇ ਕੋਈ ਬਾਹਰੋਂ ਚੁੱਕ ਲਿਆ ਕਿ ਪੋੜੀਆਂ ਚੜ੍ਹ ਗਿਆ ਹੋਣਾ, ਕੋਲ ਖੜੀ ਵੱਡੀ ਭਰਜਾਈ ਨੂੰ ਕਿਹਾ 'ਜਾਂ, ਥੱਲਿਓਂ ਕਹੀ ਅਤੇ ਬੱਠਲ ਲੈ ਆ। ਮੈਂ ਬਾਹਰ ਦੂਰ ਦੱਬ ਆਉਣਾ। ਹੋਰ ਕੋਈ ਟੂਣਾ ਟਾਮਣ ਨਹੀਂ ਐ। ਨਾਲੇ ਟੂਣੇ ਟਾਮਣ ਨਿਰਾ ਵਹਿਮ ਹੀ ਨੇ।'

ਪਰ ਜੰਗ ਮਿਸਤਰੀ ਦੀ ਮਾਂ ਕਦੋਂ ਮੰਨਣ ਵਾਲੀ ਸੀ। ਮਿਸਤਰੀ ਝੱਟ ਬੋਲਿਆ, "ਤਾਹਿਓਂ ਤਾਂ ਫੌਜੀਆਂ ਨੂੰ ਕਮਲੇ ਆਖਦੇ ਆ। ਕੋਈ ਨੀ ਆਪਾਂ ਕੱਲ੍ਹ ਨੂੰ ਕਿਸੇ ਸਿਆਣੇ ਤੋਂ ਪੁੱਛ ਕੇ ਕੋਈ ਹੀਲਾ ਵਸੀਲਾ ਕਰਾਂਗੇ।" ਮੈਂ ਕਿਹਾ ਕਿ ਮਾਂ ਜਦੋਂ ਪਿਤਾ ਜੀ ਨੂੰ ਅੰਮ੍ਰਿਤਸਰ ਤੋਂ ਬਿਜਲੀ ਲਗਵਾ ਕੇ ਲਿਆਏ ਆਂ, ਡਾਕਟਰ ਸਾਹਿਬ ਕਹਿ ਰਹੇ ਸੀ ਕਿ ਕਸਰ, ਓਪਰੀ ਸ਼ੈ ਵਗੈਰਾ ਨਹੀਂ ਹੁੰਦੀ। ਅਜਿਹੇ ਮਰੀਜ ਮਾਨਸਿਕ ਰੋਗੀ ਹੁੰਦੇ ਨੇ। ਆਹ ਗੋਲੀਆਂ ਦੇ ਛੱਡੋ, ਕਿਸੇ ਦੇ ਕੋਈ ਧਾਗੇ ਤਬੀਤ ਪੁੱਛ ਦੀ ਲੋੜ ਨਹੀਂ ਹੈ। ਪਿਤਾ ਜੀ ਹੁਣ ਦੇਖ ਮਹੀਨਾ ਹੋ ਚੱਲਿਆ ਬਿਲਕੁੱਲ ਸਿਰ ਨੀ ਘੁਮਾਉਂਦੇ। ਨਾ ਹੀ ਅਵਾ ਤਵਾ ਬੋਲਦੇ ਨੇ। ਠੀਕ ਤਾਂ ਐ ਦਵਾਈ ਨਾਲ। ਦਵਾਈ ਆਸ਼ਤਾਂ ਅਸਰ ਕਰਦੀ ਐ। ਪੰਜ ਚਾਰ ਮਹੀਨਿਆਂ ਵਿੱਚ ਬਿਲਕੁੱਲ ਠੀਕ ਹੋ ਜਾਣਗੇ।

ਮਾਸ ਦਾ ਟੁਕੜਾ ਬਾਹਰ ਸੁੱਟਣ ਤੋਂ ਬਾਅਦ ਮੈਂ ਦੁਕਾਨ ਉੱਪਰ ਚੜ੍ਹ ਗਿਆ। ਪਰ ਸਾਰਾ ਦਿਨ ਉਲਝਣ ਤਾਣੀ ਬਣੀ ਰਹੀ। ਸ਼ਾਮੀ ਘਰ ਆਇਆ ਤਾਂ ਸਾਰੇ ਪਰਿਵਾਰ ਵਿੱਚ ਗੰਭੀਰ ਮਸਲਾ ਬਣਿਆ ਪਿਆ ਸੀ। ਆਪਣੀ ਆਪਣੀ ਰਾਏ ਪੇਸ਼ ਕਰ ਰਹੇ ਸਨ। ਸਾਰੇ ਰੋਟੀ ਖਾਓ ਤੇ ਸੌ ਜਾਓ, ਸੁਬਾਅ ਦੇਖਾਂਗੇ। ਸਾਝਰੇ ਮੈਂ ਰੋਜਮਰਾ ਦੀ ਤਰ੍ਹਾਂ ਛੱਪੜ ਵੱਲ ਬਾਹਰ ਅੰਦਰ ਚਲਾ ਗਿਆ। ਸੂਰਜ ਦੀਆਂ ਕਿਰਨਾਂ ਤੋਂ ਪਹਿਲਾਂ ਹੀ ਘਰ ਵਾਪਿਸ ਆ ਗਿਆ। ਚਾਹ ਪੀਣ ਤੋਂ ਬਾਅਦ ਨਾ ਖੇਤ ਗਿਆ, ਨਾ ਮੈਂ ਦੁਕਾਨ ਖੋਲੀ। ਛੋਟੇ ਬੱਚੇ ਸਕੂਲ ਚਲੇ ਗਏ। ਅਚਾਨਕ ਮੈਨੂੰ ਗਿਰਝਾਂ ਉੱਡੀਆਂ ਜਾਂਦੀਆਂ ਨਜਰੀ ਪਈਆਂ। ਮੈਂ ਝੱਟ ਸਮਝ ਗਿਆ ਅਤੇ ਸਭ ਨੂੰ ਸਮਝਾਇਆ ਕਿ ਕਿਸੇ ਗਿਰਝ ਦੇ ਪੰਜੇ 'ਚੋਂ ਟੁਕੜਾ ਭਾਰੀ ਹੋਣ ਕਰਕੇ ਛੁੱਟ ਗਿਆ ਐ ਅਤੇ ਛੱਤ ਉੱਪਰ ਆ ਡਿਗਿਆ ਐ। ਨੇੜੇ ਤੇੜੇ ਕੋਈ ਪਸ਼ੂ ਮਰਿਆ ਹੋਣਾ ਤੇ ਵੱਡਾ ਭਾਈ ਝੱਟ ਬੋਲਿਆ, "ਪੰਜ ਚਾਰ ਘਰ ਛੱਡ ਕਿ ਫਲਾਣਿਆਂ ਦੇ ਖਾਲੀ ਟੁੱਟੇ ਨੌਹਰੇ ਵਿੱਚ ਦੋ ਦਿਨਾਂ ਤੋਂ ਗਧਾ ਮਰਿਆ ਹੋਇਆ ਐ।" ਅਸੀਂ ਸਾਰੇ ਦੇਖਣ ਚਲੇ ਗਏ। ਪੰਜ ਸੱਤ ਗਿਰਝਾਂ ਪਿੰਜਰ ਵਿੱਚੋਂ ਮਾਸ ਖਾ ਰਹੀਆਂ ਸਨ। ਫਿਰ ਪਰਿਵਾਰ ਨੇ ਸੁੱਖ ਦਾ ਸਾਹ ਲਿਆ। ਮੇਰੀ ਗੱਲ ਪੱਕੀ ਹੋ ਗਈ। ਅਸੀਂ ਸਾਰੇ ਆਪਣੇ ਆਪਣੇ ਕੰਮਾਂ ਉੱਪਰ ਚਲੇ ਗਏ। ਦੋ ਦਿਨਾਂ ਬਾਅਦ ਘਰ ਵਿੱਚ ਮਾਹੌਲ ਸਾਵਾ ਹੋ ਗਿਆ।

ਆਓ ਜਾਦੂ ਸਿੱਖੀਏ

ਜਾਦੂਮਈ ਗੁਵਾਰਾ



ਲੋੜੀਂਦੀ ਸਮੱਗਰੀ : ਗੁਵਾਰੇ, ਤਿੱਖੀ ਨੋਕ ਵਾਲੀ ਸੂਈ, ਪਾਰਦਰਸ਼ੀ ਸੈਲੋਟੇਪ

ਤਿਆਰੀ : 1. ਇੱਕ ਗੁਵਾਰੇ ਵਿੱਚ ਹਵਾ ਭਰੋ।
2. ਸੈਲੋਟੇਪ ਦੇ ਛੋਟੇ-ਛੋਟੇ ਟੁਕੜੇ ਕਈ ਥਾਵਾਂ ਤੇ ਲਗਾਓ।

ਪੇਸ਼ਕਾਰੀ : ਜਿੱਥੇ ਸੈਲੋਟੇਪ ਲੱਗੀ ਹੈ, ਉੱਥੇ ਸੂਈ ਚੋਭੋ। ਇਕੱਠ ਇਹ ਵੇਖ ਕੇ ਹੈਰਾਨ ਰਹਿ ਜਾਵੇਗਾ ਕਿ ਗੁਵਾਰਾ ਫਟਿਆ ਨਹੀਂ।

ਵਿਆਖਿਆ: ਸੂਈ ਸਿਰਫ ਸੈਲੋਟੇਪ ਦੀ ਸਤ੍ਹਾਂ ਤੱਕ ਚੋਭੀ ਹੈ, ਇਸ ਲਈ ਗੁਵਾਰਾ ਫਟਿਆ ਨਹੀਂ।

ਧਿਆਨ ਰੱਖਣ ਯੋਗ ਗੱਲ:
ਸੂਈ ਸਿਰਫ ਸੈਲੋਟੇਪ ਵਿੱਚ ਹੀ ਚੋਭੀ ਜਾਵੇ।

'ਤਰਕਸ਼ੀਲਾਂ ਦੀ ਟੀਮ ਤੋਂ ਡਰਦਾ ਪਿੰਡ ਰੋੜੀਆਂ ਤੋਂ ਪਾਖੰਡੀ ਬਾਬਾ ਰਫੂ-ਚੱਕਰ'

ਮਲੌਦ ਲਾਗਲੇ ਪਿੰਡ ਰੋੜੀਆਂ ਵਿਖੇ ਇੱਕ ਗੁਰਜੰਟ ਸਿੰਘ ਨਾਮੀ ਬਾਬਾ ਪਿੰਡ ਦੇ ਡੇਰੇ ਵਿੱਚ ਔਰਤਾਂ ਦੇ ਬਾਂਝਪਨ ਦੇ ਕਥਿਤ ਇਲਾਜ ਰਾਹੀਂ, ਮਾਨਸਿਕ ਅਤੇ ਸਰੀਰਕ ਸੋਸ਼ਨ ਕਰਕੇ ਲੋਕਾਂ ਵਿੱਚ ਅੰਧਵਿਸਵਾਸ ਫੈਲਾ ਰਿਹਾ ਸੀ। ਇਸ ਦੇ ਇਹਨਾਂ ਕਾਰਨਾਮਿਆਂ ਤੋਂ ਪੀੜਤ ਪਿੰਡ ਦੇ ਨੌਜਵਾਨਾਂ ਵਲੋਂ ਤਰਕਸੀਲ ਸੁਸਾਇਟੀ ਪੰਜਾਬ ਨੂੰ ਲਿਖਤੀ ਬੇਨਤੀ ਕੀਤੀ ਗਈ। ਇਸ ਸਬੰਧੀ ਮਾਸਟਰ ਪਰਮਿੰਦਰ ਪਾਲ ਦੀ ਅਗਵਾਈ ਵਿੱਚ ਇਕਾਈ ਮਾਲੇਰਕੋਟਲਾ ਦੀ ਇੱਕ ਟੀਮ ਡਾ.ਮਜੀਦ ਅਜਾਦ ਦੀ ਪ੍ਰਧਾਨਗੀ ਵਿੱਚ ਪਿੰਡ ਰੋੜੀਆਂ ਵਿਖੇ ਪਹੁੰਚੀ। ਪਿੰਡ ਵਾਸੀਆਂ ਵੱਲੋਂ ਡੇਰੇ ਦੇ ਬਾਹਰ ਇੱਕ ਸਟੇਜ ਲਗਾਈ ਗਈ ਅਤੇ ਤਰਕਸ਼ੀਲ ਟੀਮ ਵਲੋਂ ਇੱਥੇ ਇਕੱਠੇ ਹੋਏ ਲੋਕਾਂ ਨੂੰ ਅੰਧ ਵਿਸ਼ਵਾਸਾਂ ਸਬੰਧੀ ਜਾਗਰੂਕ ਕੀਤਾ ਗਿਆ। ਵੱਖ ਵੱਖ ਕਰਾਮਾਤਾਂ ਦਾ ਪਰਦਾਫਾਸ਼ ਕਰਦਿਆ ਬਿੱਟੂ ਨੰਗਲ ਦੁਆਰਾ ਜਾਦੂ ਟਰਿੱਕ ਦਿਖਾਏ ਗਏ।

ਮੌਕੇ ਤਰਕਸ਼ੀਲਾਂ ਦੇ ਆਉਣ ਦੀ ਭਿਣਕ ਪੈਂਦਿਆ ਹੀ ਬਾਬਾ ਗੁਰਜੰਟ ਸਿੰਘ ਡੇਰੇ ਤੋਂ ਦੌੜ ਗਿਆ ਅਤੇ ਤਰਕਸ਼ੀਲ ਆਗੂ ਉੱਥੇ ਦੁਪਹਿਰ ਤੱਕ ਪਿੰਡ ਵਿੱਚ ਡੇਰੇ ਦੇ ਬਾਹਰ ਆਪਣਾ ਪ੍ਰੋਗਰਾਮ ਕਰਦੇ ਰਹੇ ਪ੍ਰੰਤੂ ਬਾਬਾ ਉਦੋਂ ਤੱਕ ਵਾਪਸ ਨਾ ਮੁੜਿਆ। ਤਰਕਸ਼ੀਲ ਆਗੂ ਜਸਵਿੰਦਰ ਕਾਲਖ ਅਤੇ ਡਾ. ਮਜੀਦ ਅਜਾਦ ਨੇ ਦਾਅਵਾ ਕੀਤਾ ਕਿ ਬਾਬੇ ਦਾ ਪਿੰਡ ਵਿੱਚੋਂ ਦੌੜ ਜਾਣਾ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਕਿ ਬਾਬੇ ਕੋਲ ਕਿਸੇ ਤਰਾਂ ਦੀ ਕੋਈ ਗੈਬੀ ਸ਼ਕਤੀ ਨਹੀ ਹੈ। ਇਹ ਤਰਕਸ਼ੀਲਤਾ ਦੀ ਜਿੱਤ ਹੈ।

ਇਕਾਈ ਮਾਲੇਰਕੋਟਲਾ ਵਲੋਂ ਤਰਕਸ਼ੀਲ ਕਿਤਾਬਾਂ ਮੁਫਤ ਵੰਡੀਆਂ ਗਈਆਂ। ਤਰਕਸੀਲ ਸੁਸਾਇਟੀ ਦੀ ਟੀਮ ਵਿੱਚ ਹਰਟਹਿਲ ਸਿੰਘ ਮਲੌਦ, ਕੁਲਵਿੰਦਰ ਸਿੰਘ ਰੋੜੀਆਂ, ਸਵਰਨਜੀਤ ਸਿੰਘ, ਜਸਵੀਰ ਮਹੋਲੀ, ਅਜੈਬ ਧੂਰਕੋਟ, ਰਾਜਵੀਰ ਘਲੋਟੀ, ਭਗਵੰਤ ਬੜੌਦੀ, ਨਵਾਬ ਖਾਨ ਆਦਿ ਸ਼ਾਮਲ ਸਨ।

ਡਾ. ਮਜੀਦ ਅਜਾਦ, 98154-54200

ਕੇਸ ਰਿਪੋਰਟ

ਰਿਸ਼ਤੇ ਦਾ 'ਭਰਮ'

ਚੰਨਣ ਵਾਂਦਰ



ਪਰਿਵਾਰਕ ਜ਼ਿੰਦਗੀ ਖੁਸ਼ੀਆਂ ਗਮੀਆਂ, ਆਸ਼ਾ-ਨਿਰਾਸ਼ਾ ਤੇ ਗਿਲੇ-ਸ਼ਿਕਵਿਆਂ ਦਾ ਨਾਂ ਹੈ। ਜ਼ਿੰਦਗੀ 'ਚ ਵਿਚਰਦਾ ਮਨੁੱਖ ਹਰ ਪੜਾਅ ਤੇ ਸਬਕ ਸਿਖਦਾ ਹੈ। ਚੰਗਿਆਈ ਤੋਂ ਪ੍ਰੇਰਨਾ ਲੈਂਦਾ ਹੈ ਤੇ ਆਪਣੇ ਜੀਵਨ 'ਚ ਅੱਗੇ ਵਧਣ ਲਈ ਬੁਰਾਈ ਤੋਂ ਦੂਰ ਜਾਂਦਾ ਹੈ। ਜੀਵਨ 'ਚ ਆਸ ਅਨੁਸਾਰ ਸੁਪਨਿਆਂ ਨੂੰ ਬੂਰ ਨਾ ਪਵੇ ਤਾਂ ਨਿਰਾਸ਼ਾ ਸੁਭਾਵਕ ਹੁੰਦੀ ਹੈ। ਸੋਚ ਉਡਾਰੀ ਨੂੰ ਪਰਵਾਜ਼ ਭਰਨ ਦਾ ਮੌਕਾ ਨਾ ਮਿਲੇ ਤਾਂ ਚਿੰਤਾ 'ਚ ਡੁੱਬਿਆ ਮਨੁੱਖ ਆਪਣੇ ਆਪ ਲਈ ਤਾਂ ਮੁਸ਼ਕਿਲ ਬਣਦਾ ਹੀ ਹੈ, ਨਾਲ ਹੀ ਪਰਿਵਾਰਕ ਜੀਵਨ ਵਿਚ ਵੀ ਖਲ਼ਲ਼ ਪਾਉਂਦਾ ਹੈ। ਜ਼ਿੰਦਗੀ 'ਚ ਘਟਨਾਵਾਂ ਨੂੰ ਸਮਝਣ ਦਾ ਤਰਕ ਨਾ ਹੋਵੇ ਤਾਂ ਮਨੁੱਖ ਸਹਿਜੇ ਹੀ ਭਰਮ ਭੁਲੇਖਿਆਂ 'ਚ ਫ਼ਸ ਜਾਂਦਾ ਹੈ। ਭੁਲੇਖੇ ਜੀਵਨ ਦਾ ਕੀਮਤੀ ਸਮਾਂ ਨਸ਼ਟ ਕਰਦੇ ਹਨ, ਨਾਲ ਹੀ ਪੈਸੇ-ਟਕੇ ਦਾ ਵੀ ਨੁਕਸਾਨ ਕਰਦੇ ਹਨ। ਜ਼ਿੰਦਗੀ ਨੂੰ ਘੁਣ ਵਾਂਗ ਖਾ ਰਹੀ ਅਗਿਆਨਤਾ ਦਿਨ ਪ੍ਰਤੀ ਦਿਨ ਮਾਨਵੀਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੀ ਹੈ।

ਭਾਵਨਾਵਾਂ ਦੇ ਅਹਿਸਾਸ ਨਾਲ ਜੁੜੀ ਇੱਕ ਸੱਚੀ ਗਾਥਾ ਦਾ ਜ਼ਿਕਰ ਕਰਨ ਲੱਗਾ ਹਾਂ। ਕੁਝ ਸਾਲ ਪਹਿਲਾਂ ਇੱਕ ਕਿਸਾਨ ਪਰਿਵਾਰ ਬਰਗਾੜੀ ਦੇ ਮਾਨਸਿਕ ਸਿਹਤ ਮਸ਼ਵਰਾ ਕੇਂਦਰ ਤੇ ਆਪਣੀ ਨੂੰਹ ਨੂੰ ਲੈ ਕੇ ਆਇਆ। ਪਰਿਵਾਰ ਦੀ ਮੁਖੀ ਔਰਤ ਨੇ ਆਪਣੀ ਨੂੰਹ ਨਾਲ ਜੁੜੀਆਂ ਮੁਸ਼ਕਲਾਂ ਦੀ ਕਹਾਣੀ ਇੰਜ ਬਿਆਨ ਕੀਤੀ...'ਇਸ ਨੂੰ ਵਿਆਹੀ ਆਈ ਨੂੰ 9 ਸਾਲ ਹੋ ਗਏ ਹਨ, ਇਸ ਦੇ 7 ਸਾਲ ਦਾ ਬੇਟਾ ਵੀ ਹੈ। ਚੁੱਪ ਕੀਤੀ ਤਾਂ ਇਹ ਜਦ ਤੋਂ ਵਿਆਹੀ ਆਈ ਸੀ, ਉਦੋਂ ਤੋਂ ਹੀ ਹੈ ਪਰ ਹੁਣ 4-5 ਸਾਲ ਤੋਂ ਗੁੰਮ-ਸੁੰਮ ਵੀ ਹੋ ਜਾਂਦੀ ਹੈ। ਕਾਫੀ-ਕਾਫ਼ੀ ਸਮਾਂ ਬੋਲਦੀ ਨਹੀਂ। ਦੋ ਕੁ ਸਾਲਾਂ ਤੋਂ ਇਸ ਨੂੰ ਦੰਦਲਾਂ ਦੌਰੇ ਵੀ ਪੈਣ ਲੱਗੇ ਹਨ ਤੇ ਘੁੰਡ ਵੀ ਮੁੜ ਜਾਂਦੇ ਹਨ। ਜੇਕਰ ਕੋਈ ਇਸ ਦੇ ਨੇੜੇ ਹੁੰਦਾ ਹੈ ਤਾਂ ਉਸ ਨੂੰ ਚਲਾ ਕੇ ਮਾਰਦੀ ਹੈ। ਉਦੋਂ ਪਤਾ ਨਹੀਂ ਇਸ 'ਚ ਕਿੱਥੋਂ ਜੋਰ ਆ ਜਾਂਦਾ ਹੈ। ਖਾਣ-ਪੀਣ ਨੂੰ ਮੁੱਢ ਤੋਂ ਇਸ ਦਾ ਹੱਥ ਤੰਗ ਹੈ। ਥੋੜ੍ਹਾ ਖਾਂਦੀ ਹੈ। ਕਦੇ ਹੀ ਕੋਈ ਅਜਿਹਾ ਮੌਕਾ ਆਉਂਦਾ ਹੈ ਜਦ ਇਸ ਦਾ ਹੱਸਣ-ਖੇਡਣ ਨੂੰ ਮਨ ਕਰੇ।

ਹੁਣ ਤਾਂ ਅਸੀਂ ਇਸ ਦਾ ਡਾਕਟਰੀ ਇਲਾਜ ਵੀ ਕਰਵਾ ਰਹੇ ਹਾਂ। ਡਾਕਟਰ ਦਸਦੇ ਹਨ ਕਿ ਇਸ ਦੇ ਮਨ ਤੇ ਬੋਝ ਹੈ। ਸ਼ੁਰੂ-ਸ਼ੁਰੂ 'ਚ ਤਾਂ ਦਵਾਈ ਖਾ ਕੇ ਕੁਝ ਠੀਕ ਰਹੀ ਪਰ ਪਿਛਲੇ ਇੱਕ ਸਾਲ ਤੋਂ ਬਹੁਤ ਬੁਰਾ ਹਾਲ ਹੈ। ਆਪਣੇ ਬੱਚਿਆਂ ਤੇ ਖਿਝਦੀ ਹੈ। ਪਤੀ ਨਾਲ ਬੋਲ -ਕੁਬੋਲ ਕਰਦੀ ਹੈ ਤੇ ਸਾਨੂੰ ਬਿਰਧਾਂ ਨੂੰ ਵੀ ਸਿੱਧੇ ਮੂੰਹ ਨਹੀਂ ਬੋਲਦੀ। ਕੋਈ ਤਿੱਥ ਤਿਉਹਾਰ ਹੋਵੇ ਤੇ ਜਾਂ ਕੋਈ ਹੋਰ ਖ਼ੁਸ਼ੀ ਦਾ ਮੌਕਾ, ਸਾਡੇ ਘਰ ਤਾਂ ਕੰਜਰ-ਕਲੇਸ਼ ਹੀ ਪਿਆ ਰਹਿੰਦਾ ਹੈ। ਪਰਸੋਂ ਦਿਵਾਲੀ ਸੀ। ਸਾਂਝੀਆਂ ਥਾਵਾਂ ਤੇ ਰੱਖਣ ਲਈ ਦੀਵੇ ਜਗਾ ਕੇ ਵੱਡੇ ਥਾਲ 'ਚ ਤਾਂ ਰੱਖ ਦਿੱਤੇ ਪਰ ਜਦੋਂ ਘਰ ਵਾਲੇ ਨੂੰ ਫੜਾਉਣ ਲੱਗੀ ਤਾਂ ਜਗਦੇ ਦੀਵੇ ਫੜਾਕ ਦੇਣੇ ਸਾਰੇ ਵਿਹੜੇ 'ਚ ਖਿਲਰ ਗਏ। ਰੌਲਾ ਪਿਆ ਤਾਂ ਆਂਢ-ਗੁਆਂਢ 'ਕੱਠਾ ਹੋ ਗਿਆ। ਫਿਰ ਇਹਨੂੰ ਦੰਦਲ ਪੈ ਗਈ ਤੇ ਦੋ ਘੰਟੇ ਹੋਸ਼ ਨਹੀਂ ਆਈ। ਸਾਡਾ ਤਾਂ ਰੋਟੀ ਪਾਣੀ ਬਣਿਆ-ਬਣਾਇਆ ਦੁੱਭਰ ਹੋ ਗਿਆ। ਕਿਸੇ ਨੇ ਮੂੰਹ ਤੇ ਨਹੀਂ ਧਰਿਆ। ਸਾਰੇ ਜਣੇ ਭੁੱਖਣ ਭਾਣੇ ਸੌਂ ਗਏ।

ਤੁਹਾਡੀ ਦੱਸ ਤਾਂ ਘਰੇ ਦੁੱਖ-ਸੁੱਖ ਕਰਨ ਆਈ ਇੱਕ ਔਰਤ ਨੇ ਪਾਈ ਜਿਸ ਦੀ ਨੂੰਹ ਇੱਥੋਂ ਠੀਕ ਹੋਈ ਸੀ ਤੇ ਹੁਣ ਤੱਕ ਨੌਂ-ਬਰ-ਨੌਂ ਹੈ। ਅਸੀਂ ਵੀ ਇਹੋ ਆਸ ਲੈ ਕੇ ਤੁਹਾਡੇ ਪਾਸ ਆਏ ਹਾਂ। ਮੈਂ ਘਰ ਦੀ ਮੁਸ਼ਕਿਲ ਦੱਸ ਰਹੀ ਬਜ਼ੁਰਗ ਔਰਤ ਤੋਂ ਕੁਝ ਹੋਰ ਗੱਲਾਂ ਘਰ ਦੇ ਕੰਮ ਕਾਰ ਤੇ ਨੂੰਹ ਦੇ ਕਾਰ ਵਿਵਹਾਰ ਬਾਰੇ ਵੀ ਪੁੱਛ-ਪੜਤਾਲ ਵੀ ਕੀਤੀ। ਮਸਲਾ ਸਮਝਣ ਤੇ ਉਸ ਦੇ ਹੱਲ ਲਈ ਅਸੀਂ ਪਰਿਵਾਰ ਦੀ ਨੂੰਹ ਨੂੰ ਬੁਲਾਇਆ। ਵੇਖਣ ਨੂੰ ਤਾਂ ਉਹ ਠੀਕ ਲਗਦੀ ਸੀ ਪਰ ਚਿਹਰੇ ਤੋਂ ਨਿਰਾਸ਼ਾ ਸਾਫ ਝਲਕਦੀ ਸੀ। ਬਿੰਦੂ ਨਾਂ ਸੀ ਉਸਦਾ। ਮੈਂ ਉਸ ਨੂੰ ਕੁਝ ਗੱਲਾਂ ਸਮਝਾਈਆਂ ਤਾਂ ਕੁਝ ਸਮੇਂ ਬਾਅਦ ਉਹ ਬੋਲੀ, 'ਅੰਕਲ ਜੀ ਵਿਆਹੀ ਤਾਂ ਮੈਂ ਇਸ ਘਰ 'ਚ ਆਈ ਹਾਂ ਤੇ ਮੇਰਾ ਇੱਕ ਬੇਟਾ ਵੀ ਹੈ ਪਰ ਵਿਆਹ ਮੇਰੇ ਸਰੀਰ ਦਾ ਹੋਇਆ ਹੈ, ਮਨ ਦਾ ਨਹੀਂ। ਇਹ ਆਖ ਕੇ ਉਹ ਚੁੱਪ ਕਰ ਗਈ। ਮੈਂ ਸਾਰੀ ਗੱਲ ਸਮਝ ਗਿਆ। ਗੱਲ ਨੂੰ ਅੱਗੇ ਤੋਰਨ ਲਈ ਮੈਂ ਉਸ ਤੋਂ ਘਰ ਪਰਿਵਾਰ ਬਾਰੇ ਪੁੱਛ ਪੜਤਾਲ ਕੀਤੀ।

ਪੜਤਾਲ ਦੌਰਾਨ ਉਸ ਨੇ ਦੱਸਿਆ ਕਿ ਜਦ ਮੇਰਾ ਰਿਸ਼ਤਾ ਹੋਣ ਲੱਗਾ ਤਾਂ ਮੈਂ ਆਪਣੇ ਪਰਿਵਾਰ ਨਾਲ ਹੀ ਗਈ ਸੀ। ਉਨ੍ਹਾਂ ਨੇ ਤਾਂ ਮੈਨੂੰ ਪਸੰਦ ਕਰ ਲਿਆ ਪਰ ਮੈਨੂੰ ਮੁੰਡਾ ਪਸੰਦ ਨਹੀਂ ਸੀ। ਮੈਂ ਘਰ ਆ ਕੇ ਸਾਫ਼ ਸ਼ਬਦਾਂ ਵਿੱਚ ਕਹਿ ਦਿੱਤਾ ਕਿ ਇੱਥੇ ਮੇਰਾ ਰਿਸ਼ਤਾ ਨਾ ਕਰੋ। ਇਹ ਮੁੰਡਾ ਮੇਰੀ ਪਸੰਦ ਦਾ ਨਹੀਂ। ਕੋਈ ਹੋਰ ਲੱਭ

ਲਵੋ ਪਰ ਮੇਰਾ ਬਾਪ ਜ਼ਿੱਦੀ ਸੀ, ਕਹਿਣ ਲੱਗਾ ਮੁੰਡੇ ਨੂੰ 30 ਏਕੜ ਜ਼ਮੀਨ ਆਉਂਦੀ ਐ...ਤੂੰ ਮੌਜ ਕਰੇਂਗੀ। ਮੇਰੇ ਵਿਰੋਧ ਕਰਨ ਦੇ ਬਾਵਜੂਦ ਵੀ ਮਾਪਿਆਂ ਨੇ ਮੇਰਾ ਵਿਆਹ ਇੱਥੇ ਹੀ ਕਰ ਦਿੱਤਾ। ਸਾਲ-ਛੇ ਮਹੀਨੇ ਲੰਘੇ ਪਰ ਮੇਰੇ ਮਨ 'ਚੋਂ ਪਤੀ ਬਾਰੇ ਪਸੰਦਗੀ ਵਾਲੀ ਗੱਲ ਨਹੀਂ ਗਈ। ਹਰ ਸਮੇਂ ਇਹ ਗੱਲ ਮੇਰੇ ਮਨ 'ਚ ਘੁੰਮਦੀ ਰਹਿੰਦੀ। ਮੈਂ ਕੁਲਝਦੀ, ਆਪਣੇ ਆਪ ਨੂੰ ਕੋਸਦੀ ਪਰ ਕੁਝ ਨਾ ਕਰ ਸਕਦੀ। ਹੌਲੀ-ਹੌਲੀ ਮੇਰੇ ਚਾਅ, ਸੁਪਨੇ, ਰੀਝਾਂ ਤੇ ਖੁਸ਼ੀਆਂ ਅਲੋਪ ਹੋਣ ਲੱਗੀਆਂ। ਮੈਂ ਚੁੱਪ ਰਹਿਣ ਲੱਗ ਪਈ। ਘਰ ਦਾ ਕੰਮ-ਕਾਰ ਨਬੇੜਦੀ ਤੇ ਆ ਕੇ ਮੰਜਾ ਮੱਲ ਲੈਂਦੀ। ਮਨ ਤੇ ਉਦਾਸੀ ਰਹਿਣ ਲੱਗੀ। ਸੋਚਦੀ ਕਿ ਇਸ ਜੀਣ ਦਾ ਕੋਈ ਫਾਇਦਾ ਨਹੀਂ। ਸੋਚਦੀ-ਸੋਚਦੀ ਬੇਹੋਸ਼ ਹੋ ਜਾਂਦੀ। ਫਿਰ ਮੈਨੂੰ ਦੌਰਾ ਪੈਣ ਲੱਗ ਪਿਆ ਤੇ ਕੁਝ ਸਮੇਂ ਬਾਅਦ ਦੰਦਲਾਂ ਵੀ। ਮੈਨੂੰ ਕੁਝ ਵੀ ਚੰਗਾ ਨਹੀਂ ਸੀ ਲਗਦਾ।

ਅੰਕਲ ਜੀ! ਸ਼ਾਇਦ ਤੁਸੀਂ ਸੋਚਦੇ ਹੋਵੇਗੇ ਕਿ ਮੈਂ ਆਪਣੀ ਮਰਜ਼ੀ ਨਾਲ ਕਿਤੇ ਹੋਰ ਆਪਣੇ ਚਹੇਤੇ ਮੁੰਡੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ। ਅਜਿਹੀ ਗੱਲ ਹਰਗਿਜ਼ ਨਹੀਂ ਸੀ। ਮੈਂ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਣ ਬਾਰੇ ਕਦੇ ਵੀ ਨਹੀਂ ਸੀ ਸੋਚਿਆ। ਮੈਨੂੰ ਤਾਂ ਆਪਣੇ ਮਾਪਿਆਂ ਦੀ ਇੱਜ਼ਤ ਦਾ ਹੀ ਖਿਆਲ ਸੀ ਪ੍ਰੰਤੂ ਉਨ੍ਹਾਂ ਮੇਰੀਆਂ ਭਾਵਨਾਵਾਂ ਦਾ ਸਤਿਕਾਰ ਨਹੀਂ ਕੀਤਾ। ਇਹੋ ਹੀ ਮੇਰੀ ਉਦਾਸੀ ਦਾ ਕਾਰਣ ਹੈ ਤੇ ਚੁੱਪ ਦਾ ਵੀ। ਇਹ ਆਖ ਕੇ ਉਹ ਡੁਸਕਣ ਲੱਗ ਪਈ।

ਉਸ ਦੀ ਗਾਥਾ ਸੁਣ ਕੇ ਮੈਂ ਵੀ ਸੋਚਣ ਲਈ ਮਜਬੂਰ ਹੋ ਗਿਆ। ਸਿਹਤ ਕੇਂਦਰ ਤੇ ਹਾਜ਼ਰ ਮੈਂਬਰਾਂ ਦੀ ਇਹ ਸਾਂਝੀ ਰਾਏ ਬਣੀ ਕਿ ਉਸ ਦੇ ਮਨ 'ਚ ਪਈ ਇਹ ਭਾਵਨਾ ਹੀ ਆਪਣੇ ਪਤੀ ਨਾਲ ਸੁਖਾਵਾਂ ਰਿਸ਼ਤਾ ਬਣਾਉਣ ਦੇ ਰਾਹ 'ਚ ਅੜਿੱਕਾ ਬਣੀ। ਇਸੇ ਕਾਰਣ ਉਸ ਦੇ ਮਨ ਦੀਆਂ ਤਰੰਗਾਂ ਆਕਾਸ਼ੀ ਉਡਾਣਾਂ ਭਰਨ ਦੀ ਥਾਂ ਪਤਾਲ ਦੀਆਂ ਡੂੰਘੀਆਂ ਖੱਡਾਂ 'ਚ ਅਲੋਪ ਹੁੰਦੀਆਂ ਗਈਆਂ। ਅਸੀਂ ਉਸ ਦੇ ਨਿਰਾਸ਼ ਹੋਏ ਮਨ ਨੂੰ ਠੀਕ ਰਸਤੇ ਤੇ ਤੋਰਨ ਲਈ ਕੋਸ਼ਿਸ਼ ਜੁਟਾਉਣ ਬਾਰੇ ਸੋਚਿਆ। ਮੈਂ ਉਸ ਨੂੰ ਸਮਝਾਇਆ ਕਿ ਤੇਰਾ ਬੇਟਾ 7 ਸਾਲ ਦਾ ਹੈ, ਉਸ ਦੀ ਪੜ੍ਹਾਈ ਤੇ ਸਿਹਤ ਦਾ ਖ਼ਿਆਲ ਰੱਖਣਾ ਤੇਰੀ ਜ਼ਿੰਮੇਵਾਰੀ ਹੈ। ਉਸ ਦੀ ਜ਼ਿੰਦਗੀ ਵਿੱਚ ਤੂੰ ਉਹ ਘਾਟਾ ਨਾ ਰਹਿਣ ਦੇਵੀਂ, ਜਿਹੜੀਆਂ ਤੈਨੂੰ ਹੱਡੀਂ ਹੰਢਾਉਣੀਆਂ ਪੈ ਰਹੀਆਂ ਹਨ। ਉਹ ਸੋਚਣ ਲਈ ਮਜਬੂਰ ਹੋਈ ਤੇ ਫਿਰ ਚੁੱਪ ਕਰ ਗਈ।

ਸੰਮੋਹਕ ਨੀਂਦ 'ਚ ਲਿਜਾਣ ਸਮੇਂ ਉਸ ਨੇ ਮੇਰੇ ਸੁਝਾਅ ਆਸਾਨੀ ਨਾਲ ਕਬੂਲ ਕੀਤੇ ਤੇ ਨੀਂਦ 'ਚ ਪਹੁੰਚ ਗਈ। ਮੈਂ ਉਸ ਦੇ ਮਨ 'ਚ ਵਿਆਹ ਸਮੇਂ ਪਤੀ ਦੀ ਪਸੰਦਗੀ ਬਾਰੇ ਸਮਝ ਨੂੰ ਸੁਖਾਵੇਂ ਰੁਖ ਮੋੜਨ ਲਈ ਸੁਝਾਅ ਦਿੱਤੇ। ਨਾਲ ਹੀ ਜ਼ਿੰਦਗੀ ਜਿਉਣ, ਆਪਣੀ ਜ਼ਿੰਮੇਵਾਰੀ ਸਮਝਣ ਤੇ ਬੇਟੇ ਦੀ ਸਾਂਭ-ਸੰਭਾਲ ਬਾਰੇ ਵੀ ਸੁਝਾਅ ਦਿੱਤੇ। ਜਲਦ ਹੀ ਉਹ ਡੂੰਘੀ ਨੀਂਦ 'ਚ ਚਲੀ ਗਈ।

ਮੈਂ ਜ਼ਿੰਦਗੀ ਦੀ ਖੁਸ਼ੀ ਨਾਲ ਜੋੜ ਕੇ ਉਸ ਨੂੰ ਸੁਝਾਅ ਦਿੰਦਾ ਰਿਹਾ ਤੇ ਉਹ ਸੁਣਦੀ ਰਹੀ। ਮੈਂ ਨੋਟ ਕਰ ਰਿਹਾ ਸਾਂ ਕਿ ਉਸ ਦੇ ਚਿਹਰੇ ਤੇ ਪਸਰੀ ਨਿਰਾਸ਼ਾ ਖੁਸ਼ੀ 'ਚ ਤਬਦੀਲ ਹੋ ਰਹੀ ਸੀ। ਜਦ ਉਸ ਨੂੰ ਸੰਮੋਹਕ ਨੀਂਦ 'ਚੋਂ ਉਠਾਇਆ ਗਿਆ ਤਾਂ ਸੁਝਾਵਾਂ ਦੇ ਅਸਰ ਸਦਕਾ ਉਸ ਦਾ ਸਰੀਰ ਹਲਕਾ ਹੋ ਗਿਆ ਸੀ। ਮਨ ਦੀ ਖੁਸ਼ੀ ਚਿਹਰੇ ਤੋਂ ਸਾਫ਼ ਝਲਕ ਰਹੀ ਸੀ। ਉਸ ਨੂੰ ਵੇਖ ਕੇ ਉਸ ਦਾ ਸੱਸ-ਸਹੁਰਾ ਵੀ ਬਾਗੋ-ਬਾਗ ਸੀ। ਉਹ ਆਪਣੇ ਮੂੰਹੋਂ ਆਖ ਰਹੀ ਸੀ ਕਿ ਮੈਂ ਹੁਣ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰਦੀ ਰਹਾਂਗੀ... ਸਾਡੇ ਪਰਿਵਾਰ ਦੀਆਂ ਖੁਸ਼ੀਆਂ ਪਰਤ ਆਉਣ, ਮੇਰਾ ਬੇਟਾ, ਖੇਡੇ-ਮੱਲੇ ਤੇ ਮਾਂ-ਬਾਪ ਸਮਾਨ ਸੱਸ ਸਹੁਰਾ ਵੀ ਮੇਰੇ ਤੇ ਮਾਣ ਕਰਨ। ਵਿਆਹ ਤੋਂ ਪਹਿਲਾਂ ਪਸੰਦਗੀ ਵਾਲੀ ਗੱਲ ਨੂੰ ਵੀ ਹੁਣ ਮੈਂ ਹਮੇਸ਼ਾ ਲਈ ਭੁੱਲਣ ਦੀ ਕੋਸ਼ਿਸ਼ ਕਰਾਂਗੀ।

ਇਹ ਕਹਿੰਦਿਆਂ ਉਸ ਦੀਆਂ ਅੱਖਾਂ ਭਰ ਆਈਆਂ ਪਰ ਉਸ ਦੇ ਚਿਹਰੇ ਤੇ ਸਕੂਨ ਬਰਕਰਾਰ ਸੀ। ਉਹ ਖੁਸ਼ੀ-ਖੁਸ਼ੀ ਆਪਣੇ ਪਰਿਵਾਰ ਨਾਲ ਘਰ ਚਲੀ ਗਈ। ਪੰਜ ਸਾਲਾਂ ਤੋਂ ਅਕਸਰ ਹੀ ਉਨ੍ਹਾਂ ਦੇ ਪਰਿਵਾਰ ਦਾ ਫੋਨ ਆਉਂਦਾ ਹੈ ਕਿ ਹੁਣ ਉਹ ਰੰਗੀਂ ਵਸ ਰਹੇ ਹਨ। ਜ਼ਿੰਦਗੀ ਦੀਆਂ ਰਾਹਾਂ ਤੋਂ ਭੁੱਲੇ ਭਟਕੇ ਲੋਕਾਂ ਨੂੰ ਉਹ ਮਸ਼ਵਰਾ ਕੇਂਦਰ ਬਰਗਾੜੀ ਵਿਖੇ ਭੇਜਦੇ ਰਹਿੰਦੇ ਹਨ। ਸਾਡਾ ਇਹ ਯਤਨ ਇੱਕ ਪਰਿਵਾਰ ਦੀ ਜ਼ਿੰਦਗੀ ਤੇ ਖੁਸ਼ੀ ਨੂੰ ਬਚਾਉਣ ਤੇ ਬਣਾਉਣ 'ਚ ਸਫ਼ਲ ਰਿਹਾ।

ਜ਼ਿੰਦਗੀ ਤੇ ਸਮਾਜ ਦੀ ਬਿਹਤਰੀ ਲਈ ਅਜਿਹੀਆਂ ਘਟਨਾਵਾਂ ਦੇ ਹੱਲ ਲਈ ਵਿਗਿਆਨਕ ਦ੍ਰਿਸ਼ਟੀਕੋਣ ਦਾ ਵਿਕਾਸ ਕਰਨਾ ਸਮੇਂ ਦੀ ਅਣਸਰਦੀ ਲੋੜ ਹੈ। ਜਿਸ ਦੀ ਤਰਕਸ਼ੀਲ ਲਹਿਰ ਦੇ ਕਾਮਿਆਂ ਨੂੰ ਸੁਹਿਰਦ ਯਤਨ ਜੁਟਾਉਣ ਦੀ ਲੋੜ ਹੈ। ਮਸਲਿਆਂ ਦੇ ਹੱਲ ਲਈ ਠੀਕ ਪਹੁੰਚ ਅਪਨਾਉਣਾ ਹੀ ਜ਼ਿੰਦਗੀ ਦੀ ਜਿੱਤ ਦਾ ਰਾਜ਼ ਹੈ।

ਮੁਖੀ ਮਾਨਸਿਕ ਸਿਹਤ ਚੇਤਨਾ ਵਿਭਾਗ

098143-37522

? ਦਸ ਸਵਾਲ ?

ਮਈ-ਜੂਨ ਅੰਕ ਦੇ ਇਸ ਕਾਲਮ ਵਿੱਚ ਪੁੱਛੇ ਗਏ ਸੁਆਲਾਂ ਦੇ ਜੋ ਜੁਆਬ ਪ੍ਰਾਪਤ ਹੋਏ ਹਨ, ਉਨ੍ਹਾਂ ਵਿਚੋਂ ਚਾਰ ਬੱਚਿਆਂ ਨੇ 10 ਅੰਕ ਪ੍ਰਾਪਤ ਕੀਤੇ ਹਨ ਜਦਕਿ ਸੱਤ ਬੱਚਿਆਂ ਨੇ 9 ਅੰਕ ਪ੍ਰਾਪਤ ਕੀਤੇ ਹਨ। ਇਨ੍ਹਾਂ ਚੋਂ ਪਹਿਲੇ ਪੰਜ ਬੱਚਿਆਂ ਨੂੰ ਕਿਤਾਬਾਂ ਦੇ ਰੂਪ ਵਿੱਚ ਢੁੱਕਵੇਂ ਇਨਾਮ ਭੇਜ ਦਿੱਤੇ ਜਾਣਗੇ। ਇਨ੍ਹਾਂ ਬੱਚਿਆਂ ਦੇ ਨਾਮ ਇਹ ਹਨ:-

1. ਗੁਰਿੰਦਰ ਗਰੋਆ, ਨੌਵੀਂ, ਸ. ਸ. ਸ. ਸਕੂਲ ਪੱਜੋ ਦਿਓਤਾ-ਸੂਸ, ਹੁਸ਼ਿਆਰਪੁਰ।
2. ਮੁਸਕਾਨ, ਦਸਵੀਂ, ਸ. ਹਾਈ ਸਕੂਲ, ਬੂੜੇਵਾਲ, ਕਪੂਰਥਲਾ।
3. ਨਿਕਿਤਾ, ਬਾਰਵੀਂ, ਸ. ਮਾਡਲ ਸੀ. ਸੈ. ਸਕੂਲ ਖਰੜ, ਮੋਹਾਲੀ।
4. ਗੁਰਲੀਨ ਕੌਰ, ਬਾਰਵੀਂ, ਸ. ਮਾਡਲ ਸੀ. ਸੈ. ਸਕੂਲ ਖਰੜ, ਮੋਹਾਲੀ।
5. ਰਵਿੰਦਰ ਸਿੰਘ, ਨੌਵੀਂ, ਸ. ਸ. ਸ. ਸਕੂਲ ਅਮਰਾਲਾ, ਫਤਿਹਗੜ੍ਹ ਸਾਹਿਬ।
6. ਪਰਦੀਪ ਕੌਰ, ਨੌਵੀਂ, ਸ. ਸ. ਸ. ਸਕੂਲ ਅਮਰਾਲਾ, ਫਤਿਹਗੜ੍ਹ ਸਾਹਿਬ।
7. ਲਵਜੀਤ ਕੌਰ (ਨਮੋਲ), ਨੌਵੀਂ, ਸ਼. ਭਾਈ ਦਿਆਲਾ ਜੀ ਸੀ. ਸੈ.ਪਬਲਿਕ ਸਕੂਲ, ਲੌਂਗੋਵਾਲ।
8. ਰੂਪਾ, ਬਾਰ੍ਹਵੀਂ, ਸ. ਸ. ਸ. ਸਕੂਲ ਮੂਸਾਪੁਰ, ਸ਼ਹੀਦ ਭਗਤ ਸਿੰਘ ਨਗਰ।
9. ਗੌਰਵ ਚੰਮ, ਗਿਆਰਵੀਂ, ਡੀ. ਏ. ਵੀ. ਪਬਲਿਕ ਸਕੂਲ ਮਾਨਸਾ।
10. ਨਵਕਿਰਨ, ਜੀ. ਐਨ. ਐਮ, ਬੀ.ਕੇ.ਇੰਸ. ਨਰਸਿੰਗ ਬਹਿਰਾਮਪੁਰ, ਰੋਪੜ।
11. ਜਸਪ੍ਰੀਤ ਕੌਰ, ਗਿਆਰਵੀਂ, ਸ. ਮਾ. ਸ਼. ਸ. ਸਕੂਲ, ਖਰੜ, ਮੋਹਾਲੀ।

ਇਸ ਤੋਂ ਇਲਾਵਾ ਗੁਰੂ ਨਾਨਕ ਗ. ਕਾਲਜ ਲੁਧਿਆਣਾ,ਸ. ਸ. ਸ. ਸਕੂਲ ਉਲਾਣਾ(ਪਟਿਆਲਾ), ਸ. ਸ. ਸ. ਸਕੂਲ ਸਹੌੜਾਂ (ਮੋਹਾਲੀ), ਸ. ਸ. ਸ. ਸਕੂਲ ਖਮਾਣੋਂ (ਫਤਿਹਗੜ੍ਹ ਸਾਹਿਬ) ਦੇ ਵਿਦਿਆਰਥੀਆਂ ਨੇ ਵੀ ਇਸ ਮੁਕਾਬਲੇ ਵਿਚ ਭਾਗ ਲਿਆ।

ਨੋਟ:-ਇੱਕ ਵਾਰ ਇਨਾਮ ਹਾਸਲ ਕਰਨ ਵਾਲੇ ਬੱਚੇ ਨੂੰ ਦੁਬਾਰਾ ਵੱਧ ਅੰਕ ਲੈਣ ਤੇ ਇਨਾਮ ਨਹੀਂ ਦਿੱਤਾ ਜਾਵੇਗਾ ਪਰ ਪਹਿਲੇ ਤਿੰਨ ਮੈਗਜ਼ੀਨਾਂ/ਅੰਕਾਂ ਦੇ ਸੁਆਲਾਂ ਦੇ ਸਭ ਤੋਂ ਵੱਧ ਠੀਕ ਉਤਰ ਦੇਣ ਵਾਲੇ ਇਕ ਬੱਚੇ ਨੂੰ ਦੋ ਸੀਡੀਜ਼ ਇਨਾਮ ਵਜੋਂ ਦਿਤੀਆਂ ਜਾਣਗੀਆਂ। ਇਸੇ ਤਰ੍ਹਾਂ ਸਾਲ ਦੇ ਅਖੀਰ ਵਿਚ ਸਾਰੇ ਅੰਕਾਂ 'ਚੋਂ ਸਭ ਤੋਂ ਵੱਧ ਠੀਕ ਉਤਰ ਦੇਣ ਵਾਲੇ ਬੱਚੇ ਨੂੰ ਵਿਸ਼ੇਸ਼ ਇਨਾਮ ਦਿੱਤਾ ਜਾਵੇਗਾ,ਉਸਦੀ ਫੋਟੋ ਮੈਗਜ਼ੀਨ ਵਿਚ ਵਿਸ਼ੇਸ਼ਤਾ ਸਹਿਤ ਛਾਪੀ ਜਾਵੇਗੀ। ਇਹ ਇਨਾਮ ਉਸਨੂੰ ਉਸਦੇ ਸਕੂਲ ਮੁਖੀ ਦੀ ਹਾਜ਼ਰੀ ਵਿਚ ਸਵੇਰ ਦੀ ਸਭਾ ਵਿੱਚ ਦਿੱਤਾ ਜਾਵੇਗਾ।

ਮਈ-ਜੂਨ ਅੰਕ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ-

1.ਗਿਆਰਦਨੋ ਬਰੂਨੋ (Giordano Bruno)
2. ਡਾ. ਜੋਨਸ ਸਾਕ (Dr. Jonas Salk)
3. ਰਾਹੁਲ ਸੰਕਰਤਾਇਨ
4. ਅਬਰਾਹਮ ਲਿੰਕਨ
5. ਡੀਆਕਸੀਰਾਈਬੋ ਨਿਊਕਲੀਅਕ ਐਸਿਡ (Deoxyribo nucleic acid)
6. ਇਥਾਈਲ ਮਰਕਪਟਾਨ (**Ethyl mercaptan)**
7. ਤਕਰੀਬਨ 0.1 ਨੈਨੋਮੀਟਰ(nano metre)
8. ਕਲੋਰੋਫਿਲ
9. 107200ਕਿ.ਮੀ./ਘੰਟਾ **ਜਾਂ ਤਕਰੀਬਨ 30 ਕਿਲੋਮੀਟਰ/ ਸਕਿੰਟ**
10. ਲ਼ਾਲਾ ਹਰਦਿਆਲ

ਅਗਲੇ ਦਸ ਸੁਆਲ

ਇਨ੍ਹਾਂ ਸੁਆਲਾਂ ਦੇ ਉੱਤਰ 31 ਜੁਲਾਈ ਤੱਕ ਹੇਠ ਲਿਖੇ ਪਤੇ ਤੇ ਪਹੁੰਚ ਜਾਣੇ ਚਾਹੀਦੇ ਹਨ-

ਜਸਵੰਤ ਸਿੰਘ, ਮਕਾਨ ਨੰਬਰ-ਐਚ.ਐਲ.107,
ਫੇਜ਼-1, ਮੋਹਾਲੀ

1. ਵਿਗਿਆਨ ਦੇ ਅਲੱਗ-ਅਲੱਗ ਖੇਤਰਾਂ ਵਿੱਚ ਦੋ ਵਾਰ ਨੋਬਲ ਇਨਾਮ ਹਾਸਲ ਕਰਨ ਵਾਲੀ ਔਰਤ ਦਾ ਨਾਂ ਦੱਸੋ।
2. ਮਸ਼ਹੂਰ ਨਾਵਲ "ਤਮਸ" ਕਿਸਦਾ ਲਿਖਿਆ ਹੋਇਆ ਹੈ?
3. ਪੰਜਾਬ ਵਿੱਚ ਪਿਛਲੇ ਸਮੇਂ ਕਿਸੇ ਕਿਤਾਬ ਦੇ ਸੰਪਾਦਕ ਅਤੇ ਪ੍ਰਕਾਸ਼ਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ, ਉਹ ਕਿਤਾਬ ਕਿਸ ਮਰਹੂਮ ਕਵੀ ਨਾਲ ਸਬੰਧਤ ਸੀ?
4. "ਰੌਸ਼ਨੀ-ਵਰ੍ਹਾ" (Light year) ਕਿਸਦੀ ਇਕਾਈ ਹੈ?
5. ਧਰਤੀ ਉੱਪਰ ਸੱਭ ਤੋਂ ਸਖਤ ਪਦਾਰਥ ਕਿਹੜਾ ਹੈ?
6. ਚੰਦਰਮਾ ਤੋਂ ਅਸਮਾਨ ਕਿਸ ਰੰਗ ਦਾ ਦਿਖਾਈ ਦਿੰਦਾ ਹੈ?
7. ਗ਼ਦਰ ਪਾਰਟੀ ਦੇ ਅਮਰੀਕਾ ਸਥਿਤ ਦਫਤਰ "ਗ਼ਦਰ ਮੈਮੋਰੀਅਲ" ਦਾ ਪੁਰਾਣਾ ਨਾਂ ਕੀ ਸੀ ?



8. ਇਹ ਤਸਵੀਰ ਕਿਸ ਮਹਾਨ ਸ਼ਖ਼ਸ਼ੀਅਤ ਦੀ ਹੈ?
9. ਦੁਨੀਆਂ ਦਾ ਪਹਿਲਾ ਤੇਲ ਦਾ ਖੂਹ ਕਦੋਂ ਅਤੇ ਕਿੱਥੇ ਖੋਦਿਆ ਗਿਆ?
10. ਚੇਚਕ ਤੋਂ ਬਚਾਅ ਦੇ ਟੀਕੇ ਦੀ ਖੋਜ ਕਦੋਂ ਅਤੇ ਕਿਸ ਵਿਗਿਆਨੀ ਨੇ ਕੀਤੀ?

ਤਰਕਸ਼ੀਲਾਂ ਨੇ ਬੰਦ ਕਰਵਾਈਆਂ ਚੀਕਾਂ ਹਟਾਏ ਕੰਧਾਂ ਤੇ ਉਕਰਦੇ ਅਜੀਬ ਸ਼ਬਦ

ਝਬਾਲ ਕਸਬੇ ਦੇ ਨਜਦੀਕੀ ਪਿੰਡ ਸੋਹਲ ਵਿੱਚ ਜਦੋਂ ਰਾਤ ਦੇ 11-12 ਵਜੇ ਇੱਕ ਵਿਅਕਤੀ ਨੇ ਦਰੱਖਤਾਂ ਉੱਪਰ ਕੁੱਝ ਪ੍ਰਵਾਸੀ ਪੰਛੀ ਵੇਖੇ ਤਾਂ ਉਸਨੂੰ ਉਹ ਭੂਤ-ਪ੍ਰੇਤ ਸਮਝ ਕੇ ਚੀਕਾਂ ਮਾਰਦਾ ਉੱਠਿਆ। ਪਰਿਵਾਰ ਦੇ ਬਾਕੀ ਮੈਂਬਰਾਂ ਨੇ ਵੀ ਚੀਕਾਂ ਮਾਰਣੀਆਂ ਸ਼ੁਰੂ ਕਰ ਦਿੱਤੀਆਂ। ਜਦ ਉਹ ਚੀਕਾਂ ਮਾਰਦੇ ਤਾਂ ਪਿੰਡ ਦੇ ਲੋਕ ਇਕੱਠੇ ਹੋ ਜਾਂਦੇ। ਪਰਿਵਾਰ ਦੇ ਸਾਰੇ ਮੈਂਬਰ ਮਾਨਸਿਕ ਤੌਰ ਤੇ ਇੰਨ੍ਹੇ ਬਿਮਾਰ ਹੋ ਗਏ ਕਿ ਹਰ ਰੋਜ ਰਾਤ ਵੇਲੇ ਡਰਨ ਲੱਗੇ। ਪਿੰਡ ਦੇ ਲੋਕਾਂ ਨੇ ਰਾਤ ਨੂੰ ਜਾਗਣਾ ਸ਼ੁਰੂ ਕਰ ਦਿੱਤਾ। ਕਈ ਪਾਖੰਡੀ ਸਾਧਾਂ ਸੰਤਾਂ ਤੋਂ ਉਪਾਅ ਕਰਵਾਉਣ ਦੇ ਯਤਨ ਕੀਤੇ ਪਰ ਡਰ ਖਤਮ ਨਾ ਹੋਇਆ। ਭਾਈਚਾਰੇ ਵਿੱਚੋਂ ਕਿਸੇ ਵਿਅਕਤੀ ਨੇ ਅੰਧ-ਵਿਸ਼ਵਾਸ ਨੂੰ ਬੜਾਵਾ ਦੇਣ ਵਾਲੀ ਪੁਸਤਕ 'ਇੰਦਰਜਾਲ' ਪੜ੍ਹਣ ਨੂੰ ਦਿੱਤੀ ਤਾਂ ਜੋ ਭੂਤ ਭਜਾਉਣ ਵਾਲਾ ਮੰਤਰ ਸਾਰੇ ਮੈਂਬਰ ਪੜ੍ਹਣ। ਕੁੱਝ ਦਿਨਾਂ ਬਾਅਦ ਪੀੜਤ ਪਰਿਵਾਰ ਨੇ ਉਸੇ ਵਿਅਕਤੀ ਨੂੰ ਇਸ ਵਾਰਦਾਤ ਦਾ ਜਿੰਮੇਵਾਰ ਠਹਿਰਾਇਆ ਅਤੇ ਉਸ ਦੇ ਖੂਨ ਦੇ ਪਿਆਸੇ ਬਣ ਗਏ।

ਭਾਈਚਾਰਕ ਸਾਂਝ, ਦੁਸ਼ਮਣੀ ਵਿੱਚ ਬਦਲਣ ਲੱਗੀ ਤਾਂ ਪੰਚਾਇਤ ਨੇ ਤਰਕਸ਼ੀਲਾਂ ਨਾਲ ਰਾਬਤਾ ਕਾਇਮ ਕੀਤਾ। ਮੁਖਵਿੰਦਰ ਸਿੰਘ ਚੌਹਲਾ, ਨਰਿੰਦਰ ਸਿੰਘ ਸ਼ੇਖ ਚੱਕ, ਰਜਵੰਤ ਸਿੰਘ ਬਾਗੜੀਆ, ਗੁਰਸੇਵਕ ਨੌਸਹਿਰਾ, ਤਰਸੇਮ ਲਾਲੂੰ ਘੁੰਮਣ, ਅੰਮ੍ਰਿਤਪਾਲ ਸਿੰਘ ਤੇ ਅਧਾਰਿਤ ਪੜਤਾਲੀਆ ਟੀਮ ਨੇ ਸਾਰੀ ਸਥਿਤੀ ਦਾ ਜਾਇਜਾ ਲਿਆ। ਪੀੜਤ ਪਰਿਵਾਰ ਦੇ ਹਰ ਮੈਂਬਰ ਅਤੇ ਦੂਸਰੀ ਧਿਰ ਨਾਲ ਵੀ ਗੱਲਬਾਤ ਕੀਤੀ ਤਾਂ ਪੀੜਤ ਪਰਿਵਾਰ ਨੇ ਮੰਨ ਲਿਆ ਕਿ ਵਾਕਿਆ ਹੀ ਇਹ ਉਹਨਾਂ ਦੇ ਮਨ ਦਾ ਵਹਿਮ ਹੈ ਪਰ ਫਿਰ ਵੀ ਦੂਸਰੀ ਧਿਰ ਨਾਲ ਸਮਝੌਤੇ ਲਈ ਤਿਆਰ ਨਾ ਹੋਏ। ਛਾਣਬੀਣ ਦੌਰਾਨ ਪਤਾ ਲੱਗਿਆ ਕਿ ਦੋਵੇਂ ਪਰਿਵਾਰਾਂ ਦਾ ਆਪਸੀ ਘਰੇਲੂ ਤੇ ਅਦਾਲਤੀ ਝਗੜਾ ਵੀ ਚੱਲ ਰਿਹਾ ਹੈ। ਪੀੜਤ ਪਰਿਵਾਰ ਨੇ ਤਰਕਸ਼ੀਲਾਂ ਅੱਗੇ ਦੋ ਸ਼ਰਤਾਂ ਰੱਖੀਆਂ ਕਿ ਜਾਂ ਤਾਂ ਦਰੱਖਤਾਂ ਨੂੰ ਕੱਟ ਦਿੱਤਾ ਜਾਵੇ ਜਾਂ ਪੰਛੀਆਂ ਨੂੰ ਮਾਰ ਦਿੱਤਾ ਜਾਵੇ। ਭਾਵੇਂ ਕਿ ਪੰਚਾਇਤ ਇਹ ਸ਼ਰਤਾਂ ਮੰਨਣ ਲਈ ਤਿਆਰ ਸੀ। ਪਰ ਤਰਕਸ਼ੀਲਾਂ ਨੇ ਸਪੱਸ਼ਟ ਕੀਤਾ ਕਿ ਜਾਨਵਰਾਂ ਨੂੰ ਮਾਰਣਾ ਅਤੇ ਰੁੱਖ ਕੱਟਣਾ ਸਮਾਜਿਕ ਅਤੇ ਕਾਨੂੰਨੀ ਤੌਰ ਤੇ ਗਲਤ ਹੈ। ਇਹ ਆਡੰਬਰ ਪਿਛਲੇ 20-25 ਦਿਨ ਤੋਂ ਚੱਲ ਰਿਹਾ ਸੀ।

ਦੋਹਾਂ ਧਿਰਾਂ ਨਾਲ ਗੱਲਬਾਤ ਕਰਕੇ, ਉਹਨਾਂ ਦੀ ਵੱਖਰਿਆਂ-ਵੱਖਰਿਆਂ ਸਮੱਸਿਆ ਸੁਣ ਕੇ, ਹੱਲ ਸੁਝਾ ਕੇ, ਉਹਨਾਂ ਸਮੇਤ ਸਮੁੱਚੇ ਪਿੰਡ ਨੂੰ ਇਕੱਠਾ ਕਰਕੇ ਤਰਕਸ਼ੀਲਾਂ ਨੇ ਦੱਸਿਆ ਕਿ ਕਿਸੇ ਕਿਤਾਬ ਵਿਚਲੇ ਮੰਤਰ ਨੂੰ ਪੜ੍ਹਨ ਨਾਲ ਨਾ ਤਾਂ ਕਿਸੇ ਦਾ ਫਾਇਦਾ ਹੋ ਸਕਦਾ ਅਤੇ ਨਾ ਹੀ ਨੁਕਸਾਨ। ਜਾਦੂ ਦੇ ਟਰਿੱਕ ਵਿਖਾਕੇ ਦੱਸਿਆ ਕਿ ਕੋਈ ਗੈਬੀ ਜਾਂ ਅਧਿਆਤਮਕ ਸ਼ਕਤੀ ਨਹੀਂ ਹੁੰਦੀ ਤੇ ਸਾਨੂੰ ਹਰ ਗੱਲ ਤਰਕ ਦੀ ਕਸੌਟੀ ਤੇ ਪਰਖਣੀ ਚਾਹੀਦੀ ਹੈ। ਇਸ ਮੌਕੇ ਸਰਪੰਚ ਜਗੀਰ ਸਿੰਘ, ਸਾਬਕਾ ਸਰਪੰਚ ਹਰਸ਼ਰਨ ਸਿੰਘ ਪੱਲਾ, ਅਸ਼ੋਕ ਕੁਮਾਰ, ਉਂਕਾਰ ਸਿੰਘ, ਮੋਤਾ ਸਿੰਘ, ਕਾਮਰੇਡ ਦਵਿੰਦਰ ਕੁਮਾਰ ਸੋਹਲ ਆਦਿ ਹਾਜਰ ਸਨ। ਹੁਣ ਪਰਿਵਾਰ ਅਤੇ ਪਿੰਡ ਡਰ ਤੋਂ ਮੁਕਤ ਹੈ। ਤਾਜਾ ਪ੍ਰਾਪਤ ਜਾਣਕਾਰੀ ਅਨੁਸਾਰ ਉਹ ਅਜੀਬ ਪੰਛੀ ਜਿਸ ਨੂੰ ਦਰਖਤ ਤੇ ਬੈਠੇ ਨੂੰ ਭੂਤ ਸਮਝ ਕੇ ਪਰਿਵਾਰ ਦੇ ਮੈਂਬਰ ਡਰਦੇ ਸਨ, ਉਹ ਉਸ ਦਰਖਤ ਦੇ ਨੇੜੇ ਹੀ ਮਰਿਆ ਹੋਇਆ ਪਾਇਆ ਗਿਆ। ਹੁਣ ਪਰਿਵਾਰਕ ਮੈਂਬਰਾਂ ਦੇ ਮਨ ਵਿੱਚ ਰਹਿੰਦਾ ਮਾਮੂਲੀ ਡਰ ਵੀ ਖਤਮ ਹੋ ਚੁੱਕਾ ਹੈ।

ਇਸੇ ਤਰ੍ਹਾਂ ਤਰਨਤਾਰਨ ਦੇ ਨੇੜਲੇ ਪਿੰਡ ਕੰਗ ਵਿੱਚ ਪਿਛਲੇ ਕੁੱਝ ਦਿਨਾਂ ਤੋਂ ਇੱਕ ਘਰ ਵਿੱਚ ਹੱਥ ਲਿਖਤਾਂ ਪੈਦਾ ਹੋਣ ਦੇ ਨਾਲ ਕੰਧਾਂ ਉੱਪਰ ਅੱਖਰ ਉਕਰਣ ਤੇ ਅਜੀਬ ਸ਼ਬਦ ਬਨਣ ਦੀਆਂ ਘਟਨਾਵਾਂ ਵਾਪਰਨ ਦਾ ਪਤਾ ਲੱਗਣ ਤੇ ਸੁਸਾਇਟੀ ਦੀ ਪੜਤਾਲੀਆ ਟੀਮ-ਨਰਿੰਦਰ ਸਿੰਘ ਸੇਖਚੱਕ, ਰਜਵੰਤ ਸਿੰਘ ਬਾਗੜੀਆ, ਗੁਰਸੇਵਕ ਨੌਸਹਿਰਾ, ਸੰਜੀਵ ਕੁਮਾਰ, ਮਾਸਟਰ ਤਸਵੀਰ ਸਿੰਘ, ਪੀੜਤ ਪਰਿਵਾਰ ਦੇ ਘਰ ਪਹੁੰਚੀ। ਪੂਰੀ ਜਾਂਚ ਪੜਤਾਲ ਬਾਅਦ ਟੀਮ ਨੇ ਇਸ ਘਟਨਾ ਪਿੱਛੇ ਕੰਮ ਕਰਦੇ ਵਿਅਕਤੀ ਦਾ ਪਤਾ ਲਗਾ ਲਿਆ। ਉਸ ਨੂੰ ਉਸਾਰੂ ਸੁਝਾਅ ਦਿੱਤੇ ਕਿ ਆਪਣੀ ਮਨ ਚਾਹੀ ਗੱਲ ਮਨਵਾਉਣ ਦਾ ਇਹ ਤਰੀਕਾ ਠੀਕ ਨਹੀਂ ਹੈ। ਉਸਨੂੰ ਉਸਦੀਆਂ ਸਮੱਸਿਆਵਾਂ ਹੱਲ ਕਰਨ ਦਾ ਭਰੋਸਾ ਦਿੱਤਾ ਅਤੇ ਪਰਿਵਾਰਕ ਮੈਂਬਰਾਂ ਨੂੰ ਸਮਝਾਇਆ ਕਿ ਹਰ ਘਟਨਾ ਦਾ ਕੋਈ ਨਾ ਕੋਈ ਕਾਰਣ ਹੁੰਦਾ ਹੈ ਅਤੇ ਸਾਨੂੰ ਹਰ ਗੱਲ ਤਰਕ ਦੇ ਅਧਾਰ ਤੇ ਪਰਖਣੀ ਚਾਹੀਦੀ ਹੈ। ਇਸ ਕੇਸ ਨੂੰ ਹੱਲ ਕੀਤੇ ਜਾਣ ਦੀ ਪੂਰੇ ਇਲਾਕੇ ਵਿੱਚ ਚਰਚਾ ਹੈ।

ਰਜਵੰਤ ਸਿੰਘ ਬਾਗੜੀਆਂ, 98154-08377

ਲੋਕਪੱਖੀ ਸਮਾਜਿਕ ਤਬਦੀਲੀ ਦੀ ਇਕ ਮਿਸਾਲ ਇਹ ਵੀ...

ਸੁਮੀਤ ਸਿੰਘ



ਸਾਡੇ ਸਮਾਜ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਅਸੀਂ ਵਿਗਿਆਨ ਦੇ ਯੁੱਗ ਵਿੱਚ ਜਿਉਣ ਦੇ ਬਾਵਜੂਦ ਕਈ ਤਰ੍ਹਾਂ ਦੇ ਅੰਧ-ਵਿਸ਼ਵਾਸਾਂ, ਸਮਾਜਿਕ ਬੁਰਾਈਆਂ, ਰੂੜੀਵਾਦੀ ਅਤੇ ਫਜ਼ੂਲ ਖਰਚੀ ਵਾਲੇ ਰਸਮਾਂ ਰਿਵਾਜਾਂ ਵਿੱਚ ਬੜੀ ਬੁਰੀ ਤਰ੍ਹਾਂ ਫਸੇ ਹੋਏ ਹਾਂ। ਅਸੀਂ ਆਪਣੇ ਹਰ ਤਰ੍ਹਾਂ ਦੇ ਖੁਸ਼ੀ ਤੇ ਗਮੀ ਦੇ ਸਮਾਗਮਾਂ ਵਿੱਚ ਇੰਨ੍ਹਾਂ ਅੰਧ-ਵਿਸ਼ਵਾਸਾਂ ਅਤੇ ਰੂੜੀਵਾਦੀ ਰਸਮਾਂ ਰਿਵਾਜਾਂ ਨੂੰ ਤਰਕ ਦੀ ਕਸੌਟੀ ਉੱਤੇ ਪਰਖੇ ਬਿਨਾਂ ਅੱਖਾਂ ਮੀਟ ਕੇ ਮੰਨੀ ਜਾ ਰਹੇ ਹਾਂ ਜਦਕਿ ਇੱਕ ਆਦਰਸ਼, ਖੁਸ਼ਹਾਲ ਅਤੇ ਵਿਕਸਤ ਜੀਵਨ ਲਈ ਇੰਨ੍ਹਾਂ ਦੀ ਕੋਈ ਸਾਰਥਿਕਤਾ ਨਹੀਂ ਹੈ।

ਇਸ ਦਾ ਮੁੱਖ ਕਾਰਨ ਇਹ ਹੈ ਕਿ ਸਾਡੇ ਸਮਾਜ ਦਾ ਪੁਜਾਰੀ ਤੇ ਜੋਤਿਸ਼ੀ ਵਰਗ ਆਪਣੇ ਕਾਰੋਬਾਰ ਨੂੰ ਸਦੀਵੀਂ ਚਮਕਾਉਣ ਲਈ ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਜਨਮ ਵਿਆਹ, ਮੌਤ ਅਤੇ ਹੋਰ ਸਮਾਗਮਾਂ ਮੌਕੇ ਵੱਖ ਵੱਖ ਤਰ੍ਹਾਂ ਦੀਆਂ ਰੂੜੀਵਾਦੀ ਬੇਲੋੜੀਆਂ ਅਤੇ ਫਜ਼ੂਲਖਰਚੀ ਦੀਆਂ ਰਸਮਾਂ ਨਿਭਾਉਣ ਲਈ ਮਜਬੂਰ ਕਰਦਾ ਹੈ। ਅਜਿਹੇ ਚਾਲਾਕ ਪੰਡਿਤਾਂ, ਪੁਜਾਰੀਆਂ ਅਤੇ ਜੋਤਸ਼ੀਆਂ ਵੱਲੋਂ ਭੋਲੇ ਭਾਲੇ ਲੋਕਾਂ ਨੂੰ ਇਹ ਵੀ ਡਰਾਵਾ ਦਿੱਤਾ ਜਾਂਦਾ ਹੈ ਕਿ ਜੇਕਰ ਉਨ੍ਹਾਂ ਨੇ ਸਦੀਆਂ ਤੋਂ ਚਲੀਆਂ ਆ ਰਹੀਆਂ ਇੰਨ੍ਹਾਂ ਰਸਮਾਂ ਨੂੰ ਮੰਨਣ ਤੋਂ ਕੋਈ ਇਨਕਾਰ ਕੀਤਾ ਜਾਂ ਕੋਤਾਹੀ ਵਰਤੀ ਤਾਂ ਉਨ੍ਹਾਂ ਦੇ ਪਰਿਵਾਰ ਉੱਤੇ ਕੋਈ ਗੰਭੀਰ ਸੰਕਟ ਆ ਸਕਦਾ ਹੈ। ਇਹ ਮੰਨਿਆ ਜਾ ਸਕਦਾ ਹੈ ਕਿ ਦੇਸ਼ ਦੀ ਆਬਾਦੀ ਵਿਚਲੇ ਕਰੋੜਾਂ ਗਰੀਬ ਤੇ ਗਿਆਨਹੀਣ ਲੋਕਾਂ ਵਿੱਚ ਵਿਗਿਆਨਕ ਚੇਤਨਾ ਦੀ ਘਾਟ ਹੋਣ ਕਰਕੇ ਉਹ ਕਈ ਤਰ੍ਹਾਂ ਦੀਆਂ ਅੰਧ-ਵਿਸ਼ਵਾਸੀ ਅਤੇ ਰੂੜੀਵਾਦੀ ਰਸਮਾਂ ਵਿੱਚ ਅਸਾਨੀ ਨਾਲ ਫਸ ਜਾਂਦੇ ਹਨ ਪਰ ਹੈਰਾਨੀ ਤੇ ਦੁੱਖ ਇਸ ਗੱਲ ਦਾ ਹੈ ਕਿ ਸਾਡੇ ਸਮਾਜ ਦੇ ਪੜ੍ਹੇ ਲਿਖੇ ਅਤੇ ਬੁੱਧੀਜੀਵੀ ਵਰਗ ਦੇ ਲੋਕ ਵੀ ਇੰਨ੍ਹਾਂ ਪੁਜਾਰੀਆਂ ਦੇ ਪਿੱਛਲਗੂ ਬਣਕੇ ਅਜਿਹੀਆਂ ਰੂੜੀਵਾਦੀ ਰਸਮਾਂ ਨੂੰ ਬਿਨਾਂ ਸੋਚੇ ਸਮਝੇ ਅਪਣਾਈ ਜਾ ਰਹੇ ਹਨ।

ਮਨੁੱਖੀ ਰਿਸ਼ਤਿਆਂ ਵਿੱਚ ਸਭ ਤੋਂ ਅਹਿਮ ਵਿਆਹ ਦਾ ਰਿਸ਼ਤਾ ਹੈ ਜਿਸਦੀ ਬੁਨਿਆਦ ਆਪਸੀ ਵਿਸ਼ਵਾਸ ਉੱਤੇ ਟਿਕੀ ਹੁੰਦੀ ਹੈ। ਮਨੁੱਖ ਦੀ ਜਿੰਦਗੀ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਵਿਆਹ ਦਾ ਸਮਾਗਮ ਹੁੰਦਾ ਹੈ ਜਿਸਨੂੰ ਸਫਲਤਾ ਨਾਲ ਨੇਪਰੇ ਚੜ੍ਹਾਉਣ ਲਈ ਸਭ ਤੋਂ ਵੱਧ ਜੋਰ ਲਾਇਆ ਜਾਂਦਾ ਹੈ। ਸਮਾਜ ਦੀ ਵਾਸਤਵਿਕਤਾ ਇਹ ਹੈ ਕਿ ਵਿਆਹ ਲਈ ਰਿਸ਼ਤਾ ਪੱਕਾ ਕਰਨ ਤੋਂ ਪਹਿਲਾਂ ਲੜਕੇ, ਲੜਕੀ ਦੇ ਜਨਮ ਟੇਵੇ ਤੇ ਜਨਮ ਕੁੰਡਲੀਆਂ ਮਿਲਾਏ ਜਾਂਦੇ ਹਨ ਅਤੇ ਰਿਸ਼ਤਾ ਪੱਕਾ ਹੋਣ ਤੋਂ ਬਾਅਦ ਵਿਆਹ ਦੀ ਤਰੀਕ ਕਢਵਾਈ ਜਾਂਦੀ ਹੈ। ਇਸ ਤੋਂ ਬਾਅਦ ਦਾਜ ਦੇ ਲੈਣ ਦੇਣ ਅਤੇ ਮਿਲਣੀ ਦੀ ਰਸਮ ਮੌਕੇ ਸੋਨੇ ਦੀਆਂ ਮੁੰਦਰੀਆਂ ਅਤੇ ਮਹਿੰਗੇ ਤੋਹਫਿਆਂ ਦੇ ਲੈਣ ਦੇਣ ਦੀ ਗੱਲਬਾਤ ਕੀਤੀ ਜਾਂਦੀ ਹੈ। ਵਿਆਹ ਵਾਲੇ ਦਿਨ ਬਰਾਤ ਦੀ ਚੰਗੀ ਆਓ ਭਗਤ ਲਈ ਵੱਖ ਵੱਖ ਤਰ੍ਹਾਂ ਦੇ ਕਈ ਮਹਿੰਗੇ ਪਕਵਾਨ ਅਤੇ ਸ਼ਰਾਬ ਬਗੈਰਾ ਪਰੋਸੇ ਜਾਂਦੇ ਹਨ ਅਤੇ ਅੱਧ ਨੰਗੀਆਂ ਲੜਕੀਆਂ ਦੇ ਨਾਚ ਗਾਣੇ ਉੱਤੇ ਦੋਹਾਂ ਧਿਰਾਂ ਦੇ ਰਿਸ਼ਤੇਦਾਰ ਨਸ਼ੇ ਦੀ ਲੋਰ ਵਿੱਚ ਪੈਸੇ ਲੁਟਾਉਂਦੇ ਹੋਏ ਨੱਚਦੇ ਟੱਪਦੇ ਹਨ। ਅਮੀਰ ਤੇ ਪ੍ਰਭਾਵਸ਼ਾਲੀ ਲੋਕ ਤਾਂ ਆਪਣੇ ਰੁਤਬੇ, ਸਮਰੱਥਾ ਅਤੇ ਪੈਸੇ ਦਾ ਦਿਖਾਵਾ ਕਰਕੇ ਇੰਨਾਂ ਮੌਕਿਆਂ ਉੱਤੇ ਲੱਖਾਂ ਕਰੋੜਾਂ ਰੁਪਏ ਦੀ ਫਜ਼ੂਲ ਖਰਚ ਕਰਦੇ ਹੀ ਹਨ ਪਰ ਦੁੱਖ ਉਦੋਂ ਹੁਦਾ ਹੈ ਜਦੋਂ ਗਰੀਬੀ ਤੇ ਮਹਿੰਗਾਈ ਦੀ ਮਾਰ ਝੱਲ ਰਹੇ ਆਮ ਮੱਧ ਅਤੇ ਨਿਮਨ ਵਰਗ ਦੇ ਲੋਕ ਵੀ ਲੋਕ-ਦਿਖਾਵੇ ਲਈ ਆਪਣੇ ਸਮਾਗਮਾਂ ਉੱਤੇ ਲੋੜੋਂ ਵੱਧ ਖਰਚਾ ਕਰਨ ਦੀ ਰੀਸ ਕਰਦੇ ਹਨ। ਇਹੀ ਵਜ੍ਹਾ ਹੈ ਕਿ ਪਿਛਲੇ ਕੁੱਝ ਦਹਾਕਿਆਂ ਤੋਂ ਵਿਆਹ ਦਾ ਸਮਾਗਮ ਮਨੁੱਖੀ ਸਾਂਝ ਦਾ ਪ੍ਰਤੀਕ ਨਾ ਹੋ ਕੇ ਇੱਕ ਵਪਾਰ ਅਤੇ ਲੋਕ ਦਿਖਾਵੇ ਦਾ ਰੂਪ ਧਾਰਨ ਕਰ ਚੁੱਕਾ ਹੈ। ਸਾਡੀਆਂ ਹਾਕਮ ਜਮਾਤਾਂ ਵੀ ਇਹੀ ਚਾਹੁੰਦੀਆਂ ਹਨ ਕਿ ਲੋਕ ਅੰਧ-ਵਿਸ਼ਵਾਸਾਂ, ਰੂੜੀਵਾਦੀ ਰਸਮਾਂ ਅਤੇ ਪੁਜਾਰੀਆਂ, ਪੰਡਿਤਾਂ, ਜੋਤਸ਼ੀਆਂ ਦੇ ਚੱਕਰਵਿਊ ਵਿੱਚ ਫਸੇ ਰਹਿਣ ਅਤੇ ਉਹ ਵਿਗਿਆਨਕ ਸੋਚ ਦੇ ਚਾਨਣ ਨਾਲ ਕਿਤੇ ਸਿਆਣੇ ਨਾ ਬਣ ਜਾਣ। ਇਸੇ ਤਰ੍ਹਾਂ ਪੂੰਜੀਵਾਦੀ ਜਮਾਤਾਂ ਵੀ ਪੁਜਾਰੀ ਵਰਗ ਨਾਲ ਮਿਲੀ ਭੁਗਤ ਕਰਕੇ ਖਪਤ ਸੱਭਿਆਚਾਰ ਦੇ ਫੈਲਾਅ ਰਾਹੀਂ ਆਪਣਾ ਵਪਾਰ ਵਧਾਉਣਾ ਚਾਹੁੰਦੀਆਂ ਹਨ।

ਸਥਿਤੀ ਦਾ ਦੁਖਦਾਈ ਪੱਖ ਇਹ ਹੈ ਕਿ ਜਿੰਨਾ ਜੋਰ ਵਿਆਹ ਦੇ ਸਮਾਗਮ ਨੂੰ ਸਫਲ ਬਨਾਉਣ ਲਈ ਲਾਇਆ ਜਾਂਦਾ ਹੈ, ਵਿਆਹ ਦੇ ਰਿਸ਼ਤੇ ਨੂੰ ਮਜਬੂਤ ਕਰਨ ਲਈ ਉਨੀ ਸੁਹਿਰਦਤਾ ਅਤੇ ਦ੍ਰਿੜ ਇੱਛਾ ਸ਼ਕਤੀ ਨਹੀਂ ਦਿਖਾਈ ਜਾਂਦੀ। ਪਰ ਇਸ ਗੱਲ

ਦੀ ਸੰਤੁਸ਼ਟੀ ਹੈ ਕਿ ਮੌਜੂਦਾ ਲੋਕ ਦਿਖਾਵੇ ਦੇ ਯੁੱਗ ਵਿੱਚ ਵੀ ਕੁੱਝ ਪ੍ਰਗਤੀਸ਼ੀਲ ਅਤੇ ਪ੍ਰਤੀਬੱਧ ਲੋਕਪੱਖੀ, ਸਮਾਜਕ ਤੇ ਸੱਭਿਆਚਾਰਕ ਤਬਦੀਲੀ ਲਈ ਸਮਾਜ ਵਿੱਚੋਂ ਅੰਧਵਿਸ਼ਵਾਸਾਂ, ਸਮਾਜਿਕ ਬੁਰਾਈਆਂ ਅਤੇ ਫਜ਼ੂਲ ਖਰਚੀ ਦੀਆਂ ਰੂੜੀਵਾਦੀ ਰਸਮਾਂ ਨੂੰ ਖਤਮ ਕਰਨ ਲਈ ਕੁੱਝ ਠੋਸ ਤੇ ਅਮਲੀ ਪਹਿਲ ਕਦਮੀਆਂ ਕਰ ਰਹੇ ਹਨ। ਮੌਜੂਦਾ ਪੂੰਜੀਵਾਦੀ ਤੇ ਲੋਟੂ ਰਾਜ ਪ੍ਰਬੰਧ ਵਿੱਚ ਅਜਿਹੀ ਲੋਕਪੱਖੀ ਸੋਚ ਨੂੰ ਸਲਾਮ ਕਰਨਾ ਬਣਦਾ ਹੈ।

ਪਿਛਲੇ ਦਿਨੀਂ ਪੰਜਾਬੀ ਸਾਹਿਤ ਅਤੇ ਸਿਹਤ ਨਾਲ ਸੰਬੰਧਿਤ ਕਈ ਕਿਤਾਬਾਂ ਦੇ ਲੇਖਕ ਅਤੇ ਤਰਕਸ਼ੀਲ ਲਹਿਰ ਸਮੇਤ ਕਈ ਅਗਾਂਹਵਧੂ ਸਾਹਿਤਕ ਤੇ ਸਮਾਜਿਕ ਸੰਸਥਾਵਾਂ ਨਾਲ ਜੁੜੇ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਪ੍ਰੋਫੈਸਰ ਡਾ. ਸ਼ਾਮ ਸੁੰਦਰ ਦੀਪਤੀ ਨੇ ਆਪਣੀ ਡਾਕਟਰ ਧੀ ਦੇ ਵਿਆਹ ਮੌਕੇ ਧਾਰਮਿਕ ਰੂੜੀਵਾਦੀ ਰਸਮਾਂ ਦੀ ਬਜਾਏ ਇਕ ਸਿਹਤਮੰਦ ਸੱਭਿਆਚਾਰਕ ਬਦਲ ਪੇਸ਼ ਕਰਕੇ ਸਮਾਜ ਨੂੰ ਵਿਗਿਆਨਕ ਸੇਧ ਦੇਣ ਦੀ ਠੋਸ ਪਹਿਲਕਦਮੀ ਕੀਤੀ।



ਪਰਿਵਾਰ ਵੱਲੋਂ ਰਿਸ਼ਤੇਦਾਰਾਂ ਅਤੇ ਸੱਜਣਾਂ ਮਿੱਤਰਾਂ ਨੂੰ ਭੇਜੇ ਗਏ, ਵਿਆਹ ਦੇ ਸੱਦਾ ਪੱਤਰ ਨੂੰ 'ਇਕਮਿਕਤਾ ਦਾ ਅਨੰਦ' ਦਾ ਨਾਂਅ ਦਿੱਤਾ ਗਿਆ। ਪ੍ਰੋਗਰਾਮ ਦੇ ਵਿਸਥਾਰ ਲਈ ਸੱਦਾ ਪੱਤਰ ਨੂੰ ਸੱਤ ਹਿੱਸਿਆਂ ਵਿੱਚ ਵੰਡਿਆ ਗਿਆ ਜਿਵੇਂ ਕਿ ਮਹਿਮਾਨਾਂ ਦੀ ਆਮਦ, ਸਾਝਾਂ ਪਾਉਣ ਦਾ ਵੇਲਾ, ਖੁਸ਼ਬੂਆਂ ਵੰਡਣ ਦਾ ਵੇਲਾ, ਮਹਿਮਾਨਾਂ ਦਾ ਸਨਮਾਨ, ਅਸ਼ੀਰਵਾਦ ਦੇ ਦੋ ਸ਼ਬਦ, ਦਿਲਾਂ ਦਾ ਆਦਾਨ-ਪ੍ਰਦਾਨ ਅਤੇ ਮਿਠਾਸ ਵੰਡਣ ਦੇ ਪਲ। ਰਵਾਇਤ ਤੋਂ ਹਟ ਕੇ ਪੰਜਾਬੀ ਤੇ ਅੰਗਰੇਜੀ ਭਾਸ਼ਾ ਵਿੱਚ ਇਕਮਿਕਤਾ ਦਾ ਆਨੰਦ ਨਾਂਅ ਦੀ ਇਕ ਪੁਸਤਕ ਵੀ ਸੱਦਾ ਪੱਤਰ ਦੇ ਨਾਲ ਭੇਜੀ ਗਈ। ਇਸ ਪੁਸਤਕ ਵਿੱਚ ਇਕ ਵਧੀਆ ਮਨੁੱਖ ਬਣਨ ਅਤੇ ਇਕ ਸਫਲ ਜਿੰਦਗੀ ਲਈ ਕੁੱਝ ਨੈਤਿਕਤਾ ਭਰਪੂਰ ਸਮਾਜੀ ਸੰਕਲਪਾਂ ਜਿਵੇਂ ਇਨਸਾਨੀਅਤ, ਪਿਆਰ, ਸਵੈ-ਵਿਸ਼ਵਾਸ, ਸਿਆਣਪ, ਮਿਹਨਤ, ਦ੍ਰਿੜ੍ਹਤਾ, ਆਪਸੀ ਵਿਸ਼ਵਾਸ, ਸਹਿਯੋਗ, ਸੰਜਮ, ਸਾਦਗੀ, ਸਫਲਤਾ, ਖੁਸ਼ੀ, ਆਸ, ਬਰਾਬਰੀ ਵੰਡਣਾ ਅਤੇ ਗੁੱਸਾ ਛੱਡਣਾ ਆਦਿ ਨੂੰ ਅਮਲੀ ਜਿੰਦਗੀ ਵਿੱਚ ਅਪਨਾਉਣ ਦੀ ਤਾਕੀਦ ਕੀਤੀ ਗਈ ਹੈ ਤਾਂ ਕਿ ਮਨੁੱਖੀ ਰਿਸ਼ਤਿਆਂ ਦੀ ਸਾਂਝ ਨੂੰ ਸਦੀਵੀ ਤੌਰ ਤੇ ਮਜ਼ਬੂਤ ਅਤੇ ਖੁਸ਼ਹਾਲ ਬਣਾਇਆ ਜਾ ਸਕੇ। ਇਸ ਤੋਂ ਇਲਾਵਾ ਇਹ ਤੱਥ ਵੀ ਬਾਰ ਬਾਰ ਸਮਝਾਉਣ ਦਾ ਯਤਨ ਕੀਤਾ ਗਿਆ ਹੈ ਕਿ ਇੱਕ ਵਧੀਆ ਤੇ ਸਥਾਈ ਰਿਸ਼ਤੇ ਲਈ ਆਪਣੇ ਜਜ਼ਬਾਤਾਂ ਦੇ ਨਾਲ ਨਾਲ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਧਿਆਨ ਰੱਖਣ ਦਾ ਹੁਨਰ ਸਿੱਖਣਾ ਚਾਹੀਦਾ ਹੈ।

ਰਿਸ਼ਤਿਆਂ ਵਿਚਲੇ ਨਿੱਘ ਨੂੰ ਦਰਸਾਉਂਦੇ ਹੋਏ ਵਿਆਹ ਵਾਲੇ ਦਿਨ ਬਾਰਾਤ ਦੀ ਆਮਦ ਮੌਕੇ ਸਾਰੇ ਮਹਿਮਾਨਾਂ ਨੂੰ ਗੁਲਾਬ ਦਾ ਇੱਕ ਇੱਕ ਫੁੱਲ ਦੇ ਕੇ ਜੀ ਆਇਆਂ ਨੂੰ ਆਖਿਆ ਗਿਆ। ਇਸ ਮੌਕੇ ਉੱਤੇ ਨਾ ਤਾਂ ਕੋਈ ਧਾਰਮਿਕ ਪਾਠ ਪੂਜਾ, ਅਰਦਾਸ ਹੋਈ ਅਤੇ ਨਾ ਹੀ ਮਿਲਣੀ ਤੇ ਰਿਬਨ ਕੱਟਣ ਦੀ ਰਸਮ ਕੀਤੀ ਗਈ। ਸੱਦਾ ਪੱਤਰ ਅਨੁਸਾਰ ਚਾਹ, ਨਾਸਤੇ ਤੋਂ ਬਾਅਦ ਸਾਂਝਾਂ ਪਾਉਣ ਅਤੇ ਖੁਸ਼ਬੂਆਂ ਵੰਡਣ ਲਈ ਇੱਕ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਵਿਆਹ ਵਿੱਚ ਸ਼ਾਮਿਲ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਤੋਂ ਬਾਅਦ ਲੜਕੇ ਤੇ ਲੜਕੀ ਦੇ ਰਿਸ਼ਤੇਦਾਰਾਂ ਨੂੰ ਸਟੇਜ ਉੱਤੇ ਬੁਲਾ ਕੇ ਉਨ੍ਹਾਂ ਦੀ ਜਾਣ ਪਹਿਚਾਣ ਅਤੇ ਸਨਮਾਨ ਕੀਤਾ ਗਿਆ ਜਿਸ ਵਿੱਚ ਕੰਬਲਾਂ ਅਤੇ ਸੋਨੇ ਦੀਆਂ ਅੰਗੂਠੀਆਂ ਦੀ ਬਜਾਏ ਦੋਹਾਂ ਧਿਰਾਂ ਵੱਲੋਂ ਇੱਕ ਦੂਜੇ ਨੂੰ ਸਿਰਫ ਗੁਲਾਬ ਦੇ ਫੁੱਲ ਭੇਂਟ ਕੀਤੇ ਗਏ।

ਦੋਹਾਂ ਧਿਰਾਂ ਦੀ ਵਿਗਿਆਨਕ ਸੋਚ ਹੋਣ ਕਰਕੇ ਇਸ ਵਿਆਹ ਦੀ ਸਭ ਤੋਂ ਵੱਡੀ ਸਾਰਥਿਕ ਵਿਲੱਖਣਤਾ ਇਹ ਸੀ ਕਿ ਧਾਰਮਿਕ ਰਸਮਾਂ ਦੀ ਬਜਾਏ ਲੜਕੇ ਤੇ ਲੜਕੀ ਵੱਲੋਂ ਸਟੇਜ ਉੱਤੇ ਇੱਕ ਦੂਜੇ ਨੂੰ ਫੁੱਲਾਂ ਦੇ ਹਾਰ ਪਾ ਕੇ ਅਤੇ ਅੰਗੂਠੀ ਪਹਿਨਾ ਕੇ ਵਿਆਹ ਦੀ ਰਸਮ ਨੂੰ ਪੂਰਾ ਕੀਤਾ ਗਿਆ। ਇਸ ਤੋਂ ਇਲਾਵਾ ਇਸ ਮੌਕੇ ਉੱਤੇ ਕਿਸੇ ਕਿਸਮ ਦੇ ਦਾਜ ਦਹੇਜ ਅਤੇ ਤੋਹਫਿਆਂ ਦਾ ਲੈਣ ਦੇਣ ਨਹੀਂ ਕੀਤਾ ਗਿਆ। ਇਸ ਨਿਵੇਕਲੇ ਵਿਆਹ ਦਾ ਇਕ ਹੋਰ ਲੋਕਪੱਖੀ ਪਹਿਲੂ ਇਹ ਵੀ ਸੀ ਕਿ ਇਸ ਮੌਕੇ ਮਹਿਮਾਨਾਂ ਨੂੰ ਨਾ ਤਾਂ ਕੋਈ ਸ਼ਰਾਬ ਪਰੋਸੀ ਗਈ ਅਤੇ ਨਾ ਹੀ ਕਿਸੇ ਤਰ੍ਹਾਂ ਦੇ ਲੱਚਰ ਨਾਚ ਗਾਣੇ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਬਲਕਿ ਇਸਦੇ

ਉਲਟ ਕਲਾਕਾਰਾਂ ਵੱਲੋਂ ਪੇਸ਼ ਕੀਤੀਆਂ ਗਈਆਂ ਛੋਟੀਆਂ ਛੋਟੀਆਂ ਹਾਸਰਸ ਸਕਿੱਟਾਂ ਰਾਹੀਂ ਆਏ ਹੋਏ ਮਹਿਮਾਨਾਂ ਨੂੰ ਇਸ ਮਿਸਾਲੀ ਵਿਆਹ ਤੋਂ ਵਿਗਿਆਨਕ ਪ੍ਰੇਰਨਾ ਲੈਣ ਦਾ ਸੁਨੇਹਾ ਦਿੱਤਾ ਗਿਆ।

ਇਸ ਤੋਂ ਇਲਾਵਾ ਇਕ ਹੋਰ ਅਹਿਮ ਪੱਖ ਇਹ ਵੀ ਵੇਖਣ ਨੂੰ ਮਿਲਿਆ ਕਿ ਪੁਰਾਤਨ ਰੂੜੀਵਾਦੀ ਠਾਠ ਬਾਠ ਨੂੰ ਬਿਲਕੁਲ ਪਾਸੇ ਰਖਦੇ ਹੋਏ ਡਾਕਟਰ ਲਾੜੇ ਦੀ ਨਾਂ ਤਾਂ ਕੋਈ ਸਿਹਰਾਬੰਦੀ ਕੀਤੀ ਗਈ ਅਤੇ ਨਾ ਹੀ ਉਸਨੂੰ ਘੋੜੀ ਉੱਤੇ ਬਿਠਾਇਆ ਗਿਆ। ਇਸ ਮੌਕੇ ਉੱਤੇ ਲੜਕੇ ਵਾਲਿਆਂ ਵੱਲੋਂ ਬੈਂਡ ਵਾਜਾ ਵਜਾ ਕੇ ਲਾੜ੍ਹੇ ਦਾ ਜਲੂਸ ਕੱਢਣ ਤੋਂ ਵੀ ਬਿਲਕੁਲ ਗੁਰੇਜ਼ ਕੀਤਾ ਗਿਆ। ਇਸੇ ਤਰ੍ਹਾਂ ਰੂੜ੍ਹੀਵਾਦੀ ਰਵਾਇਤਾਂ ਨੂੰ ਛੱਡਦੇ ਹੋਏ ਡਾਕਟਰ ਲਾੜੀ ਵੱਲੋਂ ਵੀ ਕੋਈ ਚੂੜਾ ਨਹੀਂ ਪਾਇਆ ਗਿਆ ਅਤੇ ਨਾ ਹੀ ਕਲ੍ਹੀਰੇ ਬੰਨੇ ਗਏ। ਇਸ ਮੌਕੇ ਲੜਕੀ ਨੇ ਸਾਦਗੀ ਦੇ ਸੁਹੱਪਣ ਨੂੰ ਬਰਕਰਾਰ ਰਖਦਿਆਂ ਬਨਾਵਟੀ ਸੁੰਦਰਤਾ ਲਈ ਕਿਸੇ ਬਿਊਟੀ ਪਾਰਲਰ ਜਾਣ ਦੀ ਵੀ ਕੋਈ ਲੋੜ ਨਹੀਂ ਸਮਝੀ। ਮਤਲਬ ਇਹ ਕਿ ਵਿਆਹ ਵਾਲਾ ਲੜਕਾ ਕਿਸੇ ਜੰਗ ਜਿੱਤਣ ਦੇ ਅੰਦਾਜ ਵਿੱਚ ਨਹੀਂ ਬਲਕਿ ਦੂਜੇ ਇਨਸਾਨ ਨੂੰ ਆਪਣਾ ਜੀਵਨ ਸਾਥੀ ਬਨਾਉਣ ਲਈ ਇਕ ਆਮ ਇਨਸਾਨ ਵਾਂਗ ਬੜੀ ਹਲੀਮੀ ਨਾਲ ਪਰਿਵਾਰ ਸਮੇਤ ਢੁੱਕਿਆ ਅਤੇ ਲੜਕੀ ਨੇ ਵੀ ਗਹਿਣਿਆਂ ਲੱਦੀ ਸ਼ਿੰਗਾਰੀ ਵਸਤੂ ਵਾਂਗ ਪੇਸ਼ ਹੋਣ ਦੀ ਬਜਾਏ ਸਾਦਗੀ, ਸਵੈ ਵਿਸ਼ਵਾਸ ਅਤੇ ਸਹਿਜਤਾ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਹਾਜਰ ਉੱਘੇ ਵਿਦਵਾਨਾਂ, ਬੁੱਧੀਜੀਵੀਆਂ ਅਤੇ ਦੋਹਾਂ ਧਿਰਾਂ ਦੇ ਰਿਸ਼ਤੇਦਾਰਾਂ ਵੱਲੋਂ ਸਟੇਜ ਤੋਂ ਲੜਕੇ ਲੜਕੀ ਅਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਲੋਕਪੱਖੀ ਸੱਭਿਆਚਾਰਕ ਤੇ ਸਮਾਜਿਕ ਤਬਦੀਲੀ ਲਈ ਵਿਖਾਈ ਗਈ ਦਲੇਰਾਨਾ ਪਹਿਲ ਕਦਮੀ ਅਤੇ ਤਰਕਸ਼ੀਲ ਸੋਚ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ।

ਸਪੱਸ਼ਟ ਹੈ ਕਿ ਅਜਿਹੇ ਸਫਲ ਰਿਸ਼ਤਿਆਂ ਦੀ ਸਾਂਝ ਜੋੜਣ ਪਿੱਛੇ ਕਿਸੇ ਅਖੌਤੀ ਧੁਰੋ ਲਿਖੇ ਸੰਜੋਗਾਂ ਜਾਂ ਕਿਸਮਤ ਦਾ ਕੋਈ ਹੱਥ ਨਹੀਂ ਹੁੰਦਾ ਬਲਕਿ ਅੰਧ-ਵਿਸ਼ਵਾਸਾਂ, ਹਉਮੈ, ਲਾਲਚ, ਸਵਾਰਥ ਜਾਂ ਡਰ ਤੋਂ ਉੱਪਰ ਉੱਠਕੇ ਦੋਹਾਂ ਧਿਰਾਂ ਵੱਲੋਂ ਵਿਗਿਆਨਕ ਸੋਚ, ਬਰਾਬਰੀ, ਆਪਸੀ ਵਿਸ਼ਵਾਸ, ਤਿਆਗ, ਸਹਿਯੋਗ, ਸਿਆਣਪ ਅਤੇ ਵਿਸ਼ੇਸ਼ ਕਰਕੇ ਵਿਚਾਰਾਂ ਤੇ ਮਕਸਦ ਦੀ ਸਾਂਝ ਦੇ ਆਧਾਰ ਉੱਤੇ ਉਸਾਰੇ ਜਾਂਦੇ ਰਿਸ਼ਤੇ ਹੀ ਸਦੀਵੀ, ਖੁਸ਼ਹਾਲ ਅਤੇ ਮਜ਼ਬੂਤ ਬਣਦੇ ਹਨ ਜਿੰਨ੍ਹਾਂ ਵਿੱਚੋਂ ਇਕਮਿਕਤਾ ਦਾ ਆਨੰਦ ਮਾਣਿਆ ਜਾ ਸਕਦਾ ਹੈ।

ਇਸ ਤਰ੍ਹਾਂ ਇਹ ਵਿਆਹ ਬਿਨਾਂ ਕਿਸੇ ਲੋਕ ਦਿਖਾਵੇ ਅਤੇ ਲੋਕੀ ਕੀ ਕਹਿਣਗੇ? ਦੀ ਪ੍ਰਵਾਹ ਕੀਤੇ ਬਗੈਰ ਸਮੁੱਚੇ ਸਮਾਜ ਨੂੰ ਵਿਗਿਆਨਕ ਸੋਚ ਅਪਨਾਉਣ ਅਤੇ ਲੋਕਪੱਖੀ ਸੱਭਿਆਚਾਰਕ ਤਬਦੀਲੀ ਲਿਆਉਣ ਦਾ ਸੁਨੇਹਾ ਦੇਣ ਵਿੱਚ ਸਫਲ ਰਿਹਾ।

97792-30173

ਇਕਾਈਆਂ ਲਈ ਸਹਾਇਤਾ

ਇਕਾਈ ਬਠਿੰਡਾ ਲਈ

ਦਰਸ਼ਨ ਸਿੰਘ, ਪੀ.ਟੀ.ਆਈ.,ਪਰਸ ਰਾਮ ਨਗਰ, ਬਠਿੰਡਾ	1000
ਬਿਕਰਮਜੀਤ, ਇਕਾਈ ਬਠਿੰਡਾ ਆਪਣੀ ਬੇਟੀ ਦੀ ਸ਼ਾਦੀ 'ਤੇ	1000
ਜਵਾਹਰ ਲਾਲ, ਅਜੀਤ ਰੋਡ, ਬਠਿੰਡਾ	500

ਇਕਾਈ ਅੰਮ੍ਰਿਤਸਰ:

ਮੇਜਰ ਸਿੰਘ, ਆਗੂ ਇਕਾਈ ਅੰਮ੍ਰਿਤਸਰ ਵੱਲੋਂ ਆਪਣੇ ਬੇਟੇ ਦੀ ਸ਼ਾਦੀ 'ਤੇ	500

ਇਕਾਈ ਭੀਖੀ :

ਹਰਮੇਸ਼ ਸਿੰਘ ਮੱਤੀ, ਇਕਾਈ ਭੀਖੀ	2100

ਇਕਾਈ ਭਦੌੜ

ਕੁਲਦੀਪ ਸਿੰਘ ਸੈਕਟਰੀ, ਬੁਰਜ ਆਪਣੇ ਬੇਟੇ ਦੀ ਸ਼ਾਦੀ 'ਤੇ	500
ਅਮਰਜੀਤ ਸਿੰਘ ਨਵਾਂ ਲੰਗੇਆਣਾ, ਆਪਣੀ ਬੇਟੀ ਦੀ ਸ਼ਾਦੀ 'ਤੇ	1100

ਇਕਾਈ ਸੰਗਰੂਰ :

ਮਨਧੀਰ ਸਿੰਘ ਸੰਗਰੂਰ (ਬੇਟੀ ਡਾਕਟਰ ਪ੍ਰਭਜੋਤ ਦੇ ਸਰਕਾਰੀ ਡਾਕਟਰ ਬਨਣ ਦੀ ਖੁਸ਼ੀ ਵਿੱਚ)	1500

ਜੋਨ ਲਈ ਸਹਾਇਤਾ

ਮਾਨਸਾ ਜੋਨ

ਹਰਮੇਸ਼ ਸਿੰਘ ਮੱਤੀ, ਇਕਾਈ ਭੀਖੀ	1100
ਰਾਜੀਵ ਟੋਲੀ ਆਪਣੀ ਦਾਦੀ ਦੇ ਸ਼ੋਕ ਸਮਾਗਮ 'ਤੇ	500
ਮਾਨਸਿਕ ਸਿਹਤ ਚੇਤਨਾ ਕੇਂਦਰ ਬਿਕਰਮਜੀਤ, ਇਕਾਈ ਬਠਿੰਡਾ ਆਪਣੀ ਬੇਟੀ ਦੀ ਸ਼ਾਦੀ 'ਤੇ	1000

ਰਸਮਾਂ ਨੂੰ ਤਿਲਾਂਜਲੀ

ਰਾਮ ਸਵਰਨ ਲੱਖੇਵਾਲੀ



ਤਰਕਸ਼ੀਲ ਲਹਿਰ ਦੇ ਆਗਮਨ ਤੋਂ ਲੈ ਕੇ ਹੁਣ ਤੱਕ ਅੰਧਵਿਸ਼ਵਾਸਾਂ ਤੇ ਅਗਿਆਨਤਾ ਖਿਲਾਫ਼ ਚਲਦੇ ਸੰਘਰਸ਼ 'ਚ ਤਰਕਸ਼ੀਲ ਕਾਮਿਆਂ ਨੂੰ ਅਨੇਕਾਂ ਮੁਸ਼ਕਲਾਂ ਨਾਲ ਦੋ ਚਾਰ ਹੋਣਾ ਪਿਆ ਹੈ। ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੇ ਬੇਵਕਤ ਵਿਛੋੜੇ ਤੋਂ ਲੈ ਕੇ ਅੱਜ ਤੱਕ ਸਿਦਕਵਾਨ ਤਰਕਸ਼ੀਲ ਕਾਰਕੁਨਾਂ ਨੇ ਆਪਣੀ ਸੋਚ ਤੇ ਪਹਿਰਾ ਦਿੰਦਿਆਂ ਅਧਿਆਤਮਵਾਦੀ ਫ਼ਲਸਫ਼ੇ ਨੂੰ ਨਕਾਰ ਕੇ ਨਵੀਆਂ ਪਿਰਤਾਂ ਪਾਉਣ ਲਈ ਰਾਹ ਤਿਆਰ ਕੀਤਾ ਹੈ। ਲਹਿਰ ਦੇ ਨਾਇਕ ਕ੍ਰਿਸ਼ਨ ਬਰਗਾੜੀ ਨੂੰ ਮੌਤ ਉਪਰੰਤ ਆਪਣਾ ਸਰੀਰ ਮੈਡੀਕਲ ਖ਼ੋਜ ਕਾਰਜਾਂ ਲਈ ਭੇਟ ਕਰਨ ਹਿਤ ਉੱਤਰੀ ਭਾਰਤ ਦਾ ਪਹਿਲਾ ਸਰੀਰਦਾਨੀ ਬਣਨ ਦਾ ਫਖ਼ਰ ਹਾਸਲ ਹੋਇਆ। ਵਿਚਾਰਾਂ ਦੀ ਪਰਪੱਕਤਾ ਤੇ ਲਹਿਰ ਪ੍ਰਤੀ ਸੁਹਿਰਦਤਾ ਦੇ ਚਲਦਿਆਂ ਤਰਕਸ਼ੀਲਾਂ ਨੇ ਔਖੀਆਂ ਹਾਲਤਾਂ ਵਿੱਚ ਵੀ ਪਿਰਤਾਂ ਪਾਉਣੀਆਂ ਜਾਰੀ ਰੱਖੀਆਂ।

ਮੌਤ ਜ਼ਿੰਦਗੀ ਦਾ ਅੰਤ ਹੈ। ਇਸ ਨਾਲ ਅਨੇਕਾਂ ਅੰਧਵਿਸ਼ਵਾਸ ਜੁੜੇ ਹੋਏ ਹਨ। ਧਰਮ ਦੇ ਪ੍ਰਭਾਵ ਤੇ ਅਗਿਆਨਤਾ ਵੱਸ ਵਿਗਿਆਨਕ ਯੁੱਗ ਵਿੱਚ ਵੀ ਅਜਿਹੀਆਂ ਧਾਰਨਾਵਾਂ ਪ੍ਰਚਲਿਤ ਹਨ, ਜਿਹੜੀਆਂ ਸਮੇਂ ਦੇ ਹਾਣ ਦੀਆਂ ਨਹੀਂ ਪ੍ਰੰਤੂ ਉਨ੍ਹਾਂ ਨੂੰ ਤੋੜਨ ਤੇ ਨਵੀਆਂ ਲੀਹਾਂ ਪਾਉਣ ਦਾ ਮਾਣ ਤਰਕਸ਼ੀਲਾਂ ਨੂੰ ਹੀ ਹਾਸਲ ਹੋਇਆ ਹੈ। ਇਹ ਅਕਸਰ ਹੀ ਵੇਖਣ ਨੂੰ ਮਿਲਦਾ ਹੈ ਕਿ ਕਿਸੇ ਵਿਅਕਤੀ ਦੀ ਮੌਤ ਉਪਰੰਤ ਆਪੋ ਆਪਣੀ ਆਸਥਾ ਅਨੁਸਾਰ ਲੋਕੀਂ ਧਾਰਮਕ ਰਹੁ ਰੀਤਾਂ ਨਾਲ ਵਿਛੜ ਗਏ ਸਨੇਹੀ ਨੂੰ ਅਲਵਿਦਾ ਆਖਦੇ ਹਨ। ਵਿਗਿਆਨਕ ਦ੍ਰਿਸ਼ਟੀਕੋਣ ਦੇ ਪ੍ਰਚਾਰ ਪਸਾਰ ਨੂੰ ਪਹਿਲ ਦਿੰਦਿਆਂ ਤਰਕਸ਼ੀਲਾਂ ਨੇ ਆਪਣੇ ਘਰ-ਪਰਿਵਾਰਾਂ 'ਚ ਅਜਿਹੀਆਂ ਧਾਰਨਾਵਾਂ ਦੀ ਥਾਂ ਨਵੀਆਂ ਪਿਰਤਾਂ ਪਾਉਣ ਨੂੰ ਤਰਜੀਹ ਦਿੱਤੀ ਹੈ। ਮੌਤ ਦਾ ਗ਼ਮ ਅਤਿਅੰਤ ਦੁਖਦਾਈ ਹੁੰਦਾ ਹੈ। ਅਜਿਹੇ ਮੌਕਿਆਂ ਤੇ ਵੀ ਸਿਦਕਵਾਨ ਕਾਮਿਆਂ ਨੇ ਆਪਣੀ ਵਿਚਾਰਧਾਰਾ ਨੂੰ ਪਹਿਲ ਪ੍ਰਿਥਮੇਂ ਰੱਖਿਆ ਹੈ ਤੇ ਉਹ ਵੀ ਉਨ੍ਹਾਂ ਖ਼ੇਤਰਾਂ 'ਚ ਜਿੱਥੇ ਧਰਮ ਤੇ ਆਸਥਾ ਦਾ ਬੋਲਬਾਲਾ ਆਮ ਨਾਲੋਂ ਵੱਧ ਵੇਖਣ ਨੂੰ ਮਿਲਦਾ ਹੈ। ਗੁਰਦਾਸਪੁਰ ਜਿਲ੍ਹੇ ਦੇ ਪਿੰਡ ਧਾਰੀਵਾਲ ਭੋਜਾਂ ਦਾ ਮਰਹੂਮ ਤਰਕਸ਼ੀਲ ਆਗੂ ਸ਼ਵਿੰਦਰ ਸਿੰਘ 22 ਦਸੰਬਰ, 2011 ਨੂੰ ਸੜਕ ਹਾਦਸੇ ਦੌਰਾਨ ਸਦੀਵੀ ਵਿਛੋੜਾ ਦੇ ਗਿਆ। ਉਹ ਲਹਿਰ ਦਾ ਕੁੱਲਵਕਤੀ ਕਾਮਾ ਸੀ ਤੇ ਆਪਣੇ ਕਰਮ ਨਾਲ ਲੋਕਾਈ ਨੂੰ ਅੰਧਵਿਸ਼ਵਾਸਾਂ ਦੇ ਚੁੰਗਲ 'ਚੋਂ ਕੱਢ ਕੇ ਵਿਗਿਆਨ ਦੇ ਚਾਨਣ 'ਚ ਲਿਜਾਣ ਲਈ ਦਿਨ ਰਾਤ ਯਤਨਸ਼ੀਲ ਰਹਿੰਦਾ ਸੀ। ਉਸ ਦੇ ਜਾਣ ਦੇ ਗ਼ਮ ਦਾ ਕੌੜਾ ਘੁੱਟ ਭਰਦਿਆਂ ਤਰਕਸ਼ੀਲਾਂ ਨੇ ਆਪਣੀ ਵਿਚਾਰਧਾਰਾ ਨੂੰ ਪਹਿਲ ਦਿੰਦਿਆਂ ਅੰਤਮ ਸੰਸਕਾਰ ਤੋਂ ਲੈ ਕੇ ਵਿਦਾਇਗੀ ਸਮਾਗਮ ਤੱਕ ਧਾਰਮਕ ਰਸਮਾਂ ਨੂੰ ਨੇੜੇ ਨਹੀਂ ਫਟਕਣ ਦਿੱਤਾ। ਰਿਸ਼ਤੇਦਾਰ ਤੇ ਹੋਰ ਸਲਾਹਕਾਰ ਆਪਣੀ ਧਾਰਮਕ ਆਸਥਾ ਅਨੁਸਾਰ ਪਰਿਵਾਰ ਨੂੰ ਆਪਣੇ ਸੁਝਾਅ ਜਰੂਰ ਦਿੰਦੇ ਰਹੇ ਪਰ ਤਰਕਸ਼ੀਲ ਆਗੂ ਸ਼ਵਿੰਦਰ ਸਿੰਘ ਦੀ ਜੀਵਨ ਸਾਥਣ ਰਣਜੀਤ ਕੌਰ ਨੇ ਆਪਣੇ ਪਤੀ ਤੇ ਬੱਚਿਆਂ ਨੇ ਆਪਣੇ ਪਿਤਾ ਦੀ ਵਿਚਾਰਧਾਰਾ ਨੂੰ ਮਾਣ ਸਨਮਾਨ ਦਿੰਦਿਆਂ ਹਰ ਕਿਸਮ ਦੀਆਂ ਧਾਰਮਿਕ ਰਸਮਾਂ ਨੂੰ ਤਿਲਾਂਜਲੀ ਦਿੱਤੀ। ਸਗੋਂ ਸਾਲ ਬੀਤਣ ਉਪਰੰਤ ਉਨ੍ਹਾਂ ਦੀ ਪਹਿਲੀ ਬਰਸੀ ਵੀ ਲੋਕਾਈ ਨੂੰ ਚੇਤੰਨ ਕਰਨ ਲਈ ਇੱਕ ਨਾਟਕ ਮੇਲੇ ਦੇ ਰੂਪ 'ਚ ਮਨਾ ਕੇ ਪਿਰਤ ਨੂੰ ਕਾਇਮ ਰੱਖਿਆ।

ਇਸੇ ਪਿੰਡ ਦੇ ਨੌਜਵਾਨ ਤੇ ਹੋਣਹਾਰ ਤਰਕਸ਼ੀਲ ਆਗੂ ਸੰਦੀਪ ਸਿੰਘ ਦੀ ਬਜ਼ੁਰਗ ਦਾਦੀ ਜੀ ਦੇ ਸਦੀਵੀ ਵਿਛੋੜੇ ਤੇ ਵੀ ਤਰਕਸ਼ੀਲ ਪਿਰਤ ਕਾਇਮ ਰਹੀ, ਜਿਸ ਤੇ ਸਾਰੇ ਪਰਿਵਾਰ ਨੇ ਰਲ ਕੇ ਸਿਦਕਦਿਲੀ ਨਾਲ ਪਹਿਰਾ ਦਿੱਤਾ। ਸਮਾਜ ਨੂੰ ਜਾਗਰੂਕ ਕਰਨ ਤੇ ਲੋਕ ਮਨਾਂ 'ਚੋਂ ਅਗਿਆਨਤਾ ਦਾ ਹਨੇਰਾ ਦੂਰ ਕਰਨ ਲਈ ਪਿੰਡ ਧਾਰੀਵਾਲ ਭੋਜਾਂ ਇੱਕ ਪ੍ਰੇਰਨਾ ਸ੍ਰੋਤ ਹੈ, ਜਿਸ ਤੋਂ ਸਾਰਿਆਂ ਨੂੰ ਸਬਕ ਲੈਣਾ ਬਣਦਾ ਹੈ। ਇਹ ਸਬਕ 'ਸੁਖ ਵੇਲੇ ਸੰਜਮ, ਦੁੱਖ ਵੇਲੇ ਹੌਸਲਾ ਤੇ ਹਰ ਵੇਲੇ ਅਧਿਐਨ' ਦੀ ਧਾਰਨਾ ਨੂੰ ਪ੍ਰਣਾਇਆ ਹੋਇਆ ਹੈ। ਇਸ ਉੱਦਮ ਨੂੰ ਸਲਾਮ ਕਰਨੀ ਬਣਦੀ ਹੈ।

ਜ਼ਿੰਦਗੀ ਜੀਣ-ਥੀਣ ਦਾ ਸੰਘਰਸ਼ ਤਾਂ ਹੈ ਹੀ ਤੇ ਨਾਲ ਹੀ ਇਹ ਅੱਗੇ ਵਧਦਿਆਂ ਸਮਾਜ ਦੇ ਸੁਖਾਵੇਂ ਰੁਖ ਲਈ ਪਿਰਤਾਂ ਪਾਉਣ ਦੀ ਲਖਾਇਕ ਵੀ ਹੈ। ਇਸ ਦਾ ਮਾਣ ਤਰਕਸ਼ੀਲਾਂ ਨੂੰ ਹਾਸਲ ਹੈ। ਜਿਸ ਨੂੰ ਜਨਮਾਂ-ਕਰਮਾਂ ਦੇ ਲਾਰੇ ਲਾਉਣ ਵਾਲੇ ਅਖੌਤੀ ਧਰਮ ਗੁਰੂਆਂ ਨੂੰ ਵੀ ਅਪਨਾਉਣ ਲਈ ਮਜਬੂਰ ਹੋਣਾ ਪਿਆ ਹੈ।

ਮੁਖੀ, ਮੀਡੀਆ ਵਿਭਾਗ, ਪੰਜਾਬ (94173-62085)


ਪਿਛਲੇ ਅੰਕ ਤੋਂ ਅੱਗੇ

ਲੜੀਵਾਰ ਪੁਸਤਕ

ਭੱਜੋ ਨਾ, ਦੁਨੀਆਂ ਨੂੰ ਬਦਲੋ

2. ਦੁਨੀਆਂ ਕਿਉਂ ਬਦਤਰ ਹੈ?

ਰਾਹੁਲ ਸਾਂਕ੍ਰਿਤਆਇਨ



ਦੁਖਰਾਮ : ਸੰਤੋਖੀ ਭਰਾ, ਕਲ ਰਾਤ ਤਾਂ ਬਹੁਤ ਦੇਰ ਹੋ ਗਈ ਸੀ, ਪਰ ਭਰਾ ਨੇ ਗੱਲ ਖੂਬ ਸੁਣਾਈ।

ਸੰਤੋਖੀ: ਸਾਨੂੰ ਦੁਖ ਭਰਾ! ਦੁਨੀਆਂ ਜਹਾਨ ਦਾ ਕੀ ਪਤਾ ਐ। ਅਸੀਂ ਤਾਂ ਗੰਦੀ ਨਾਲੀ ਦੇ ਕੀੜੇ ਆਂ, ਸਾਡੀ ਦੁਨੀਆਂ ਬਸ ਇੰਨੀ ਵੱਡੀ ਐ। ਪਰ ਭਰਾ ਰਾਜਬਲੀ ਕਿੰਨ੍ਹਾਂ ਸਮਝਾ ਸਮਝਾ ਦੇ ਦੱਸਦੇ ਐ।

ਦੁਖਰਾਮ : ਪਰ ਸੁਣਿਆ ਭਰਾ ਨੇ ਕੀ ਕਿਹਾ ਸੀ?

ਸੰਤੋਖੀ: ਹਾਂ, ਕਿ ਦੁਨੀਆਂ ਬਦਤਰ ਬਣਾਉਣ ਨਾਲ ਬਣੀ ਐ। ਚੰਗਾ ਹੁਣ ਸਾਵਧਾਨ ਹੋ ਜਾਓ ਭਰਾ ਆ ਗਏ।

ਭਰਾ: ਕਹੋ, ਦੁਖ ਭਰਾ! ਰਾਤ ਨੂੰ ਸੌਣ ਦਾ ਵੇਲਾ ਘਟ ਈ ਮਿਲਿਆ ਹੋਊ।

ਦੁਖਰਾਮ : ਵੇਲਾ ਈ ਘਟ ਮਿਲਿਆ ਸੀ ਭਰਾ। ਫੇਰ ਵੀ ਦੋ ਘੜੀ ਦਿਨ ਚੜ੍ਹਣ ਤਕ ਹਲ ਵਾਹੁੰਦੇ ਰਹੇ, ਹਲ ਛੱਡ ਕੇ ਇਕ ਘੰਟਾ ਸੌਂ ਗਏ। ਤੇਰੀਆਂ ਗੱਲਾਂ ਸੁਨਣ ਨੂੰ ਬਹੁਤ ਮਨ ਕਰਦਾ, ਭਰਾ।

ਭਰਾ: ਮੈਂ ਕਿੱਸੇ-ਕਹਾਣੀਆਂ ਨਹੀਂ ਸੁਣਾਉਂਦਾ, ਦੁਖ ਭਰਾ। ਦੁਨੀਆਂ ਬਦਤਰ ਐ, ਇਹ ਤਾਂ ਬਹੁਤ ਦਿਨਾਂ ਤੋਂ ਸੁਣਦੇ ਆਏ ਆਂ, ਪਰ ਹੁਣ ਜਾਨਣਾ ਐ ਕਿ ਇਹ ਦੁਨੀਆਂ ਬਦਤਰ ਕਿਵੇਂ ਬਣੀ? ਇਸਦੇ ਬਾਦ ਆਪਾਂ ਨੂੰ ਇਹ ਜਾਨਣਾ ਪਏਗਾ ਕਿ ਦੁਨੀਆਂ ਚੰਗੀ ਕਿਵੇਂ ਬਣਾਈ ਜਾ ਸਕਦੀ ਐ?

ਸੰਤੋਖੀ: ਹਾਂ ਭਰਾ! ਅਸੀਂ ਉਹੀ ਸੁਨਣਾ ਚਾਹੁੰਦੇ ਆਂ, ਤੇ ਇਹ ਗੱਲ ਸਾਡੇ ਕੰਮ ਦੀ ਐ, ਪਰ ਜੋ ਕਰ ਸਕੇ ਕਰਾਂਗੇ। ਸੁਣਿਐ।

ਭਰਾ: ਬਸ ਇਹੀ ਗੱਲ ਐ ਸੰਤੋਖੀ ਭਰਾ। ਲੱਖਾਂ ਹੱਥ ਲੱਗ ਜਾਣਗੇ ਤਾਂ ਵਿਗੜੀ ਦੁਨੀਆਂ ਵਧੀਆ ਬਣ ਜਾਏਗੀ। ਪਰ ਪਹਿਲਾਂ ਤਾਂ ਇਹ ਦੇਖਣਾ ਕਿ ਦੁਨੀਆਂ ਨਰਕ ਕਿਵੇਂ ਬਣੀ। ਘਾਘ ਦੀ ਕਵਿਤਾ ਸੁਣੀ ਐ ਨਾ।

ਕਣਕ ਦੀ ਰੋਟੀ ਚੌਲਾਂ ਦਾ ਭਾਤ
ਗਲ-ਗਲ ਨੇਬੂ ਘਿਓ ਤਾਤ
ਤਿਰਛੀ ਨਜ਼ਰ ਪਰੋਸੇ ਬੀਵੀ
ਇਹ ਸੁਖ ਜੇਡ ਨਾ ਕੋਏ

ਦੁਖਰਾਮ : ਹਾਂ ਭਰਾ! ਕਣਕ ਦੀ ਰੋਟੀ, ਚੰਗੇ ਚੌਲਾਂ ਦਾ ਭਾਤ, ਗਰਮ ਘਿਓ ਖੁਸ਼ੀ ਨਾਲ ਆਪਦੀ ਔਰਤ ਖਵਾਏ, ਇਸ ਤੋ. ਵੱਡਾ ਕੋਈ ਸੁਖ ਨਹੀਂ।

ਭਰਾ: ਤਾਂ ਦੁਨੀਆਂ ਨੂੰ ਵਧੀਆ ਬਣਾਉਣ ਲਈ ਕਿਹੜੀ ਚੀਜ਼ ਦੀ ਲੋੜ ਐ। ਢਿੱਡ ਭਰ ਕੇ ਖਾਣ ਨੂੰ ਮਿਲੇ ਚੰਗਾ ਅੰਨ, ਲਾਜ ਢੱਕਣ ਲਈ, ਸਰਦੀ ਗਰਮੀ ਤੋਂ ਬਚਣ ਲਈ ਕੱਪੜਾ ਮਿਲੇ, ਪਤਨੀ ਦੇ ਮੂੰਹ ਤੇ ਚਿੰਤਾ ਤੇ ਫਿਕਰ ਦੀ ਛਾਂ ਨਾ ਪਏ। ਇੰਨ੍ਹਾਂ ਹੋ ਜਾਣ ਤੇ ਦੁਨੀਆਂ ਬਦਤਰ ਨਹੀਂ ਰਹਿੰਦੀ।

ਦੁਖਰਾਮ : ਚਿੰਤਾ ਨਾ ਰਹੇ, ਘਰ ਵਾਲਿਆਂ ਨੂੰ ਸੁੰਦਰ ਕੱਪੜਾ ਮਿਲੇ, ਫੇਰ ਹੋਰ ਕੀ ਚਾਹੀਦੈ ਭਰਾ?

ਭਰਾ: ਦੁਖ ਭਰਾ, ਸਾਡੇ ਪਿੰਡ ਦੇ ਕੋਲ ਇਹ ਛੱਪੜੀ ਐ ਨਾ?

ਦੁਖਰਾਮ: ਹਾਂ ਭਰਾ। ਮਾਘ-ਫੱਗਣ ਵਿੱਚ ਪਾਣੀ ਸੁੱਕ ਜਾਂਦੈ, ਤਾਂ ਪਿੰਡ ਲਈ ਜੰਗਲ ਪਾਣੀ ਜਾਣ ਦੀ ਥਾਂ ਬਣ ਜਾਂਦੀ ਐ, ਪਿੰਡ ਦੇ ਸਾਰੇ ਭੈੜੇ ਆਦਮੀ ਹੱਡੀਆਂ ਤੇ ਸਭ ਗੰਦੀਆਂ ਮੰਦੀਆਂ ਚੀਜ਼ਾਂ ਇਸੇ ਵਿੱਚ ਸੁੱਟੀ ਜਾਂਦੇ ਨੇ, ਮੀਂਹ ਜਦੋਂ ਪੂਰਾ ਨਹੀਂ ਪੈਂਦਾ ਤਾਂ ਸਾਰੇ ਬੂ-ਬੂ ਕਰਦੇ ਫਿਰਦੇ।

ਭਰਾ: ਅਜੇ ਅਸੀਂ ਬੂ-ਬੂ ਦੀ ਗੱਲ ਨਹੀਂ ਕਰਦੇ, ਇਹ ਛੱਪੜੀ ਬਣਦੀ ਕਿਉਂ ਐ?

ਦੂਖਰਾਮ: ਅਸੀਂ ਘਰ ਬਣਾਉਣ ਲਈ ਮਿੱਟੀ ਜੋ ਪੱਟਦੇ ਆਂ।

ਭਰਾ: ਤੇ ਇਹ ਜੋ ਆਸੇ-ਪਾਸੇ ਉੱਚੇ-ਉੱਚੇ ਘਰ ਖੜੇ ਐ। ਇਸ ਲਈ ਇਹ ਜਮੀਨ ਛੱਪੜੀ ਬਣ ਗਈ? ਇਸੇ ਤਰ੍ਹਾਂ ਤੁਹਾਨੂੰ ਜਦੋਂ ਖਾਣਾ ਨਹੀਂ ਮਿਲਦਾ, ਨੰਗਿਆਂ ਰਹਿਣਾ ਪੈਂਦੇ, ਉਹ ਕਿਉਂ? ਤੁਸੀਂ ਜਿੰਨੀਂ ਕਣਕ ਆਪਣੇ ਖੇਤਾਂ ਚੋਂ ਪੈਦਾ ਕਰਦੇ ਹੋ, ਜੇ ਸਾਰੀ ਤੁਹਾਡੇ

ਕੋਲ ਰਹਿ ਜਾਏ ਤਾਂ ਕਣਕ ਦੀ ਰੋਟੀ ਮਿਲੇਗੀ ਕਿ ਨਹੀਂ?

ਦੁਖਰਾਮ: ਮਿਲੇਗੀ। ਅਸੀਂ ਇਕ ਸਾਲ ਦੀ ਕਮਾਈ ਦੇ ਸਾਲ ਖਾਵਾਂਗੇ। ਪਰ ਸਾਡੇ ਕੋਲ ਕਣਕ ਰਹਿੰਦੀ ਕਦੋਂ ਐ? ਪਿੜਾਂ ਵਿੱਚ ਐਨੇ ਵੱਡੇ ਕਣਕ ਦੇ ਢੇਰ ਦੇਖਦੇ ਆਂ, ਪਰ ਵਿਸਾਖ ਬੀਤਦੇ ਬੀਤਦੇ ਘਰ ਵਿੱਚ ਚੂਹੇ ਡੰਡ ਬੈਠਕਾਂ ਕੱਢਣ ਲੱਗਦੇ ਐ, ਨਾ ਜਾਣੇ ਕਿਥੇ। ਉਹ ਢੇਰ ਅਲੋਪ ਹੋ ਜਾਂਦੇ ਐ?

ਭਰਾ: ਕਿੱਥੇ ਅਲੋਪ ਹੋ ਜਾਂਦੇ ਐ, ਕੀ ਤੁਸੀਂ ਜਾਣਦੇ ਨਹੀਂ? ਜੇ ਸਾਰੀ ਫਸਲ ਤੁਹਾਡੇ ਕੋਲ ਰਹੇ, ਤਾਂ ਕੁਝ ਕਣਕ ਨੂੰ ਗਵਾਲੇ ਨੂੰ ਦੇ ਕੇ ਤੁਸੀਂ ਘਿਓ ਵੀ ਲੈ ਸਕਦੇ ਹੋ, ਕੁਝ ਨਾਲ ਆਪਣੇ ਲਈ ਕੱਪੜਾ ਵੀ ਖਰੀਦ ਸਕਦੇ ਹੋ। ਪਰ ਅੱਧੇਓਂ ਜਿਆਦਾ ਵੇਚ ਕੇ ਤੁਸੀਂ ਤਾਂ ਲਗਾਨ ਵੀ ਨਹੀਂ ਦੇ ਸਕਦੇ, ਫੇਰ ਜਮੀਂਦਾਰ ਦੀ ਹਰ ਹਕੂਮਤ, ਚੁੱਲਾ ਟੈਕਸ, ਚੌਕੀਦਾਰਾ, ਪਟਵਾਰੀ-ਮੁੰਸੀ ਨੂੰ ਰਿਸ਼ਵਤ, ਥਾਣੇਦਾਰ ਨੂੰ ਮਾਲ-ਮਲੀਦਾ, ਕਚਿਹਰੀ ਦੇ ਵਕੀਲ-ਮੁੰਸੀ ਨੂੰ ਮੂੰਹ ਸੁੰਘਾਈ ਤੇ ਸੈਂਕੜੇ ਤਰ੍ਹਾਂ ਦੇ ਦੂਜੇ ਖਰਚੇ ਕੀਤੇ ਬਿਨਾ ਤੁਹਾਡੀ ਜਾਨ ਨਹੀਂ ਬਚਦੀ।

ਦੁਖਰਾਮ: ਤੇ ਅੱਜਕੱਲ ਤਾਂ ਹੋਰ ਪੰਜਾਹ ਤਰ੍ਹਾਂ ਦੇ ਡੰਡ ਲੱਗੇ ਹੋਏ ਨੇ। ਸਰਕਾਰ ਨੂੰ ਚੰਦਾ ਦੇਵੋ, ਨਹੀਂ ਤਾਂ ਤਹਿਸੀਲਦਾਰ ਸਾਹਬ ਅੱਖਾਂ ਕੱਢਣ ਲੱਗਦੇ ਐ, ਥਾਣੇਦਾਰ ਇਕ ਸੌ ਦਸ ਵਿੱਚ ਚਲਾਨ ਕਰਨ ਦੀ ਧਮਕੀ ਦੇਵਾਂਗਾ। ਕੋਈ ਇੱਕ ਆਫਤ ਐ ਸਾਡੇ ਸਿਰ ਤੇ।

ਭਰਾ: ਤੇ ਤੁਹਾਡੇ ਸਾਹਮਣੇ ਪਰੋਸੀ ਥਾਲੀ ਖਿੱਚ ਲਈ ਜਾਂਦੀ ਐ ਨਾ?

ਦੁਖਰਾਮ: ਹਾਂ ਭਰਾ! ਇਹੀ ਕਹਿਣਾ ਚਾਹੀਦੈ। ਪਰੋਸੀ ਥਾਲੀ ਤਾਂ ਖਿੱਚ ਈ ਲਈ ਜਾਂਦੀ ਐ।

ਭਰਾ: ਦੁਨੀਆਂ ਵਿੱਚ ਜਿੰਨਾ ਧਨ ਐ, ਉਸਨੂੰ ਪੈਦਾ ਕਰਦੇ ਨੇ ਕਾਮੇ ਲੋਕ। ਕਿਸਾਨ ਨਾ ਹੋਵੇ ਤਾਂ ਮਿੱਟੀ ਦਾ ਸੋਨਾ ਕੌਣ ਬਣਾਏ?

ਦੁਖਰਾਮ: ਹਾਂ, ਕਣਕ ਸੋਨੇ ਤੋਂ ਵੀ ਵਧਕੇ ਐ। ਅਨਾਜ ਨਾ ਰਹੇ ਤਾਂ ਸੋਨਾ ਖਾ ਕੇ ਕੋਈ ਨੀਂ ਜੀ ਸਕਦਾ, ਨਾ ਸੋਨਾ ਪਹਿਨ ਕੇ ਠੰਢ ਕੱਟੀ ਜਾਂਦੀ ਐ।

ਭਰਾ: ਮਜਦੂਰ ਨਾ ਰਹੇ ਤਾਂ ਚਰਖੇ ਤੇ ਸੂਤ ਕੌਣ ਕੱਤੂਗਾ? ਖੱਡੀ ਕੌਣ ਚਲਾਏਗਾ? ਕਿਸਾਨ ਕਪਾਹ ਪੈਦਾ ਕਰਦੈ, ਉਸਦਾ ਮਜਦੂਰ ਭਰਾ ਈ ਕਪੜਾ ਤਿਆਰ ਕਰਦਾ। ਪਰ ਦੋਹਾਂ ਨੂੰ ਤਨ ਢੱਕਣ ਲਈ ਕੱਪੜਾ ਵੀ ਨਹੀਂ ਮਿਲਦਾ।

ਦੁਖਰਾਮ: ਵੀਹ ਰੁਪਏ ਜੋੜਾ ਧੋਤੀ ਕੌਣ ਖਰੀਦੇਗਾ ਭਰਾ?

ਭਰਾ: ਵੀਹ ਰੁਪਏ ਨਹੀਂ, ਕੁਝ ਈ ਦਿਨ ਪਹਿਲਾਂ ਤੀਹ ਰੁਪਏ ਜੋੜਾ ਧੋਤੀ ਵਿਕਦੀ ਰਹੀ ਐ। ਅੱਧ ਸੇਰ ਕਪਾਹ ਲੱਗੀ ਹੋਵੇਗੀ, ਕਿਸਾਨ ਨੂੰ ਬਾਰਾਂ ਆਨੇ ਦੇ ਦਿੱਤੇ। ਮਜਦੂਰ ਖੱਡੀ 'ਤੇ ਦਿਨ ਵਿੱਚ ਦੋ ਜੋੜੇ ਕੱਪੜਾ ਬੁਣ ਸਕਦਾ। ਮਹਿੰਗਾਈ ਮਿਲਾ ਕੇ ਸੱਠ ਰੁਪਏ ਮਹੀਨਾ ਮਿਲਣ ਤੇ ਧੋਤੀ ਦੇ ਮੁੱਲ ਚੋਂ ਉਸਨੂੰ ਇਕ ਰੁਪਇਆ ਮਿਲਿਆ।

ਸੰਤੋਖੀ: ਬਾਰਾਂ ਆਨੇ, ਇਕ ਰੁਪਇਆ, ਇਕ ਰੁਪਇਆ ਤਾਂ ਭਰਾ। ਵੀਹ ਰੁਪਇਆਂ ਦੇ ਧੋਤੀ ਜੋੜਾਂ ਚੋਂ ਪੌਣੇ ਦੋ ਰੁਪਏ ਨਾ, ਮਜ਼ਦੂਰ ਕਿਸਾਨ ਨੂੰ ਮਿਲੇ ਬਾਕੀ ਸਵਾ ਅਠਾਰਾਂ ਰੁਪਏ?

ਭਰਾ: ਬਾਕੀ ਦਾ ਹਿਸਾਬ ਸਮਝ ਲਓਗੇ ਤਾਂ ਪਤਾ ਲਗ ਜਾਓ ਕਿ ਇਸ ਦੁਨੀਆਂ ਨੂੰ ਨਰਕ ਕਿਸ ਨੇ ਬਣਾਇਆ। ਲੜਾਈ ਤੋਂ ਪਹਿਲਾਂ ਇਹ ਧੋਤੀ ਜੋੜਾ ਸਾਢੇ ਤਿੰਨ-ਚਾਰ ਰੁਪਏ ਵਿੱਚ ਮਿਲਦਾ ਸੀ, ਉਸ ਵੇਲੇ ਕਿਸਾਨ-ਮਜ਼ਦੂਰ ਨੂੰ ਦਸ-ਬਾਰਾਂ ਆਨੇ ਮੁਸ਼ਕਿਲ ਨਾਲ ਮਿਲਦੇ ਸੀ, ਬਾਕੀ ਤਿੰਨ ਸਵਾ ਤਿੰਨ ਰੁਪਏ ਉੱਡ ਜਾਂਦੇ ਸੀ।

ਸੰਤੋਖੀ: ਪਹਿਲਾਂ ਤਿੰਨ ਸਵਾ ਤਿੰਨ ਰੁਪਏ ਉੱਡ ਜਾਂਦੇ ਸੀ, ਹੁਣ ਅਠਾਰਾਂ-ਅਠਾਰਾਂ ਰੁਪਏ। ਤੇ ਧੋਤੀ ਬਣਾਉਣ ਵਾਲੇ ਐਂ ਮਜ਼ਦੂਰ ਕਿਸਾਨ।

ਭਰਾ: ਕਿਸੇ ਚੀਜ਼ ਨੂੰ ਪੈਦਾ ਕਰਨ ਵਿੱਚ ਜੋ ਦੇਹ ਗਾਲਦੈ, ਖੂਨ ਪਸੀਨਾ ਇਕ ਕਰਦੈ, ਉਹ ਹੈ ਮਜ਼ਦੂਰ, ਕਿਸਾਨ, ਕਾਰੀਗਰ। ਘਰ ਦੇ ਬੰਦੇ ਕੰਮ ਕਰ ਰਹੇ ਹੋਣ, ਤੇ ਕੋਈ ਆਦਮੀ ਛਾਂ ਵਿੱਚ ਸੁੱਤਾ ਪਿਆ ਹੋਵੇ, ਤਾਂ ਉਸਨੂੰ ਕੀ ਕਹਾਂਗੇ ਦੁਖ ਭਰਾ।

ਚਲਦਾ



ਪ੍ਰਤੀਕਰਮ

ਸੰਪਾਦਕ 'ਤਰਕਸ਼ੀਲ'
ਮੁੱਖ ਦਫਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਬਰਨਾਲਾ-148101 (ਪੰਜਾਬ)
E-mail : tarkshiloffice@gmail.com



ਮਾਰਚ-ਅਪ੍ਰੈਲ 13 ਦਾ ਖ਼ੋਜ਼ ਖਬਰ ਪੰਨਾ ਜਾਣਕਾਰੀ ਭਰਪੂਰ ਹੈ। ਬਲਵਿੰਦਰ ਬਰਨਾਲਾ ਜੀ ਦਾ ਲੇਖ ਭਖਦੇ ਮਸਲਿਆਂ ਬਾਰੇ 'ਔਰਤਾਂ ਤੇ ਵਧ ਰਹੇ ਜਬਰ ਦਾ ਹੱਲ' ਸ਼ਲਾਘਾਯੋਗ ਹੈ। ਡਾ. ਅਜੀਤਪਾਲ ਸਿੰਘ ਵੱਲੋਂ ਲਿਖੇ ਲੇਖ 'ਸੁੱਤੇ ਆਦਮੀ ਬਣਨ ਲੱਗੇ ਪੱਥਰ' ਬਹੁਤ ਹੀ ਅੱਜ ਦੇ ਸਮੇਂ ਵਿੱਚ ਅੰਧਵਿਸ਼ਵਾਸੀ ਤੇ ਘਣਵਾਲੀ ਸੱਟ ਮਾਰਦਾ ਹੈ। ਸਮਾਜ ਨੂੰ ਇਹਨਾਂ ਸਾਧਨਾਂ ਬਾਰੇ ਸੋਚਣਾ ਚਾਹੀਦਾ ਹੈ। ਲਾਲੀ ਜੀ ਦੀ ਪ੍ਰਦੂਸ਼ਨ ਬਾਰੇ ਕਾਨੂੰਨੀ ਜਾਣਕਾਰੀ ਸਾਡੇ ਪਾਠਕਾਂ ਦੀ ਬਹੁਤ ਦਬੀ ਮਾਨਸਿਕਤਾ ਨੂੰ ਖੁੱਲ ਕੇ ਅੱਗੇ ਆਉਣ ਵਿੱਚ ਵਾਧਾ ਕਰੇਗੀ।ਮਈ ਜੂਨ 13 ਅੰਕ ਹਰ ਵਾਰ ਦੀ ਤਰ੍ਹਾਂ ਵਧੀਆ ਸੀ। ਹੇਮ ਰਾਜ ਸਟੈਨੋ ਜੀ ਦਾ 'ਪ੍ਰੈਸ ਦੀ ਅਜਾਦੀ' ਲੇਖ ਬਹੁਤ ਹੀ ਬੌਧਿਕ ਤੇ ਜਾਣਕਾਰੀ ਭਰਪੂਰ ਹੈ। ਹਰ ਵਾਰ ਦੀ ਤਰ੍ਹਾਂ ਡਾ. ਬਲਵੰਤ ਸਿੰਘ ਸਿੱਧੂ ਜੀ ਦਾ 'ਅੱਜ ਕੱਲ ਬੱਚਿਆਂ ਅਤੇ ਨੌਜਵਾਨਾਂ ਵਿੱਚ ਹਿੰਸਾ ਦੇ ਵਧਣ ਦੇ ਕਾਰਨ ਤੇ ਹੱਲ' ਸਮੇਂ ਦੀ ਲੋੜ ਅਨੁਸਾਰ ਢੁਕਵਾਂ ਹੈ। ਜਾਗਨ ਸਿੰਘ ਗੌਤਮ 'ਮੈਂ ਤਰਕਸ਼ੀਲ ਕਿਵੇਂ ਬਣਿਆ' ਸਾਡੇ ਨਵੇਂ ਪਾਠਕਾਂ ਲਈ ਬਹੁਤ ਹੀ ਜਾਗਰੂਕਤਾ ਦੀ ਕਿਰਨ ਪੇਸ਼ ਕਰੇਗਾ।

ਹਰਨੇਕ ਸਿੰਘ ਲਾਛੜੂ

ਤਰਕਸ਼ੀਲ ਮਾਰਚ-ਅਪ੍ਰੈਲ ਅੰਕ ਦੀ ਸੰਪਾਦਕੀ ਚੰਗੀ ਲੱਗੀ। ਮੁੱਖ ਪੰਨੇ ਉੱਤੇ ਮਾਰਚ ਦੇ ਸ਼ਹੀਦਾਂ ਦੀ ਫੋਟੋ ਵੱਡੀ ਹੁੰਦੀ ਤਾਂ ਹੋਰ ਵੀ ਚੰਗਾ ਸੀ।ਪਾਸ਼, ਉਦਾਸੀ, ਜਗਸੀਰ ਜੀਦਾ, ਜਗਦੀਸ਼ ਬਹਾਦਰਪੁਰੀ, ਗੁਰਮੇਲ ਭੁਟਾਲ ਅਤੇ ਖਰਲਵੀਰ ਕਵੈਂਟਰੀ ਦੀਆਂ ਕਵਿਤਾਵਾਂ ਬਹੁਤ ਪਸੰਦ ਆਈਆਂ। ਵਿਦਿਆਰਥੀਆਂ ਲਈ ਵਿਸ਼ੇਸ ਕਾਲਮ 'ਦਸ ਸਵਾਲ' ਦੀ ਸ਼ੁਰੂਆਤ ਕਰਨੀ ਵਧੀਆ ਕਦਮ ਹੈ। ਰਣਪਾਲ ਸਿੰਘ ਨੇ 'ਮੈਂ ਤਰਕਸ਼ੀਲ ਕਿਵੇਂ ਬਣਿਆ' ਵਿੱਚ ਵੱਖਰੀ ਸੋਚ ਵਾਲੇ ਇਨਸਾਨ ਦਾ ਨਾਂ ਨਹੀਂ ਲਿਖਿਆ। ਜੇ ਉਸ ਦਾ ਨਾਂ ਲਿਖ ਦਿੰਦਾ ਤਾਂ ਵਧੀਆ ਹੁੰਦਾ। ਕਾਲਮ 'ਜਗਿਆਸਾ' ਅਤੇ 'ਖੋਜ ਖਬਰ' ਪਸੰਦ ਆਏ। ਔਰਤਾਂ ਤੇ ਵਧ ਰਹੇ ਜਬਰ ਦਾ ਹੱਲ,ਔਰਤ ਦੀ ਸਖਸ਼ੀਅਤ-ਵਿਸ਼ੇਸ਼, ਵਿਲੱਖਣ ਜਾਂ ਅਜੂਬਾ, ਬ੍ਰਹਿਮੰਡ ਯਾਤਰਾ, ਅਜੋਕੀ ਗਾਇਕੀ-ਸੱਭਿਆਚਾਰ ਜਾਂ ਨਿਘਾਰ, ਪੰਜਾਬ ਦਾ ਸ਼ੋਰ ਪ੍ਰਦੂਸ਼ਣ ਰੋਕੂ ਕਾਨੂੰਨ ਤੇ ਕਾਰਗੁਜਾਰੀ ਆਦਿ ਸਭ ਰਚਨਾਵਾਂ ਜਾਣਕਾਰੀ ਭਰਪੂਰ ਹਨ।

ਮਾ. ਜਗਦੀਸ਼, ਬਲਜੀਤ ਖਟਕੜ ਇਕਾਈ ਬੰਗਾ

ਤਰਕਸ਼ੀਲ ਮੈਗਜ਼ੀਨ ਵਿੱਚ ਡਾ. ਅਵਤਾਰ ਸਿੰਘ ਢੀਂਡਸਾ ਵੱਲੋਂ ਬ੍ਰਹਿਮੰਡ ਯਾਤਰਾ ਕਰਵਾਉਣ ਲਈ ਸ਼ੁਰੂ ਕੀਤੀ ਗਈ ਲੜੀ ਦੀਆਂ ਦੋਵੇਂ ਕਿਸ਼ਤਾਂ ਬਹੁਤ ਹੀ ਜਾਣਕਾਰੀ ਭਰਪੂਰ ਸਨ ਅਤੇ ਜੋਤਸ਼ੀਆਂ ਵੱਲੋਂ ਰਾਹੂ-ਕੇਤੂ, ਗ੍ਰਹਿਣ ਦੇ ਨਾਂ ਹੇਠ ਕੀਤੇ ਜਾਂਦੇ ਕੂੜ ਪ੍ਰਚਾਰ ਦਾ ਪਰਦਾਫਾਸ਼ ਵੀ ਕੀਤਾ ਜਾ ਰਿਹਾ ਹੈ। "ਮੈਂ ਕਿਉਂ ਛੱਡਿਆ ਇਸਲਾਮ"-ਵਾਲਿਦ ਹੁਸੈਨ ਦਾ ਲੇਖ ਕੱਟੜ ਧਾਰਮਿਕ ਲੋਕਾਂ ਵਿੱਚ ਖਲੋ ਕੇ ਬਗਾਵਤ ਕਰਨਾ ਬਹੁਤ ਹੀ ਔਖਾ ਹੈ। ਇਸ ਲਈ ਜਸਵੰਤ ਮੋਹਾਲੀ ਵਧਾਈ ਦਾ ਹੱਕਦਾਰ ਹੈ। ਡਾ. ਬਲਵੰਤ ਸਿੱਧੂ ਮਨੋਰੋਗ ਮਾਹਿਰ, ਡਾ. ਸ਼ਾਮ ਸੁੰਦਰ ਦੀਪਤੀ ਦੇ ਲੇਖਕ ਵੀ ਬਹੁਤ ਵਧੀਆ ਹੁੰਦੇ ਹਨ। ਹੇਮ ਰਾਜ ਸਟੈਨੋ ਵੱਲੋਂ ਪ੍ਰੈਸ ਦੀ ਅਜਾਦੀ ਦਿਵਸ ਮੌਕੇ ਤੇ ਵਿਸ਼ੇਸ਼ ਜਾਣਕਾਰੀ ਦੇਣ ਲਈ ਧੰਨਵਾਦ। ਸੁਖਦੇਵ ਫਗਵਾੜਾ ਦਾ ਲੇਖ 'ਜਦੋਂ ਭੂਤ ਨੇ ਤਰਕਸ਼ੀਲਾਂ ਦਾ ਕੀਤਾ ਧੰਨਵਾਦ' ਮੱਧ ਵਰਗੀ ਤੇ ਪੜ੍ਹੇ ਲਿਖੇ ਪਰਿਵਾਰ ਦੀ ਸਮੱਸਿਆ ਨਾਲ ਸੰਬੰਧਤ ਹੈ। 'ਜਦੋਂ ਸਰੋਂ ਦੀਆਂ ਭਰੀਆਂ ਚੋਂ ਪਰੇਤ ਫੜਿਆ' ਵੀ ਵਧੀਆ ਸੀ। ਮੈਗਜੀਨ ਦੇ ਦੂਜੇ ਸਥਾਈ ਕਾਲਮ ਹਵਾ ਵਿੱਚ ਲਿਖੇ ਹਰਫ, ਦਸ ਸੁਆਲ, ਮੈਂ ਤਰਕਸ਼ੀਲ ਕਿਵੇਂ ਬਣਿਆ, ਸਰਗਰਮੀਆਂ, ਆਉ ਜਾਦੂ ਸਿੱਖੀਏ ਵਧੀਆ ਹਨ। ਇਸ ਵਾਰ ਮਈ-ਜੂਨ ਦਾ ਟਾਈਟਲ ਕੁਝ ਜਿਆਦਾ ਹੀ Dark ਹੋਣ ਕਰਕੇ ਉਸ ਉੱਪਰ ਪ੍ਰਿਟ ਅੱਖਰ ਵੀ ਛੋਟੇ ਹਨ। ਮਾਰਚ-ਅਪ੍ਰੈਲ ਅੰਕ ਦੇ ਟਾਈਟਲ ਵਾਂਗ ਅੱਖਰ ਵੱਡੇ ਹੋਣੇ ਚਾਹੀਦੇ ਹਨ ਅਤੇ ਇੱਕ ਚੰਗਾ ਵਿਚਾਰ ਬਾਹਰ ਵੀ ਦਿੱਤਾ ਜਾਵੇ।

ਮੁਖਵਿੰਦਰ ਸਿੰਘ ਚੋਹਲਾ, ਕਾਮਰੇਡ ਗੁਰਦਰਸ਼ਨ ਸਿੰਘ,

ਸੁਖਚੈਨ ਸਿੰਘ

ਮਈ-ਜੂਨ ਅੰਕ ਪੜ੍ਹਿਆ-ਮੈਗਜ਼ੀਨ ਤਰਕਸ਼ੀਲ ਦਾ। ਸਾਰਾ ਮੈਟਰ ਹੀ ਵਧੀਆ ਸੀ। ਪਿਛਲੇ ਅੰਕ ਦੀ ਤਰ੍ਹਾਂ ਇਸ ਵਾਰ ਵੀ 'ਬ੍ਰਹਿਮੰਡ ਯਾਤਰਾ' ਬਹੁਤ ਰੌਚਿਕ ਅਤੇ ਚੰਦਰਮਾ ਬਾਰੇ ਜਾਣਕਾਰੀ ਅਦਭੁੱਤ ਸੀ। ਨਵੇਂ ਪਾਠਕਾਂ ਨੂੰ ਇਸ ਲੇਖ ਲੜੀ ਵਿੱਚੋਂ ਬ੍ਰਹਿਮੰਡੀ ਪਿੰਡਾਂ, ਗ੍ਰਹਿਆਂ, ਉੱਪ ਗ੍ਰਹਿਆਂ ਬਾਰੇ ਨਿਵੇਕਲਾ ਅਤੇ ਨਵਾਂ

ਵਿਗਿਆਨਕ ਗਿਆਨ ਪ੍ਰਾਪਤ ਹੋਵੇਗਾ। ਵਿਦਿਆਰਥੀਆਂ ਲਈ ਇਹ ਜਾਣਕਾਰੀ ਹੋਰ ਵੀ ਲਾਹੇਵੰਦ ਸਾਬਤ ਹੋਵੇਗੀ। ਪ੍ਰੈਸ ਦੀ ਆਜਾਦੀ ਦੀ ਅਸਲੀਅਤ, ਜਗਿਆਸਾ, ਸੋਚ ਵਿਚਾਰ ਦਾ ਵਿਕਾਸ ਆਦਿ ਲਿਖਤਾਂ ਵਧੀਆ ਲੱਗੀਆਂ। 'ਮਨੋਰੋਗ ਮਾਹਿਰ ਦੀ ਕਲਮ ਤੋਂ' ਨੌਜੁਆਨਾਂ ਅਤੇ ਕਿਸ਼ੋਰਾਂ ਵਿੱਚ ਵਧ ਰਹੀ ਹਿੰਸਾ ਬਾਰੇ ਜਾਣਕਾਰੀ ਮਿਲੀ ਜਿਸ ਵਿੱਚ ਇਸ ਦੇ ਕਾਰਣ ਤਾਂ ਵਿਸਥਾਰ ਵਿੱਚ ਦੱਸੇ ਗਏ ਹਨ। 3 ਪੇਜ ਕਾਰਣਾਂ ਦੀ ਭੇਂਟ ਹੀ ਚੜ੍ਹ ਗਏ ਪਰ ਉਪਾਅ ਜਾਂ ਇਲਾਜ ਬਾਰੇ ਜਾਣਕਾਰੀ ਅਧੂਰੀ ਰਹਿ ਗਈ। ਜੋ ਡਾ. ਸਿੱਧੂ ਸਾਹਿਬ ਨੇ ਅਗਲੇ ਅੰਕ ਵਿੱਚ ਦੱਸਣ ਦੀ ਸੂਚਨਾ ਦਿੱਤੀ ਹੈ। ਡਾ. ਸਾਹਿਬ ਨਾਲ ਸੰਪਰਕ ਕਰਕੇ ਅਦਾਰੇ ਵੱਲੋਂ ਸੁਝਾਅ ਪੇਸ਼ ਕੀਤਾ ਜਾਵੇ ਕਿ ਹਰ ਇੱਕ ਮਨੋਰੋਗ ਬਾਰੇ ਕਾਰਣਾਂ ਦੀ ਜਾਣਕਾਰੀ ਦੇ ਨਾਲ ਹੀ ਇਲਾਜ ਬਾਰੇ ਵੀ ਲਿਖ ਦਿੱਤਾ ਜਾਵੇ ਕਿਉਂਕਿ ਮੈਗਜੀਨ ਦੋ ਮਾਸਿਕ ਹੈ। ਪਾਠਕਾਂ ਦੀ ਅਗਲੇ ਅੰਕ ਤੱਕ ਪਿਛਲੇ ਦੋ ਮਹੀਨੇ ਪਹਿਲਾਂ ਪੜ੍ਹੀ ਕਾਰਣਾਂ ਵਾਲੀ ਲੜੀ ਟੁੱਟ ਜਾਂਦੀ ਹੈ। ਕ੍ਰਿਪਾ ਕਰਕੇ ਇਕ ਵਾਰ ਹੀ ਕਾਰਣ ਤੇ ਇਲਾਜ ਬਾਰੇ ਦਿੱਤਾ ਜਾਵੇ। ਸਰੀਰ ਬੇਢੰਗਾ ਲੱਗਣ ਸੰਬੰਧੀ ਭਰਮ ਭਰਪੂਰ ਰੋਗ ਬੀ.ਡੀ.ਡੀ. ਬਾਰੇ ਜਿਵੇਂ ਤਾਰੀ ਜੀ ਨੇ ਕਾਰਣਾਂ, ਲੱਛਣਾਂ ਅਤੇ ਇਲਾਜ ਬਾਰੇ ਗੱਲ ਸਮੇਟੀ ਹੈ, ਬਹੁਤ ਵਧੀਆ ਤੇ ਲਾਹੇਵੰਦ ਹੈ।

ਰਾਮ ਸਿੰਘ ਨਿਰਮਾਣ ਚੁੱਘੇ ਕਲਾਂ

ਮਈ-ਜੂਨ 13 ਅੰਕ ਦਾ ਮੁੱਖ ਪੰਨਾ ਬਹੁਤਾ ਪ੍ਰਭਾਵਸ਼ਾਲੀ ਨਹੀਂ ਸੀ। ਇਸ ਪੰਨੇ ਦਾ ਰੰਗ ਕੱਚਾ ਹੋਣ ਕਰਕੇ ਹੱਥਾਂ ਨੂੰ ਲੱਗਦਾ ਸੀ ਅਤੇ ਕਿਸੇ ਕਾਰਨ ਪਾਣੀ ਲਗ ਜਾਣ ਤੇ ਰੰਗ ਖਰਾਬ ਹੋ ਜਾਂਦਾ ਸੀ ਅਤੇ ਰੰਗ ਉਤਰਦਾ ਸੀ। ਮੁੱਖ ਪੰਨੇ ਤੇ ਛਪਾਈ ਬਹੁਤ ਬਰੀਕ ਸੀ ਜੋ ਕਿ ਮੋਟੀ ਹੋਣੀ ਚਾਹੀਦੀ ਹੈ। ਮੁੱਖ ਪੰਨੇ ਤੇ ਲਿਖਿਆ ਤਰਕਸ਼ੀਲ ਵੀ ਪਿਛਲੇ ਅੰਕਾਂ ਨਾਲੋਂ ਛੋਟਾ ਹੋਣ ਕਰਕੇ ਘੱਟ ਖਿੱਚ ਭਰਪੂਰ ਸੀ। ਪੰਨਾ ਨੰ: 2 ਉੱਤੇ ਵੱਖ ਵੱਖ ਵਿਭਾਗਾਂ ਦੇ ਮੁਖੀਆਂ ਦੀ ਸੂਚੀ ਦੀ ਸਮਿਟਰੀ ਠੀਕ ਨਹੀਂ ਸੀ। ਤਤਕਰੇ ਦੀ ਛਪਾਈ ਵੀ ਬਹੁਤ ਬਰੀਕ ਸੀ ਜੋ ਜਚਦੀ ਨਹੀਂ ਸੀ। ਸੰਪਾਦਕੀ ਦਾ ਪਹਿਲਾ ਅੱਧ ਸਮਝ ਤੋਂ ਬਾਹਰ ਲੱਗਿਆ ਜਿਸ ਦੀ ਵਿਆਖਿਆ ਲੋੜੀਂਦੀ ਹੈ। ਡਾ. ਸਿਆਮ ਸੁੰਦਰ ਦੀਪਤੀ, ਡਾ. ਬਲਵੰਤ ਸਿੱਧੂ, ਹਰਿੰਦਰ ਕੌਰ ਦੀਆਂ ਲਿਖਤਾਂ ਪ੍ਰਭਾਵਸ਼ਾਲੀ ਲੱਗੀਆਂ। ਤਰਕਸ਼ੀਲ ਪਰਿਵਾਰਾਂ ਦੇ ਆਦਰਸ਼ ਵਿਆਹ, ਹੁੰਗਾਰੇ ਅਤੇ ਪੇਸ਼ਕਦਮੀਆਂ ਪੜ੍ਹ ਕੇ ਬਹੁਤ ਖੁਸ਼ੀ, ਪ੍ਰੇਰਨਾ ਅਤੇ ਹੌਂਸਲਾ ਅਫਜਾਈ ਮਿਲਦੀ ਹੈ। ਲੁਧਿਆਣਾ ਜ਼ੋਨ ਵੱਲੋਂ ਖੇਤੀਬਾੜੀ ਯੂਨੀ. ਲੁਧਿਆਣਾ ਵਿਖੇ 15-16 ਮਾਰਚ ਨੂੰ ਕਿਸਾਨ ਮੇਲੇ ਤੇ 30000 ਰੁਪਏ ਦਾ ਸਾਹਿਤ ਵੇਚਣਾ, ਬਠਿੰਡਾ ਜ਼ੋਨ ਵੱਲੋਂ ਤਰਕਸ਼ੀਲ ਕਾਨਫਰੰਸ ਤੇ 20000 ਰੁਪਏ ਦਾ ਸਾਹਿਤ ਵੇਚਣਾ ਇਕ ਬਹੁਤ ਹੀ ਸ਼ਲਾਘਾਯੋਗ ਉੱਦਮ ਹੈ। ਇਹ ਜ਼ੋਨ ਵਧਾਈ ਦੇ ਹੱਕਦਾਰ ਹਨ। ਸਰਗਰਮੀਆਂ ਭੇਜਣ ਸਮੇਂ ਵਿਕੇ ਸਾਹਿਤ ਬਾਰੇ ਇਕਾਈਆਂ ਉਚੇਚੇ ਤੌਰ ਤੇ ਜ਼ਿਕਰ ਜਰੂਰ ਕਰਿਆ ਕਰਨ।

ਅਜੀਤ ਪ੍ਰਦੇਸੀ, ਰੋਪੜ

ਇਸ ਵਾਰ ਦਾ ਤਰਕਸ਼ੀਲ ਅੰਕ ਭਾਵ ਮਈ-ਜੂਨ ਦਾ ਅੰਕ ਹਰ ਵਾਰ ਦੀ ਤਰ੍ਹਾਂ ਪੜ੍ਹਨ ਯੋਗ ਹੈ। ਪਰ ਇਸ ਵਿੱਚ ਵਿਸ਼ੇਸ਼ ਤੌਰ ਤੇ ਡਾ. ਬਲਵੰਤ ਸਿੰਘ ਸਿੱਧੂ ਦੀ ਰਚਨਾ 'ਮਨੋਰੋਗ ਮਾਹਿਰ ਦੀ ਕਲਮ ਤੋਂ' ਖਾਸ਼ ਤੌਰ ਤੇ ਪੜ੍ਹਨ ਯੋਗ ਹੈ। ਜਿਸ ਵਿੱਚ ਉਹਨਾਂ ਨੇ ਨੌਜਵਾਨਾਂ ਵਿੱਚ ਉੱਭਰ ਰਹੀ ਹਿੰਸਕ ਪ੍ਰਵਿਤੀ ਬਾਰੇ ਵਿਸ਼ਥਾਰ ਪੂਰਵਕ ਜਾਣਕਾਰੀ ਦਿੱਤੀ ਹੈ। ਇਹ ਲੇਖ ਦਾ ਅੱਧਾ ਹਿੱਸਾ ਹੀ ਹੈ। ਹਿੰਸਾਤਮਕ ਵਿਵਹਾਰ ਤੋਂ ਬਚਣ ਦੇ ਉਪਅ ਬਾਰੇ ਜਾਣਕਾਰੀ ਅਗਲੇ ਅੰਕ ਵਿੱਚ ਮਿਲੇਗੀ। ਡਾ. ਸਹਿਬ ਦੇ ਇਹ ਸਵਾਲ ਜਵਾਬ ਬਹੁਤ ਸਾਰੇ ਪਾਠਕ ਪਸੰਦ ਕਰਦੇ ਹਨ। ਕਿਉਂਕਿ ਇਹਨਾਂ ਰਾਹੀਂ ਪਾਠਕਾਂ ਨੂੰ ਮਾਨਸਿਕ ਉਲਝਣਾਂ ਬਾਰੇ ਜਾਣਕਾਰੀ ਮਿਲਦੀ ਰਹਿੰਦੀ। ਇਸੇ ਤਰ੍ਹਾਂ ਹੀ ਡਾ. ਅਵਤਾਰ ਸਿੰਘ ਢੀਂਡਸਾ ਨੇ ਬ੍ਰਹਿਮੰਡ ਦੀ ਯਾਤਰਾ ਵੀ ਵਧੀਆ ਕਰਵਾਈ ਹੈ। ਰਸਤੇ ਵਿੱਚ ਰੁਕ ਕੇ ਸਮੇਂ ਸਮੇਂ ਰਸਤੇ ਦੀਆਂ ਮੁਸਕਲਾਂ ਜਾਂ ਚੇਤਾਵਾਨੀਆਂ ਬਾਰੇ ਚੰਗੇ ਗਾਈਡ ਦੀ ਤਰ੍ਹਾਂ ਦੱਸ ਰਹੇ ਨੇ। ਉਮੀਦ ਹੈ ਮੇਰੇ ਵਾਂਗੂੰ ਹੋਰ ਵੀ ਬਹੁਤ ਸਾਰੇ ਪਾਠਕ ਇਸ ਰੌਚਿਕਤਾ ਭਰਪੂਰ ਸਫਰ ਦਾ ਆਨੰਦ ਤਾਂ ਮਾਣ ਹੀ ਰਹੇ ਹੋਣਗੇ ਅਤੇ ਆਪਣੀ ਜਾਣਕਾਰੀ ਵਿੱਚ ਵਾਧਾ ਵੀ ਕਰ ਰਹੇ ਹੋਣਗੇ। ਉਮੀਦ ਹੈ ਕਿ ਸਾਡਾ ਇਹ ਸਫ਼ਰ ਚੱਲਦਾ ਰਹੇਗਾ। ਇਹ ਨਹੀਂ ਕਿ ਬਾਕੀ ਮੈਗਜੀਨ ਵਿੱਚ ਪੜ੍ਹਨ ਵਾਸਤੇ ਕੁਝ ਨਹੀਂ, ਸਗੋਂ ਉਹ ਹੋਰ ਵੀ ਅੱਛਾ ਹੈ। ਜਿਵੇਂ ਕਿ ਹਰਿੰਦਰ ਕੌਰ ਵੀ ਵਧਾਈ ਦੇ ਪਾਤਰ ਨੇ ਜਿਨ੍ਹਾਂ ਨੇ ਪ੍ਰਛਾਵਿਆਂ ਦੀ ਕਹਾਣੀ ਰਹੀਂ ਸੂਰਜ ਗ੍ਰਹਿਣ ਬਾਰੇ ਬਹੁਤ ਅੱਛੀ ਜਾਣਕਾਰੀ ਦਿੱਤੀ ਹੈ। ਇਸੇ ਤਰ੍ਹਾਂ ਮੈਂ ਕਿਉਂ ਛੱਡਿਆ ਇਸਲਾਮ, ਪ੍ਰੈਸ ਦੀ ਆਜ਼ਾਦੀ, ਜਗਿਆਸਾ, ਦਾਨ ਰਾਸ਼ੀ ਨੂੰ ਲੋਕ ਹਿੱਤਾਂ ਲਈ ਵਰਤਣ ਵਾਸਤੇ ਸਖ਼ਤ ਕਾਨੂੰਨ ਦੀ ਲੋੜ, ਮੈਂ ਤਰਕਸ਼ੀਲ ਕਿਵੇਂ ਬਣਿਆ, ਸੋਚ ਵਿਚਾਰ ਦਾ ਵਿਕਾਸ ਅਤੇ ਸਰੀਰ ਬੇਢੰਗਾ ਲੱਗਣ ਸੰਬੰਧੀ ਭਰਮ ਭਰਪੂਰ ਰੋਗ ਆਦਿ ਸਾਰੇ ਹੀ ਚੰਗੇ ਕਹੇ ਜਾ ਸਕਦੇ ਨੇ ਬਸਰਤੇ ਅੱਛੀ ਤਰ੍ਹਾਂ ਪੜ੍ਹੇ ਤੇ ਵਿਚਾਰੇ ਜਾਣ। ਸੰਪਾਦਕ ਸਾਹਿਬ ਨੂੰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੁੱਖ ਪੰਨੇ ਦੀ ਫੋਟੋ ਸਬੰਧੀ ਜਾਣਕਾਰੀ ਅੰਦਰਲੇ ਸਫ਼ੇ ਤੇ ਦਿੱਤੀ ਜਾਇਆ ਕਰੇ। ਇਸ ਦੇ ਨਾਲ ਹੀ ਗ੍ਰਾਫਕਿਸ ਵੱਲ ਵੀ ਧਿਆਨ ਦਿੱਤਾ ਜਾਵੇ ਜਿਵੇਂ ਕਿ ਮੁੱਖ ਪੰਨੇ ਦੇ ਡਜਾਇਨ ਸਬੰਧੀ ਜੋ ਰੰਗ ਵਰਤੇ ਹਨ, ਉਹ ਪ੍ਰਿੰਟ ਕੀਤੇ ਪੇਪਰ ਨਾਲ ਮੈਚ ਨਹੀਂ ਕਰ ਰਹੇ ਭਾਵ ਇੰਨੇ ਗੂਹੜੇ ਰੰਗ ਨਾ ਚੁਣਿਆ ਕਰੋ।

ਹਰਚੰਦ ਭਿੰਡਰ

ਪੇਸ਼ ਕਦਮੀਆਂ

ਇਕਾਈ ਸੰਘੋਲ : 'ਬ੍ਰਹਿਮੰਡ ਦੀ ਸੈਰ' ਵਿਸ਼ੇ ਤੇ ਸੈਮੀਨਾਰ : ਸ਼ਹੀਦ ਭਗਤ ਸਿੰਘ ਅਤੇ ਕਲਪਨਾ ਚਾਵਲਾ ਨੂੰ ਸਮਰਪਿਤ ਇਸ ਸੈਮੀਨਾਰ ਦੌਰਾਨ ਡਾ. ਅਵਤਾਰ ਸਿੰਘ ਢੀਂਡਸਾ ਲੈਕਚਰਾਰ ਡਾਇਟ ਸੰਗਰੂਰ ਅਤੇ ਡਾ. ਵਰਿੰਦਰ ਬਚਨ ਲੈਕਚਰਾਰ ਬਾਬਾ ਬੰਦਾ ਸਿੰਘ ਇੰਜੀਨੀਅਰਿੰਗ ਕਾਲਜ ਫਤਿਹਗੜ੍ਹ ਸਾਹਿਬ ਵੱਲੋਂ ਪ੍ਰੋਜੈਕਟਰ ਰਾਹੀਂ ਸੂਰਜੀ ਪਰਿਵਾਰ ਦੇ ਸਾਰੇ ਗ੍ਰਹਿਆਂ, ਅਕਾਸ਼ ਗੰਗਾ, ਰਾਸ਼ੀਆਂ, ਰਾਹੂ ਕੇਤੂ, ਧੂਮਕੇਤੂ, ਤਾਰਿਆਂ ਦੇ ਜਨਮ ਤੇ ਮੌਤ, ਪੂਛਲ ਤਾਰੇ, ਮੰਗਲੀਕ ਯੋਗ ਬਾਰੇ ਵਿਸਥਾਰਪੂਰਵਕ ਦਰਸਾਇਆ ਤੇ ਸਮਝਾਇਆ ਗਿਆ। ਸਤਨਾਮ ਸਿੰਘ ਵੱਲੋਂ ਜਾਦੂ ਦੇ ਟਰਿੱਕ ਪੇਸ਼ ਕੀਤੇ ਗਏ। ਮੰਡੀ ਗੋਬਿੰਦਗੜ੍ਹ ਤੋਂ ਮਾਸਟਰ ਜਰਨੈਲ ਸਿੰਘ ਪਰਿਵਾਰ ਸਮੇਤ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਅਸ਼ੋਕ ਕੁਮਾਰ, ਲੇਖ ਰਾਜ, ਕੰਵਲਜੀਤ ਸਿੰਘ, ਨਵਤੇਜ ਧੂੰਦਾ, ਅਨਵਰ ਅਲੀ, ਜਸਵਿੰਦਰ ਪੱਪੀ, ਨਰਿੰਦਰ ਖੰਟ, ਸ਼ਿਵਦੇਵ ਸਿੰਘ, ਮਹਿੰਦਰ ਸਿੰਘ ਅਤੇ ਰਾਜਿੰਦਰ ਰਾਜਾ ਨੇ ਭਰਪੂਰ ਸਹਿਯੋਗ ਦਿੱਤਾ।

ਕਮਲ ਸੁਹਾਵੀ

ਇਕਾਈ ਘਨੌਰ : ਵਿਗਿਆਨਕ ਜਾਗਰੂਕਤਾ ਸੈਮੀਨਾਰ : ਪਿੰਡ ਲਾਛੜੂ ਕਲਾਂ ਵਿਖੇ ਇਹ ਸੈਮੀਨਾਰ ਸ਼ਹੀਦ ਭਗਤ ਸਿੰਘ ਕਲੱਬ ਲਾਛੜੂ ਕਲਾਂ ਦੇ ਪ੍ਰਧਾਨ ਬਲਵਿੰਦਰ ਰਾਮ, ਮੀਤ ਪ੍ਰਧਾਨ ਅੰਗਰੇਜ ਦਾਸ ਅਤੇ ਸਾਹਿਬ ਖਾਨ, ਮਾਮਰਾਜ ਤੇ ਹੋਰ ਕਲੱਬ ਮੈਂਬਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ ਜਿਸ ਵਿੱਚ ਪਟਿਆਲਾ ਜੋਨ ਵੱਲੋਂ ਡਾ. ਰਾਮ ਕੁਮਾਰ ਢਕੜੱਬਾ, ਇਕਾਈ ਘਨੌਰ ਵੱਲੋਂ ਹਰਨੇਕ ਲਾਛੜੂ, ਨੂਪ ਰਾਮ, ਕਰਨੈਲ ਸਿੰਘ, ਬਹਾਦਰ ਸਿੰਘ ਹਾਜਰ ਸਨ। ਹਾਜਰ ਆਗੂਆਂ ਨੇ ਸੰਬੋਧਨ ਕੀਤਾ ਅਤੇ ਜਾਦੂ ਦੇ ਟ੍ਰਿਕ ਪੇਸ਼ ਕੀਤੇ।

ਹਰਨੇਕ ਸਿੰਘ ਲਾਛੜੂ

ਇਕਾਈ ਲੌਂਗੋਵਾਲ : ਨਾਟਕ ਮੇਲਾ : ਮਾ. ਗੁਰਵਿੰਦਰ ਸਿੰਘ ਦੇ ਯਤਨਾਂ ਸਦਕਾ ਸਥਾਨਕ ਪੱਤੀ ਦੁੱਲਟ ਦੀ ਧਰਮਸ਼ਾਲਾ ਵਿੱਚ ਗ਼ਦਰ ਲਹਿਰ ਦੇ ਸਥਾਪਨਾ ਵਰ੍ਹੇ ਨੂੰ ਸਮਰਪਿਤ ਨਾਟਕ ਤੇ ਸੱਭਿਆਚਾਰਕ ਤਰਕਸ਼ੀਲ ਮੇਲਾ ਕਰਵਾਇਆ ਗਿਆ ਜਿਸ ਵਿੱਚ ਅਵਾਮ ਰੰਗ ਮੰਚ ਲੌਂਗੋਵਾਲ ਵੱਲੋਂ ਲਖਵੀਰ ਲੱਖੀ ਤੇ ਸੁਖਪਾਲ ਸਿੰਘ ਦੀ ਅਗਵਾਈ ਵਿੱਚ ਨਾਟਕ 'ਨਵਾਂ ਜਨਮ' ਦੇ ਮੰਚਨ ਤੋਂ ਇਲਾਵਾ ਕੰਮੀਆਂ ਦਾ ਵਿਹੜਾ ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ਇਸ ਮੌਕੇ ਤਰਕਸ਼ੀਲ ਆਗੂ ਕਮਲਜੀਤ ਵਿੱਕੀ, ਬੀਰਬਲ ਸਿੰਘ, ਗੁਰਜੀਤ ਸਿਘ, ਅਨਿੱਲ ਬੱਗਾ ਆਦਿ ਹਾਜਰ ਸਨ। ਇਕਾਈ ਮੁੱਖੀ ਜੁਝਾਰ ਲੌਂਗੋਵਾਲ ਅਤੇ ਸੂਬਾ ਮੁਖੀ ਬਲਬੀਰ ਲੌਂਗੋਵਾਲ ਨੇ ਸੰਬੋਧਨ ਕੀਤਾ।

ਗੁਰਜੀਤ ਸਿੰਘ

ਇਕਾਈ ਮਲੇਰਕੋਟਲਾ : ਸੈਮੀਨਾਰ : ਲੈਂਗੂੰਏਜ ਪੁਆਇੰਟ ਕੰਪਿਊਟਰ ਸੈਂਟਰ ਵਿਖੇ ਇਕਾਈ ਮਲੇਰਕੋਟਲਾ ਦੇ ਸਹਿਯੋਗ ਨਾਲ ਵਿਸ਼ਵ ਤੰਬਾਕੂ ਵਿਰੋਧੀ ਦਿਵਸ ਮੌਕੇ ਨਸ਼ਿਆਂ ਖਿਲਾਫ ਜਾਗਰੂਕਤਾ ਲਈ ਇੱਕ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਸਮਾਜਕ ਕਾਰਕੁੰਨਾਂ ਸਮੇਤ ਸੈਂਟਰ ਦੇ ਵਿਦਿਆਰਥੀਆ ਨੇ ਭਾਗ ਲਿਆ। ਜੋਨ ਮੀਡੀਆ ਮੁਖੀ ਡਾ. ਮਜ਼ੀਦ ਆਜ਼ਾਦ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਏ ਅਤੇ ਸੈਮੀਨਾਰ ਦਾ ਉਦਘਾਟਨ ਮਾਸਟਰ ਮੇਜਰ ਸਿੰਘ ਵੱਲੋਂ ਕੀਤਾ ਗਿਆ। ਦੋਵਾਂ ਹੀ ਆਗੂਆਂ ਨੇ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਵਿਚਾਰ ਸਾਂਝੇ ਕੀਤੇ। ਉਸ਼ਵਿੰਦਰ ਰੁੜਕਾ ਦੁਆਰਾ ਸਮੂਹ ਵਿਦਿਆਰਥੀਆਂ ਨੂੰ ਨਸ਼ਿਆਂ ਖਿਲਾਫ ਅਭਿਆਨ ਤਹਿਤ ਸਮੂਹਿਕ ਸਹੁੰ ਚੁਕਾਈ ਗਈ। ਸਟੇਜ ਸੰਚਾਲਨ ਮੈਡਮ ਸੋਨੂ ਦੁਆਰਾ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਬਿਨਾਂ ਹਰਦੀਪ ਸਿੰਘ, ਜਸਵੰਤ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ ਅਤੇ ਬਿੱਟੂ ਨੰਗਲ ਦੁਆਰਾ ਜਾਦੂ ਦੇ ਟਰਿੱਕ ਵਿਖਾਏ ਗਏ। **ਸਰਾਜ ਅਨਵਰ**

ਇਕਾਈ ਕੁਲਰੀਆਂ : ਸੈਮੀਨਾਰ : ਇਕਾਈ ਵੱਲੋਂ 'ਤਰਕਸ਼ੀਲਤਾ ਕੀ ਹੈ?' ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ ਜਿਸ ਦੇ ਮੁੱਖ ਬੁਲਾਰੇ ਜਥੇਬੰਦਕ ਮੁੱਖੀ ਰਜਿੰਦਰ ਭਦੌੜ ਸਨ। ਸਕੂਲ ਦੇ ਪ੍ਰਿੰਸੀਪਲ ਦਰਸ਼ਨ ਸਿੰਘ ਬਰੇਟਾ ਨੇ ਸੁਸਾਇਟੀ ਦੀਆਂ ਗਤੀਵਿਧੀਆਂ ਤੇ ਚਾਨਣਾ ਪਿਆ। ਬਲਜੀਤ ਦਿਆਲਪੁਰਾ ਪਹੁੰਚੇ। ਸਟੇਜ ਸੰਚਾਲਨ ਭੀਮ ਮੰਡੇਰ ਨੇ ਕੀਤਾ।

ਤਰਕਸ਼ੀਲ ਮੇਲਾ : 23 ਮਾਰਚ 2013 ਨੂੰ ਸ਼ਹੀਦ ਏ ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਅਵਤਾਰ ਪਾਸ਼ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਤਰਕਸ਼ੀਲ ਮੇਲਾ ਕਰਵਾਇਆ ਗਿਆ ਜਿਸ ਵਿੱਚ ਲੋਕ ਕਲਾ ਮੰਚ ਜੀਰਾ ਦੀ ਟੀਮ ਨੇ ਮੇਘ ਰਾਜ ਰੱਲਾ ਦੀ ਨਿਰਦੇਸ਼ਨਾਂ ਹੇਠ ਨਾਟਕ 'ਸਾੜਸਤੀ' ਅਤੇ 'ਆਮ ਆਦਮੀ-ਖਾਸ ਆਦਮੀ' ਖੇਡੇ। ਕੋਰੀਓਗ੍ਰਾਫੀਆਂ ਅਤੇ ਜਾਦੂ ਦੇ ਟਰਿੱਕ ਪੇਸ਼ ਕੀਤੇ ਗਏ। ਅਜਮੇਰ ਅਕਲੀਆ ਨੇ ਲੋਕ ਪੱਖੀ ਗੀਤ ਪੇਸ਼ ਕੀਤੇ। ਕਿਤਾਬਾਂ ਦੀ ਪ੍ਰਦਰਸ਼ਨੀ ਲਗਾਈ ਗਈ। ਪ੍ਰੋਗਰਾਮਾਂ ਦੀ ਸਫਲਤਾ ਵਿੱਚ ਜੋਨ ਆਗੂ ਵਧਾਵਾ ਸਿੰਘ, ਜਸਵੀਰ ਰੰਘੜਿਆਲ, ਕਾਲਾ

ਟੇਲਰ, ਕ੍ਰਿਸ਼ਨ, ਰਾਜੂ ਮੰਡੇਰ, ਅੰਗਰੇਜ ਸਿੰਘ, ਦੀਦਾਰ ਸਿੰਘ, ਲਾਭ ਸਿੰਘ ਬੱਪੀਆਣਾ, ਲਾਡੀ ਅਤੇ ਜਗਸੀਰ ਨੇ ਅਣਥੱਕ ਮਿਹਨਤ ਕੀਤੀ। **ਅਮਨ ਕੂਲਰੀਆਂ**

ਇਕਾਈ ਸੰਗਰੂਰ : ਮਾਨਸਿਕ ਰੋਗਾਂ ਬਾਰੇ ਸੈਮੀਨਾਰ : ਮਾਨਸਿਕ ਰੋਗ, ਕਾਰਨ ਤੇ ਇਲਾਜ ਵਿਸ਼ੇ ਤੇ ਸੈਮੀਨਾਰ ਦਾ ਆਯੋਜਨ ਈਟਿੰਗ ਮਾਲ ਸੰਗਰੂਰ ਵਿਖੇ ਕੀਤਾ ਗਿਆ। ਇਕਾਈ ਮੁਖੀ ਮਾਸਟਰ ਪਰਮ ਵੇਦ ਨੇ ਹਾਜ਼ਰੀਨ ਦਾ ਸੁਆਗਤ ਕੀਤਾ। ਇਸ ਸਮਾਗਮ ਦੇ ਮੁੱਖ ਬੁਲਾਰੇ ਐਸ.ਐਮ.ਓ. ਸੰਗਰੂਰ ਮਾਨਸਿਕ ਰੋਗ ਮਾਹਿਰ ਡਾ. ਬਲਵੰਤ ਸਿੰਘ ਨੇ ਹਿਸਟੀਰੀਆ, ਫੋਬੀਆ, ਡਿਪਰੈਸ਼ਨ, ਸੀਜ਼ੋਫਰੇਨੀਆ, ਮੈਨੀਆ ਤੇ ਖਪਤ ਆਦਿ ਮਨੋਰੋਗਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸੁਰਜੀਤ ਸਿੰਘ ਭੱਠਲ, ਚਰਨਜੀਤ ਪਟਵਾਰੀ ਨੇ ਤਰਕਸ਼ੀਲ ਗੀਤ ਪੇਸ਼ ਕੀਤੇ। ਸਵਾਲ ਜਵਾਬ ਸੈਸ਼ਨ ਵਿੱਚ ਸਵਰਨਜੀਤ ਸਿੰਘ, ਮਨਧੀਰ ਸਿੰਘ, ਤਰਸੇਮ ਲਾਲ, ਹਰਦੇਵ ਸਿੰਘ ਰਾਠੀ, ਲੈਕਚਰਾਰ ਕ੍ਰਿਸ਼ਨ ਸਿੰਘ, ਗੁਰਬਖਸ਼ੀਸ਼ ਸਿੰਘ, ਚਮਕੌਰ ਸਿੰਘ, ਸੁਖਦੇਵ ਸਿੰਘ, ਤ੍ਰਿਲੋਕੀ ਨਾਥ, ਚਰਨਜੀਤ ਪਟਵਾਰੀ, ਰਾਮ ਸਰੂਪ, ਰਮੇਸ਼ ਕੁਮਾਰ, ਕਮਲਜੀਤ ਸਿੰਘ, ਅਮਰੀਕ ਸਿੰਘ ਖੋਖਰ, ਗੁਰਪ੍ਰੀਤ ਸਿੰਘ, ਨਿਰਮਲ ਸਿੰਘ, ਗੁਰਪਿਆਰ ਸਿੰਘ ਉਪਲੀ, ਡਾ. ਏ.ਐਸ. ਮਾਨ, ਡਾ. ਅਸ਼ੋਕ ਨਾਗਰਾ, ਨਾਮਦੇਵ ਸਿੰਘ ਭੁਟਾਲ, ਹਰਜਿੰਦਰ ਹਸਨਪੁਰ, ਰਤਨ ਭੰਡਾਰੀ, ਹਰਦੀਪ ਸਿੰਘ ਧੂਰੀ ਨੇ ਸ਼ਮੂਲੀਅਤ ਕੀਤੀ। ਤਰਕਸ਼ੀਲ ਆਗੂ ਲੈਕ. ਕ੍ਰਿਸ਼ਨ ਸਿੰਘ ਨੇ ਸੈਮੀਨਾਰ ਵਿੱਚ ਸ਼ਾਮਿਲ ਸਾਰਿਆਂ ਦਾ ਧੰਨਵਾਦ ਕੀਤਾ।

ਤਰਕਸ਼ੀਲ ਸਮਾਗਮ : ਸਰਕਾਰੀ ਹਾਈ ਸਕੂਲ ਭਿੰਡਰਾਂ ਵਿਖੇ ਤਰਕਸ਼ੀਲ ਸਮਾਗਮ ਪੇਸ਼ ਕੀਤਾ। ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਨੇ ਸੰਬੋਧਨ ਕੀਤਾ। ਅਮਰੀਕ ਸਿੰਘ ਖੋਖਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਤਰਕਸ਼ੀਲ ਆਗੂ ਸੁਰਜੀਤ ਸਿਘ ਭੱਠਲ ਨੇ ਤਰਕਸ਼ੀਲ ਗੀਤਾਂ ਰਾਹੀਂ ਵਹਿਮਾਂ ਭਰਮਾਂ ਤੋਂ ਸੁਚੇਤ ਕੀਤਾ। ਚਮਕੌਰ ਸਿੰਘ, ਰੂਪ ਸਿੰਘ ਨੇ ਜਾਦੂ ਸ਼ੋਅ ਪੇਸ਼ ਕੀਤਾ। ਸਕੂਲ ਦੇ ਮੁੱਖ ਅਧਿਆਪਕ ਸ੍ਰੀ ਰਜਨੀਸ਼ ਕੁਮਾਰ ਅਤੇ ਸੀਨੀਅਰ ਅਧਿਆਪਕ ਕੁਲਦੀਪ ਸਿੰਘ ਭੁੱਲਰ ਨੇ ਸਮਾਗਮ ਵਿੱਚ ਸ਼ਾਮਿਲ ਸਾਰਿਆਂ ਦਾ ਧੰਨਵਾਦ ਕਰਦਿਆਂ ਬੱਚਿਆਂ ਨੂੰ ਆਤਮ ਵਿਸ਼ਵਾਸੀ ਅਤੇ ਆਤਮ ਨਿਰਭਰ ਬਣਨ ਲਈ ਵਿਗਿਆਨਿਕ ਦ੍ਰਿਸ਼ਟੀਕੋਣ ਵਿਕਸਿਤ ਕਰਨ ਦਾ ਸੁਨੇਹਾ ਦਿੱਤਾ। ਸਵਾਲ ਜੁਆਬ ਸੈਸ਼ਨ ਵਿੱਚ ਮਾਸਟਰ ਕੁਲਦੀਪ ਸਿੰਘ, ਅਮਰੀਕ ਸਿੰਘ, ਗੁਰਮੀਤ ਸਿੰਘ, ਗੁਰਮੇਲ ਸਿੰਘ, ਸੰਜੇ ਕੁਮਾਰ, ਚੰਦ ਸਿੰਘ, ਜਗਤਾਰ ਸਿੰਘ, ਹਰਪ੍ਰੀਤ ਸਿੰਘ, ਸ੍ਰੀਮਤੀ ਊਸ਼ਾ ਰਾਣੀ, ਸ੍ਰੀਮਤੀ ਰੇਖਾ ਰਾਣੀ, ਅਮਨਦੀਪ ਕੌਰ, ਗੁਰਮੀਤ ਕੌਰ ਨੇ ਭਾਗ ਲਿਆ। ਸਟੇਜ ਦੀ ਜਿੰਮੇਵਾਰੀ ਮਾਸਟਰ ਕੁਲਦੀਪ ਸਿੰਘ ਨੇ ਬਾਖੂਬੀ ਨਿਭਾਈ। **ਸੁਰਜੀਤ ਸਿੰਘ ਭੱਠਲ**

ਇਕਾਈ ਮੁਹਾਲੀ : 'ਹਾਦਸਿਆਂ ਦਾ ਕਾਰਨ ਅਖੌਤੀ ਆਤਮਾਵਾਂ ਨਹੀਂ' ਵਿਸ਼ੇ ਤੇ ਸੈਮੀਨਾਰ: ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨੌਲੀ ਵਿਖੇ ਇਹ ਸੈਮੀਨਾਰ ਕਰਵਾਇਆ ਗਿਆ। ਕਈ ਘੰਟੇ ਚੱਲੇ ਸੈਮੀਨਾਰ ਦੌਰਾਨ ਤਰਕਸ਼ੀਲਾਂ ਨੇ ਸਮਾਜ ਵਿੱਚ ਪ੍ਰਚਲਿਤ ਅੰਧ-ਵਿਸ਼ਵਾਸਾਂ ਨੂੰ ਤਰਕ ਦੀ ਸਾਣ ਤੇ ਲਾਇਆ ਤੇ ਵਿਦਿਆਰਥੀਆਂ ਨੂੰ ਦਲੀਲਾਂ ਨਾਲ ਗੱਲ ਕਰਨ ਦੀ ਸਿੱਖਿਆ ਦਿੱਤੀ। ਇਸ ਮੌਕੇ ਤਰਕਸ਼ੀਲ ਆਗੂ ਜਸਵੰਤ ਮੋਹਾਲੀ, ਇਕਾਈ ਦੇ ਜਥੇਬੰਦਕ ਮੁਖੀ ਅਤੇ ਸਾਇੰਸ ਮਾਸਟਰ ਸੁਰਜੀਤ ਸਿੰਘ ਆਦਿ ਨੇ ਸੰਬੋਧਨ ਕੀਤਾ। ਇਸ ਮੌਕੇ ਪੰਜਾਬੀ ਲੈਕਚਰਾਰ ਮਨਦੀਪ ਕੌਰ, ਕੈਮਿਸਟਰੀ ਲੈਕਚਰਾਰ ਪ੍ਰਵੀਨ ਕੌਰ ਅਤੇ ਫਿਜਿਕਸ ਲੈਕਚਰਾਰ ਇੰਦੂ ਤੇ ਹੋਰ ਸਟਾਫ਼ ਦਾ ਵਿਸ਼ੇਸ ਸਹਿਯੋਗ ਰਿਹਾ। ਤਰਕਸ਼ੀਲਾਂ ਵੱਲੋਂ ਇਸ ਮੌਕੇ ਵਿਗਿਆਨਕ ਸਾਹਿਤ ਦੀ ਪ੍ਰਦਰਸ਼ਨੀ ਵੀ ਲਗਾਈ ਗਈ।

'ਅੰਧਵਿਸ਼ਵਾਸਾਂ ਦਾ ਜੂੜ ਕਿਵੇਂ ਵੱਢੀਏ?' ਵਿਸ਼ੇ ਤੇ ਸੈਮੀਨਾਰ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਹੌੜਾਂ ਵਿਖੇ ਇਹ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕੀ ਮੰਡਲ ਦੇ ਮੈਂਬਰ ਜਸਵੰਤ ਮੋਹਾਲੀ ਨੇ ਕਰੀਬ 800 ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਸੰਬੋਧਨ ਕੀਤਾ। ਵਿਗਿਆਨਕ ਸਾਹਿਤ ਦੀ ਸਟਾਲ ਦਾ ਸੰਚਾਲਨ ਮੈਂਬਰ ਸਮਸ਼ੇਰ ਚੋਟੀਆਂ ਨੇ ਕੀਤਾ। ਜਿਸ ਵਿੱਚ ਸਟਾਫ਼ ਅਤੇ ਵਿਦਿਆਰਥੀਆਂ ਨੇ ਭਰਵੀਂ ਰੁਚੀ ਵਿਖਾਈ। ਸਮੁੱਚੇ ਪ੍ਰੋਗਰਾਮ ਦੌਰਾਨ ਸਕੂਲ ਸਟਾਫ ਦਾ ਯੋਗਦਾਨ ਸ਼ਲਾਘਾਯੋਗ ਸੀ। ਪ੍ਰਿੰਸੀਪਲ ਰਛਪਾਲ ਸਿੰਘ ਨੇ ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਡੀ.ਪੀ.ਈ. ਸੁਰਮੁੱਖ ਸਿੰਘ, ਅਧਿਆਪਕਾ ਦਵਿੰਦਰ ਕੌਰ, ਹਰਜਿੰਦਰ ਕੌਰ, ਗਿਆਨੀ ਕ੍ਰਿਪਾਲ ਸਿੰਘ, ਚੇਅਰਮੈਨ ਸਕੂਲ ਮੈਨੇਜਮੈਂਟ ਕਮੇਟੀ ਆਦਿ ਹਾਜ਼ਰ ਸਨ।

ਹਰਪ੍ਰੀਤ, ਮੀਡੀਆ ਵਿਭਾਗ ਮੁੱਖੀ

ਇਕਾਈ ਪਟਿਆਲਾ :

1. ਮਿਤੀ 27-4-2013 : ਸ.ਸੈ.ਸ ਕੌਲੀ ਜ਼ਿਲ੍ਹਾ ਪਟਿਆਲਾ ਵਿੱਚ ਰਾਮ ਕੁਮਾਰ, ਕੁਲਵੰਤ ਕੌਰ ਅਤੇ ਯੂਨੀਵਰਸਿਟੀ ਦੇ ਦੋ ਵਿਦਿਆਰਥੀਆਂ ਨੇ ਬੱਚਿਆਂ ਨੂੰ ਵਹਿਮਾਂ ਭਰਮਾਂ ਪ੍ਰਤੀ ਜਾਗਰੂਕ ਕੀਤਾ ਅਤੇ 1300 ਰੁਪਏ ਦਾ ਤਰਕਸ਼ੀਲ ਸਾਹਿਤ ਵੇਚਿਆ।

2. ਮਿਤੀ : 4-5-2013: ਇਕਾਈ ਦੇ ਮੈਂਬਰਾਂ ਰਾਮ ਕੁਮਾਰ, ਕੁਲਵੰਤ ਅਤੇ ਰਣਪਾਲ ਵੱਲੋਂ ਸ.ਸੈ.ਸ. ਬਹਾਦਰਗੜ੍ਹ ਜ਼ਿਲ੍ਹਾ ਪਟਿਆਲਾ ਵਿੱਚ ਬੱਚਿਆਂ ਨੂੰ ਤਰਕਮਈ ਢੰਗ ਨਾਲ ਜੋਤਸ਼ੀਆਂ ਅਤੇ ਬਾਬਿਆਂ ਦੇ ਪਾਖੰਡਾਂ ਤੋਂ ਬਚਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ, ਭਗਤ ਸਿੰਘ ਦੇ ਸੱਚੇ ਵਾਰਿਸ ਬਣਨ ਲਈ ਉਸਦਾ ਸਾਹਿਤ ਪੜ੍ਹਨ ਅਤੇ ਉਸਦੀ ਸੋਚ ਅਪਨਾਉਣ ਲਈ ਪ੍ਰੇਰਿਤ ਕੀਤਾ। ਇਸੇ ਪ੍ਰੋਗਰਾਮ ਦੌਰਾਨ 2500 ਰੁਪਏ ਦਾ ਤਰਕਸ਼ੀਲ ਸਾਹਿਤ ਵੇਚਿਆ।

3. ਮਿਤੀ 25-5-2013 : ਘਨੌਰ ਇਕਾਈ ਦੇ ਮੈਂਬਰਾਂ ਮਾ. ਹਰਨੇਕ ਸਿੰਘ ਅਤੇ ਮਾ. ਨੂਪ ਰਾਮ ਵੱਲੋਂ ਸ.ਸੈ.ਸ. ਉਲਾਣਾ ਜਿਲ੍ਹਾ ਪਟਿਆਲਾ ਵਿੱਚ ਬੱਚਿਆਂ ਨੂੰ ਵਿਗਿਆਨਕ ਸੋਚ ਅਪਣਾਉਣ ਦੀ ਪ੍ਰੇਰਨਾ ਦਿੱਤੀ ਗਈ। ਇਸ ਪ੍ਰੋਗਰਾਮ ਵਿੱਚ ਰਾਮ ਕੁਮਾਰ, ਘਣ ਸਿਆਮ ਜੋਸ਼ੀ ਅਤੇ ਕੁਲਵੰਤ ਨੇ ਸੰਬੋਧਨ ਕੀਤਾ। ਪ੍ਰੋਗਰਾਮ ਦੌਰਾਨ 650 ਰੁਪਏ ਦਾ ਸਾਹਿਤ ਵੀ ਵੇਚਿਆ। ਇਹਨਾਂ ਤਿੰਨਾਂ ਪ੍ਰੋਗਰਾਮਾਂ ਦੌਰਾਨ ਪਟਿਆਲਾ ਅਤੇ ਘਨੌਰ ਇਕਾਈ ਵੱਲੋਂ ਸਿਰਫ ਮਈ ਮਹੀਨੇ ਵਿੱਚ ਹੀ ਤਰਕਸ਼ੀਲ ਮੈਗਜ਼ੀਨ ਦੇ 10 ਸਲਾਨਾ ਚੰਦੇ ਕੱਟੇ ਗਏ।

ਕੁਲਵੰਤ ਕੌਰ

ਅੰਮ੍ਰਿਤਸਰ ਇਕਾਈ : ਤਰਕਸ਼ੀਲ ਮੇਲਾ : ਤਰਕਸ਼ੀਲ ਆਗੂ ਬਲਵੰਤ ਸਿੰਘ ਝੰਗੀ ਦੇ ਯਤਨਾਂ ਅਤੇ ਅੰਮ੍ਰਿਤਸਰ ਇਕਾਈ ਦੇ ਸਹਿਯੋਗ ਨਾਲ ਸ਼ਹੀਦੇ ਆਜਮ ਭਗਤ ਸਿੰਘ ਨੂੰ ਸਮਰਪਿਤ ਇੱਕ ਤਰਕਸ਼ੀਲ ਮੇਲਾ 27 ਮਈ ਨੂੰ ਸਰਕਾਰੀ ਹਾਈ ਸਕੂਲ ਝੰਗੀ ਮਨਸੂਰਾਂ ਵਿਖੇ ਕਰਵਾਇਆ ਗਿਆ। ਜਿਸ ਵਿੱਚ ਮਾਸਟਰ ਕੁਲਜੀਤ ਵੇਰਕਾ ਦੀ ਨਿਰਦੇਸ਼ਨਾਂ ਹੇਠ ਤਿੰਨ ਨਾਟਕ 'ਦੇਵ ਪੁਰਸ਼ ਹਾਰ ਗਏ', 'ਸਿਰਜਣਾ' ਅਤੇ 'ਇਨਕਲਾਬ ਜਿੰਦਾਬਾਦ' ਪੇਸ਼ ਕੀਤੇ ਗਏ। ਇਸ ਮੌਕੇ ਉੱਘੇ ਚਿੰਤਕ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਮੌਜੂਦਾ ਸਰਕਾਰਾਂ ਦੀਆਂ ਕਾਰਪੋਰੇਟ ਸੈਕਟਰ ਪੱਖੀ ਆਰਥਿਕ ਨੀਤੀਆਂ ਨੇ ਦੇਸ਼ ਦੀ ਜਨਤਾ ਦੇ ਇੱਕ ਵੱਡੇ ਹਿੱਸੇ ਨੂੰ ਹਾਸ਼ੀਏ ਉੱਤੇ ਲਿਆ ਖੜ੍ਹਾ ਕੀਤਾ ਹੈ ਅਤੇ ਪਾਖੰਡੀ ਬਾਬਿਆਂ ਵੱਲੋਂ ਲੋਕਾਂ ਦੀ ਅੰਨੇਵਾਹ ਕੀਤੀ ਜਾਂਦੀ ਲੁੱਟ ਲਈ ਮੌਜੂਦਾ ਲੁਟੇਰਾ ਨਿਜ਼ਾਮ ਪੂਰੀ ਤਰ੍ਹਾਂ ਜਿੰਮੇਵਾਰ ਹੈ। ਇਕਾਈ ਮੁਖੀ ਸੁਮੀਤ ਸਿੰਘ ਨੇ ਵੀ ਸੰਬੋਧਨ ਕੀਤਾ। ਤਰਕਸ਼ੀਲ ਜਾਦੂਗਰ ਸੁਰਜਨ ਸਿੰਘ ਅਦਲੀਵਾਲ ਵੱਲੋਂ ਹੱਥ ਦੀ ਸਫਾਈ ਦੇ ਟ੍ਰਿਕ ਵਿਖਾਏ ਗਏ ਅਤੇ ਤਰਕਸ਼ੀਲ ਆਗੂ ਤੇ ਲੇਖਿਕਾ ਵਰਿੰਦਰ ਕੌਰ ਬੋਪਾਰਾਏ ਨੇ ਮੌਜੂਦਾ ਲੋਟੂ ਨਿਜਾਮ ਵਿਰੁੱਧ ਜਾਗਰੂਕ ਕਰਦੀ ਇੱਕ ਇਨਕਲਾਬੀ ਕਵਿਤਾ ਪੇਸ਼ ਕੀਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ. ਬਲਰਾਜ ਸਿੰਘ ਰੰਧਾਵਾ ਨੇ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਅਮਰਜੀਤ ਬਾਈ ਵੱਲੋਂ ਨਿਭਾਈ ਗਈ। ਇਸ ਮੌਕੇ ਗਗੋਮਾਹਲ ਇਕਾਈ ਵੱਲੋਂ ਜਰਮਨਜੀਤ ਸਿੰਘ, ਅਮਨ-ਰਣਜੀਤ ਤੋਂ ਇਲਾਵਾ ਡਾ. ਅਸ਼ੋਕ ਸੋਨੀ, ਸੁਖਦੇਵ ਸਿੰਘ ਜੇ.ਈ. ਰਮਦਾਸ, ਕਾਮਰੇਡ ਰਣਧੀਰ ਸਿੰਘ, ਸਰਪੰਚ ਚੰਨਣ ਸਿੰਘ, ਡਾ. ਵਿਸ਼ਾਲ, ਡਾ. ਬਲਦੇਵ ਸਿੰਘ ਅੰਮ੍ਰਿਤਸਰ ਤੋਂ ਇਲਾਵਾ ਸਕੂਲ ਦੇ ਵਿਦਿਆਰਥੀ, ਅਧਿਆਪਕ ਸਟਾਫ ਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਸ਼ਾਮਿਲ ਹੋਏ। **ਸੁਮੀਤ ਸਿੰਘ**

ਇਕਾਈ ਜੈਤੋਂ : ਸਮਾਜਿਕ ਬੁਰਾਈਆਂ ਖਿਲਾਫ਼ 'ਨੁੱਕੜ' ਨਾਟਕ : 11, 12 ਮਈ ਨੂੰ ਵਹਿਮਾਂ ਭਰਮਾਂ ਅਤੇ ਸਮਾਜਿਕ ਬੁਰਾਈਆਂ ਤੇ ਕਰਾਰੀ ਚੋਟ ਕਰਦੇ ਰੋੜੀਕਪੂਰਾ, ਚੰਦਭਾਨ, ਵਾਂਦਰ ਆਦਿ ਪਿੰਡਾਂ ਵਿੱਚ ਨੁੱਕੜ ਨਾਟਕ 'ਕਾਫਲੇ' ਅਤੇ '15 ਅਗਸਤ' ਕਰਵਾਏ ਗਏ। ਇਹ ਨਾਟਕ ਹੈਪੀ ਭਗਤਾ ਦੀ ਟੀਮ ਆਵਾਮ ਰੰਗਮੰਚ ਦੁਆਰਾ ਖੇਡੇ ਗਏ। ਇਸ ਮੌਕੇ ਤਰਕਸ਼ੀਲ ਵਿਚਾਰ ਵੀ ਪੇਸ਼ ਕੀਤੇ ਗਏ। ਇਸ ਸਮੇਂ ਤਰਕਸ਼ੀਲ ਸਾਹਿਤ ਵੀ ਵੇਚਿਆ ਗਿਆ। ਇਸ ਸਮੇਂ ਰਵਿੰਦਰ ਰਾਹੀ, ਸੇਵਾ ਭਗਤੂਆਣਾ, ਗੁਰਦੀਪ ਜੈਤੋ, ਗੱਗੀ ਜੈਤੋ, ਅਵਤਾਰ ਅਰਸ਼, ਭੁਪਿੰਦਰ ਦੁੱਗਲ, ਗੁਰਪ੍ਰੀਤ ਰੋੜੀ ਕਪੂਰਾ, ਸਿਕੰਦਰ ਚੰਦਭਾਨ, ਮੰਦਰ ਚੰਦਭਾਨ, ਸੰਤ ਸਿੰਘ ਆਦਿ ਹਾਜ਼ਰ ਸਨ।

ਸੇਵਾ ਭਗਤੂਆਣਾ

ਇਕਾਈ ਸ਼ਾਹਕੋਟ : ਵਿਸ਼ਵ ਵਾਤਾਵਰਨ ਦਿਵਸ ਮੌਕੇ ਲੋਕ ਚੇਤਨਾ ਮਾਰਚ: ਅਸ਼ਲੀਲਤਾ, ਗੁੰਡਾਗਰਦੀ, ਅੰਧ ਵਿਸ਼ਵਾਸ, ਨਸ਼ਾਖੋਰੀ, ਜ਼ਬਰ ਜਨਾਹ, ਪ੍ਰਦੂਸ਼ਣ ਆਦਿ ਖਿਲਾਫ਼ ਲੋਕ ਚੇਤਨਾ ਮਾਰਚ ਕੀਤਾ ਗਿਆ ਤੇ ਇੰਨ੍ਹਾਂ ਮਸਲਿਆਂ ਦੇ ਹੱਲ ਲਈ ਮੁੱਖਮੰਤਰੀ ਪੰਜਾਬ ਨੂੰ ਲਿਖਿਆ ਮੰਗ ਪੱਤਰ ਐਸ.ਡੀ.ਐਮ. ਸ਼ਾਹਕੋਟ ਟੀ.ਐਨ.ਪਾਸੀ. ਅਤੇ ਨਕੋਦਰ ਦੇ ਐਸ.ਡੀ.ਐਮ. ਹਰਦੀਪ ਸਿੰਘ ਧਾਲੀਵਾਲ ਨੂੰ ਸੌਂਪਿਆ ਗਿਆ। ਲੋਕ ਚੇਤਨਾ ਮਾਰਚ ਸਥਾਨਕ ਰਾਮਗੜ੍ਹੀਆ ਚੌਂਕ 'ਚੋਂ ਸ਼ੁਰੂ ਹੋਇਆ। ਜਿਸ ਵਿੱਚ ਤਰਕਸ਼ੀਲਾਂ ਵੱਲੋਂ ਉਪਰੋਕਤ ਸਮਾਜਿਕ ਅਲਾਮਤਾਂ ਪ੍ਰਤੀ ਚੇਤਨਾ ਪੈਦਾ ਕਰਦੇ

ਬੈਨਰ ਫੜੇ ਹੋਏ ਸਨ। ਇਸ ਮੌਕੇ ਤਰਕਸ਼ੀਲ ਮੈਗਜ਼ੀਨ ਦੇ ਮੁੱਖ ਪ੍ਰਬੰਧਕ ਸੁਖਵਿੰਦਰ ਬਾਗਪੁਰ, ਜਗੀਰ ਜੋਸ਼ਨ, ਮਨਜੀਤ ਸਿੰਘ ਲੈਕਚਰਾਰ, ਜਿੰਦਰ ਬਾਗਪੁਰ, ਗਿਆਨ ਸੈਦਪੁਰੀ, ਬਿੱਟੂ ਰੂਪੇਵਾਲੀ, ਪਾਲ ਬਾਗਪੁਰ, ਬਲਵੰਤ ਮਲੇਸੀਆਂ, ਅਸ਼ੋਕ ਕੁਮਾਰ, ਦਰਬਾਰਾ ਸਿੰਘ ਰੂਪੇਵਾਲੀ, ਜਸਵੰਤ ਰਾਏ, ਮਾ. ਸੰਤ ਸਿੰਘ, ਸੁਖਵਿੰਦਰ ਨਾਗੀ, ਦੇਸ ਰਾਜ ਜ਼ਫਰਵਾਲ, ਹਰਪ੍ਰੀਤ ਸਿੰਧੜ, ਅਮਰਪ੍ਰੀਤ ਝੀਤਾ, ਪ੍ਰਦੀਪ ਡਿੰਪਲ, ਅਮਨ ਸੈਦਪੁਰੀ, ਗਗਨਦੀਪ ਸਿੰਘ ਮੱਟੂ, ਅਨੂਪ ਸਿੰਘ, ਜਸਕਰਨਜੀਤ ਸਿੰਘ ਕੰਗ ਆਦਿ ਹਾਜ਼ਰ ਸਨ।

ਇਕਾਈ ਪਟਿਆਲਾ

1. ਮਿਤੀ 28.5.13 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜੋਲੀ ਕਲਾਂ ਵਿਖੇ ਤਰਕਸ਼ੀਲ ਪ੍ਰੋਗਰਾਮ ਕੀਤਾ ਗਿਆ। ਹੱਥ ਦੀ ਸਫਾਈ ਦੇ ਟਰਿੱਕ ਅਤੇ ਰਾਮ ਕੁਮਾਰ ਢਕਡੱਬਾਂ, ਡਾ.ਏ.ਕੇ.ਸ਼ਰਮਾ, ਪ੍ਰੋ.ਪੂਰਨ ਸਿੰਘ ਨੇ ਵਿਚਾਰ ਰੱਖੇ।

2. ਬਾਲ ਨਾਟਕ ਮੰਡਲੀ, ਭਵਾਨੀਗੜ੍ਹ ਵੱਲੋਂ ਬੱਚਿਆਂ ਦਾ ਪ੍ਰੋਗਰਾਮ ਕੀਤਾ ਗਿਆ ਜਿਸ ਵਿੱਚ ਹੱਥ ਦੀ ਸਫਾਈ ਦੇ ਟਰਿੱਕ ਦਿਖਾਏ ਗਏ ਅਤੇ ਰਾਮ ਕੁਮਾਰ ਢਕਡੱਬਾ ਅਤੇ ਚਰਨਜੀਤ ਭਵਾਨੀਗੜ੍ਹ ਨੇ ਆਪਣੇ ਵਿਚਾਰ ਪੇਸ਼ ਕੀਤੇ।

ਰਾਮ ਕੁਮਾਰ ਢਕਡੱਬਾ

ਇਕਾਈ ਬਠਿੰਡਾ : ਕਿਸਾਨ ਮੇਲੇ : ਖੇਤਰੀ ਖੋਜ ਕੇਂਦਰ ਬਠਿੰਡਾ ਅਤੇ ਖੇਤੀਬਾੜੀ ਵਿਭਾਗ ਵੱਲੋਂ ਜਿਲ੍ਹਾ ਪੱਧਰੀ ਕਿਸਾਨ ਮੇਲੇ ਜੋ ਬਠਿੰਡਾ ਵਿਖੇ ਆਯੋਜਿਤ ਕੀਤੇ ਗਏ। ਇੰਨ੍ਹਾਂ ਕਿਸਾਨ ਮੇਲਿਆਂ ਤੇ ਤਰਕਸ਼ੀਲ ਸਾਹਿਤ ਦੀਆਂ ਸਟਾਲਾਂ ਮਾਸਟਰ ਗਿਆਨ ਸਿੰਘ ਜੀ ਵਿਤ ਵਿਭਾਗ ਅਤੇ ਸਾਹਿਤ ਮੁਖੀ ਦੀ ਅਗਵਾਈ 'ਚ ਲਈਆਂ ਗਈਆਂ ਜਿੰਨ੍ਹਾਂ ਵਿੱਚ ਬਿਕਰਮਜੀਤ, ਅਰਜਨ ਅਤੇ ਰਾਮ ਸਿੰਘ ਨਿਰਮਾਣ ਹੁਰਾਂ ਨੇ ਸਹਿਯੋਗ ਕੀਤਾ। ਦੋਨੋਂ ਥਾਵਾਂ ਤੇ 5000/- ਰੁਪੈ ਦਾ ਸਾਹਿਤ ਵੇਚਿਆ ਅਤੇ ਤਰਕਸ਼ੀਲ ਮੈਗਜ਼ੀਨ ਦੇ ਚੰਦੇ ਭਰਵਾਏ ਗਏ।

ਸ਼ਹੀਦਾਂ ਨੂੰ ਸਮਰਪਿਤ ਪ੍ਰੋਗਰਾਮਾਂ ਤੇ ਸਾਂਝੀ ਸਮੂਲੀਅਤ : ਜਨਤਕ ਜਥੇਬੰਦੀ ਲੋਕ ਮੋਰਚਾ ਪੰਜਾਬ ਵੱਲੋਂ 'ਅੱਜ ਦੇ ਸਮੇਂ 'ਚ ਭਗਤ ਸਿੰਘ ਦੇ ਵਿਚਾਰਾਂ ਦੀ ਪ੍ਰਸੰਗਕਤਾ' ਵਿਸ਼ੇ ਤੇ ਵਿਚਾਰ ਗੋਸ਼ਟੀ ਅਤੇ ਅਗਲੇ ਦਿਨ ਮੋਰਚੇ ਵੱਲੋਂ ਆਯੋਜਿਤ 'ਸ਼ਹੀਦਾਂ ਨੂੰ ਸ਼ਰਧਾਂਜਲੀ' ਪ੍ਰੋਗਰਾਮ ਵਿੱਚ ਤਰਕਸ਼ੀਲ ਸੁਸਾਇਟੀ ਦੇ ਸਰਗਰਮ ਮੈਂਬਰਾਂ ਵੱਲੋਂ ਸ਼ਿਰਕਤ ਕੀਤੀ ਗਈ। ਗੋਸ਼ਟੀ ਮੌਕੇ ਕਿਤਾਬਾਂ ਦੀ ਸਟਾਲ ਮਾ. ਗਿਆਨ ਸਿੰਘ ਜੀ ਨੇ ਲਾਈ, ਸਰਜੀਵਨ ਕੁਮਾਰ, ਬਿਕਰਮਜੀਤ ਅਤੇ ਹੋਰ ਮੈਂਬਰ ਸ਼ਾਮਿਲ ਹੋਏ।

ਤਰਕਸ਼ੀਲ ਮੇਲੇ : ਮਲੋਟ ਇਕਾਈ ਵੱਲੋਂ ਆਯੋਜਿਤ ਤਰਕਸ਼ੀਲ ਮੇਲੇ ਮੌਕੇ ਇਕਾਈ ਬਠਿੰਡਾ ਵੱਲੋਂ ਪ੍ਰਦਰਸ਼ਨੀ ਅਤੇ ਸਾਹਿਤ ਸਟਾਲ ਲਾਈ ਗਈ। ਜਿਸ ਵਿੱਚ ਮਾਸਟਰ ਗਿਆਨ ਸਿੰਘ ਅਤੇ ਮਾ. ਸਰਜੀਵਨ ਜੀ ਸ਼ਾਮਲ ਹੋਏ।

ਪਿੰਡ ਕੋਟ ਬਖਤੂ : ਪਿੰਡ ਦੇ ਤਰਕਸ਼ੀਲ ਸਮਰਥਕ ਅਤੇ ਪਾਠਕ ਨੌਜਵਾਨਾਂ ਵੱਲੋਂ ਤਰਕਸ਼ੀਲ ਮੇਲੇ ਦਾ ਪ੍ਰਬੰਧ ਕੀਤਾ ਗਿਆ, ਜਿਸ ਵਿੱਚ ਨਾਟਕ, ਕੋਰੀਓਗ੍ਰਾਫੀ ਅਤੇ ਮੈਜਿਕ ਪੇਸ਼ ਕੀਤਾ ਗਿਆ। ਕਿਤਾਬ ਦੀ ਸਟਾਲ ਤੇ ਪ੍ਰਦਰਸ਼ਨੀ ਮਾਸਟਰ ਗਿਆਨ ਸਿੰਘ ਤੇ ਸਰਜੀਵਨ ਕੁਮਾਰ ਹੁਰਾਂ ਨੇ ਲਾਈ। ਮੈਜਿਕ ਸ਼ੋਅ ਕੁਲਵੰਤ ਸਿੰਘ ਬਠਿੰਡਾ ਨੇ ਅਤੇ ਤਰਕਸ਼ੀਲ ਵਿਚਾਰ ਰਾਮ ਸਿੰਘ ਨਿਰਮਾਣ ਨੇ ਸਾਂਝੇ ਕੀਤੇ। ਸ੍ਰ. ਜਗਤਾਰ ਸਿੰਘ, ਮੱਖਣ ਸਿੰਘ ਹੁਰਾਂ ਨੇ ਪ੍ਰਬੰਧ ਕੀਤਾ।

ਰਾਇਲ ਯੂਥ ਕਲੱਬ ਨਥਾਣਾ ਵੱਲੋਂ ਤਰਕਸ਼ੀਲ ਮੇਲੇ ਦਾ ਆਯੋਜਨ ਕੀਤਾ ਗਿਆ। ਕਲਾ ਮੰਚ ਮਾਨਸਾ ਵੱਲੋਂ ਨਾਟਕ ਪੇਸ਼ ਕੀਤੇ ਗਏ। ਇਕਾਈ ਬਠਿੰਡਾ ਦੇ ਮਾਸਟਰ ਗਿਆਨ ਸਿੰਘ, ਸੁਰਜੀਵਨ ਕੁਮਾਰ ਜੀ ਨੇ ਕਿਤਾਬਾਂ ਦੀ ਸਟਾਲ ਅਤੇ ਸਟੇਜ ਦਾ ਸੰਚਾਲਨ ਕੀਤਾ। ਮੇਲੇ ਦੇ ਮੁੱਖ ਪ੍ਰਬੰਧਕ ਮਾਸਟਰ ਸੁਖਚੈਨ ਸਿੰਘ ਨਥਾਣਾ ਜੀ ਸਨ।

ਫਾਸਟ ਏਡ ਫਾਸਟ ਬਰਗੇਡ ਦੇ ਸਹਿਯੋਗ ਨਾਲ : ਯੂਨਾਇਟਿਡ ਵੈਲਫੇਅਰ ਸੁਸਾਇਟੀ ਬਠਿੰਡਾ ਦੀ ਟੀਮ ਫਾਸਟ ਏਡ ਬਰਗੇਡ ਦੇ ਸਹਿਯੋਗ ਨਾਲ ਪਿੰਡਾਂ ਅਤੇ ਸ਼ਹਿਰਾਂ ਦੇ ਅੱਧੀ ਦਰਜਨ ਸਕੂਲਾਂ ਵਿੱਚ ਤਰਕਸ਼ੀਲ ਸਾਹਿਤ ਸਟਾਲਾਂ ਲਾਈਆਂ ਗਈਆਂ ਤੇ ਹਜਾਰਾਂ ਰੁਪੈ ਦਾ ਲਿਟਰੇਚਰ ਸਕੂਲ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਹੱਥ ਵਿੱਚ ਦੇ ਕੇ ਤਰਕਸ਼ੀਲ / ਵਿਗਿਆਨਕ ਵਿਚਾਰਾਂ ਨੂੰ ਘਰ-ਘਰ ਤੱਕ ਪਹੁੰਚਾਉਣ ਦਾ ਉੱਦਮ ਇਕਾਈ ਦੇ ਵਿੱਤ ਵਿਭਾਗ ਮੁੱਖੀ ਅਤੇ ਸਾਹਿਤ ਸਰਕੂਲੇਸ਼ਨ ਇੰਚਾਰਜ ਮਾ. ਗਿਆਨ ਸਿੰਘ ਮਛਾਣਾ (ਬਠਿੰਡਾ) ਵੱਲੋਂ ਤਨਦੇਹੀ ਅਤੇ ਸਿਦਕ ਦਿਲੀ ਨਾਲ ਕੀਤਾ ਜਾ ਰਿਹਾ ਹੈ। ਜਿੱਥੇ ਸਕੂਲਾਂ ਦੇ ਵੱਡੀ ਗਿਣਤੀ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਬਰਗੇਡ ਦੇ ਕਾਰਕੁੰਨ ਹਾਦਸੇ ਦੌਰਾਨ ਪੀੜਤ ਵਿਅਕਤੀ ਨੂੰ ਜਿੰਦਗੀ ਬਚਾਉਣ ਹਿਤ ਫਸਟ ਏਡ ਦੇਣ ਬਾਰੇ ਪ੍ਰੈਕਟੀਕਲੀ ਜਾਣਕਾਰੀ ਦਿੰਦੇ ਹਨ। ਉੱਥੇ ਤਰਕਸ਼ੀਲ ਆਗੂ ਉਹਨਾਂ ਦੀ ਵੈਨ ਵਿੱਚ ਜਾ ਕੇ ਪਹਿਲਾਂ ਪ੍ਰੋਗਰਾਮ ਦੀ ਸਟੇਜ ਸੰਭਾਲ


ਕੇ ਮੁਢਲੀ ਸਹਾਇਤਾ ਦੀ ਲੋੜ ਅਤੇ ਮਹੱਤਤਾ ਬਾਰੇ ਜਾਣਕਾਰੀ ਦੇ ਨਾਲ-ਨਾਲ ਤਰਕਸ਼ੀਲਤਾ ਦੀ ਲੋੜ ਕਿਉਂ? ਅਤੇ ਤਰਕਸ਼ੀਲ ਸਾਹਿਤ ਬਾਰੇ ਵਿਸਥਾਰਤ ਜਾਣਕਾਰੀ ਦੇ ਕੇ ਕਿਤਾਬਾਂ ਖਰੀਦਣ ਲਈ ਪ੍ਰੇਰਦੇ ਹਨ, ਮਾਸਟਰ ਗਿਆਨ ਸਿੰਘ ਜੀ। ਇਹ ਸਰਗਰਮੀਆਂ ਸਰਕਾਰੀ ਸਕੂਲ ਮਸ਼ਾਣਾ, ਮੱਲਵਾਲਾ, ਸੀਨੀ. ਸੈਕੰਡਰੀ ਸਕੂਲ ਪੱਕਾ ਕਲਾਂ, ਮਾਸਟਰ ਮਾਈਂਡ ਪਬ. ਸੀਨੀ. ਸੈਕੰ. ਸਕੂਲ ਬੰਗੀ ਰੱਘੂ, ਹਰਗੋਬਿੰਦ ਪਬ. ਸਕੂਲ ਲਹਿਰੀ ਅਤੇ ਸਵਾਮੀ ਵਿਵੇਕਾਨੰਦ ਡਿਗਰੀ ਕਾਲਜ ਲਹਿਰਾ ਬੇਗਾ (ਬਠਿੰਡਾ) ਵਿਖੇ ਕੀਤੀਆਂ ਗਈਆਂ। ਸ੍ਰੀ ਵਿਜੇ ਭੱਟ ਬਾਨੀ, ਯੂਨਾ. ਵੈਲਫੇਅਰ ਸੁਸਾਇਟੀ ਬਠਿੰਡਾ ਦਾ ਵਿਸ਼ੇਸ਼ ਯੋਗਦਾਨ ਮਿਲਿਆ।

ਪੁੱਡਾ ਫੇਜ 3 ਵਿਖੇ ਤਰਕਸ਼ੀਲ ਪ੍ਰੋਗਰਾਮ: ਸ਼ਾਮ ਸੁਹਾਣੀ ਨੂੰ ਤਰਕਸ਼ੀਲ ਵਿਚਾਰਾਂ ਅਤੇ ਵਿਗਿਆਨਕਤਾ ਦੇ ਸੰਗ ਬਠਿੰਡਾ ਵਿਖੇ ਮਨਾਇਆ। ਜਿੱਥੇ ਤਰਕਸ਼ੀਲ ਸਾਹਿਤ ਦੀਆਂ ਸਟਾਲਾਂ, ਮੈਜਿਕ ਸ਼ੋਅ ਅਤੇ ਤਰਕਸ਼ੀਲ ਵਿਚਾਰ ਪੇਸ਼ ਕੀਤੇ ਗਏ। ਇਸ ਇਲਾਕੇ ਵਿੱਚ ਪਹਿਲਾ ਪ੍ਰੋਗਰਾਮ ਸੀ। ਸਥਾਨਕ ਲੋਕਾਂ ਨੇ ਜਿੱਥੇ ਬਹੁਤ ਉਤਸੁਕਤਾ ਦੇ ਨਾਲ ਪ੍ਰਦਰਸ਼ਨੀ ਅਤੇ ਪ੍ਰੋਗਰਾਮ ਵੇਖਿਆ, ਕਾਫੀ ਤਦਾਦ ਵਿੱਚ ਕਿਤਾਬਾਂ ਖਰੀਦੀਆਂ। ਮਾਸਟਰ ਗਿਆਨ ਸਿੰਘ ਜੀ ਤੋਂ ਇਲਾਵਾ ਮੈਜੀਸ਼ੀਅਨ ਕੁਲਵੰਤ ਸਿੰਘ ਅਤੇ ਮੁੱਖ ਬੁਲਾਰੇ ਦੇ ਤੌਰ ਤੇ ਭੂਰਾ ਸਿੰਘ ਮਹਿਮਾ ਸਰਜਾ ਨੇ ਵਿਚਾਰ ਰੱਖੇ। ਸਟੇਜ ਸੰਚਾਲਨ ਮਾ. ਗਿਆਨ ਸਿੰਘ ਨੇ ਕੀਤਾ। ਮੁੱਖ ਪ੍ਰਬੰਧਕ ਸ੍ਰੀ ਮੂਲ ਰਾਜ, ਬੀਰਵਿੰਦਰ, ਰਾਜਵੀਰ ਸਿੰਘ ਅਤੇ ਬਾਬੂ ਰਾਮ ਆਦਿ ਸਨ। ਪੱਤਰਕਾਰ ਗੁਰਪ੍ਰੇਮ ਲਹਿਰੀ ਦਾ ਵਿਸ਼ੇਸ਼ ਸਹਿਯੋਗ ਰਿਹਾ।

ਰਾਮ ਸਿੰਘ ਨਿਰਮਾਣ

ਸਰੀਰਦਾਨੀ ਮਾਤਾ ਦਾ ਸਤਿਕਾਰ ਸਮਾਗਮ : ਮਰਨ ਉਪਰੰਤ ਮੈਡੀਕਲ ਖੋਜ ਕਾਰਜਾਂ ਅਤੇ ਮਨੁੱਖਤਾ ਦੀ ਭਲਾਈ ਲਈ ਆਦੇਸ਼ ਮੈਡੀਕਲ ਕਾਲਜ ਭੁੱਚੋ ਨੂੰ ਮ੍ਰਿਤਕ ਸਰੀਰ ਪ੍ਰਦਾਨ ਕਰ ਗਈ ਮਾਤਾ ਮੁਖਤਿਆਰ ਕੌਰ (ਮਾਤਾ ਮਾਸਟਰ ਦਰਸ਼ਨ ਸਿੰਘ ਬਹਿਮਣ ਦੀਵਾਨਾ ਵਾਲੇ) ਜੀ ਦਾ ਸਤਿਕਾਰ ਸਮਾਗਮ ਠੰਡੀ ਸੜਕ, ਨੇੜੇ ਰੇਲਵੇ ਗਰਾਊਂਡ, ਨਾਚ ਘਰ ਬਠਿੰਡਾ ਵਿਖੇ ਕੀਤਾ ਗਿਆ। ਦੱਸਣਯੋਗ ਹੈ ਕਿ ਇਹ ਸਮਾਗਮ ਬਿਨਾਂ ਕਿਸੇ ਧਾਰਮਿਕ ਰਸਮਾਂ ਅਤੇ ਰਵਾਇਤੀ ਕਰਮਕਾਂਡਾਂ ਤੋਂ ਬਿਨਾਂ ਮਾਤਾ ਜੀ ਦੀ ਵੱਡ ਅਕਾਰੀ ਫੋਟੋ ਤੇ ਫੁੱਲ ਪੱਤੀਆਂ ਭੇਂਟ ਕਰਕੇ ਸ਼ੁਰੂ ਕੀਤਾ ਗਿਆ। ਸਤਿਕਾਰ ਭੇਂਟ ਕਰਨ ਵਾਲਿਆਂ ਵਿੱਚ ਤਰਕਸ਼ੀਲ ਸੁਸਾਇਟੀ ਦੇ ਸੂਬਾਈ ਆਗੂ ਭੂਰਾ ਸਿੰਘ ਮਹਿਮਾ ਸਰਜਾ, ਜਥੇਬੰਦਕ ਮੁਖੀ ਇਕਾਈ ਬਠਿੰਡਾ ਰਾਮ ਸਿੰਘ ਨਿਰਮਾਣ, ਆਦੇਸ਼ ਮੈਡੀਕਲ ਕਾਲਜ ਭੁੱਚੋ ਤੋਂ ਡਾ. ਪ੍ਰਮੋਦ ਗੋਇਲ ਸ਼ਾਮਿਲ ਸਨ। ਸਮਾਗਮ ਦਾ ਸੰਚਾਲਨ ਮਾ. ਗਿਆਨ ਸਿੰਘ ਨੇ ਕੀਤਾ। ਸਮਾਗਮ ਵਿੱਚ ਰਿਸ਼ਤੇਦਾਰਾਂ ਅਤੇ ਸਨੇਹੀਆਂ ਤੋਂ ਇਲਾਵਾ ਨਾਰੀ ਸੰਗਰਾਮ ਮੰਚ ਬਠਿੰਡਾ ਤੋਂ ਭੈਣ ਮੁਖਤਿਆਰ ਕੌਰ, ਅਜੀਤ ਦੇ ਸਟਾਫ ਰਿਪੋਰਟਰ ਹੁਕਮ ਚੰਦ ਸ਼ਰਮਾ ਆਦਿ ਸ਼ਾਮਿਲ ਹੋਏ। ਤਰਕਸ਼ੀਲ ਸੁਸਾਇਟੀ ਵੱਲੋਂ ਮਾਸਟਰ ਦਰਸ਼ਨ ਸਿੰਘ ਜੀ ਨੂੰ ਸਰਟੀਫਿਕੇਟ ਭੇਂਟ ਕੀਤਾ ਗਿਆ। ਇਸ ਮੌਕੇ ਤਰਕਸ਼ੀਲ ਸੁਸਾਇਟੀ ਵੱਲੋਂ ਤਰਕਸ਼ੀਲ ਸਾਹਿਤ ਦੀ ਸਟਾਲ ਲਗਾਈ ਗਈ ਅਤੇ ਸਮਾਗਮ ਵਿੱਚ ਹਾਜਰੀਨ ਨੂੰ ਲਿਟਰੇਚਰ ਭੇਂਟ ਕੀਤਾ ਗਿਆ ਅੰਤ ਵਿੱਚ ਸਰੀਰ ਦਾਨੀ ਮਾਤਾ ਦੇ ਪ੍ਰੀਵਾਰ ਵੱਲੋਂ ਮਾ. ਦਰਸ਼ਨ ਸਿੰਘ ਜੀ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਕੇਵਲ ਕ੍ਰਿਸ਼ਨ, ਇਕਾਈ ਬਠਿੰਡਾ



ਇੱਕ ਪ੍ਰਤੀਬੱਧ ਕਮਿਊਨਿਸਟ ਦੀ ਵਸੀਅਤ

ਬਜ਼ੁਰਗ ਕਮਿਊਨਿਸਟ ਆਗੂ ਕਾਮਰੇਡ ਸੱਤਪਾਲ ਡਾਂਗ ਆਪਣਾ ਲੋਕਪੱਖੀ ਪ੍ਰਤੀਬੱਧ ਜੀਵਨ ਜਿਉਣ ਤੋਂ ਬਾਅਦ 16 ਜੂਨ ਨੂੰ ਸਦੀਵੀਂ ਵਿਛੋੜਾ ਦੇ ਗਏ। ਉਹਨਾਂ ਆਪਣੀ ਅਗਾਊਂ ਕੀਤੀ ਵਸੀਅਤ ਵਿੱਚ ਆਪਣੇ ਆਪ ਨੂੰ ਨਾਸਤਕ ਦੱਸਦਿਆਂ ਕਿਹਾ ਕਿ "ਆਦਮੀ ਦੀ ਮੌਤ ਹੀ ਉਸਦਾ ਅੰਤ ਹੈ। ਦੂਜਾ ਜਨਮ ਹੋਣਾ ਇੱਕ ਕੋਰੀ ਕਲਪਨਾ ਹੈ। ਧਾਰਮਿਕ ਰੀਤੀ ਰਿਵਾਜਾਂ ਨੇ ਮਨੁੱਖ ਨੂੰ ਹਨੇਰੇ ਵੱਲ ਧੱਕਿਆ ਹੈ। ਮੈਂ ਚਾਹੁੰਨਾ ਕਿ ਮੇਰੇ ਮਰਨ ਮਗਰੋਂ ਜਦੋਂ ਮੇਰੀ ਦੇਹ ਨੂੰ ਚਿਖਾ ਵਿੱਚ ਰੱਖਿਆ ਜਾਵੇ ਤਾਂ ਉਸ ਵੇਲੇ ਕੋਈ ਧਾਰਮਿਕ ਰੀਤੀ-ਰਿਵਾਜ ਨਾ ਕੀਤੇ ਜਾਣ, ਮੇਰੀਆਂ ਅੱਖਾਂ ਦਾਨ ਕਰ ਦਿੱਤੀਆਂ ਜਾਣ ਅਤੇ ਮੇਰੀਆਂ ਅਸਥੀਆਂ ਕਿਸੇ ਨੇੜਲੇ ਦਰਿਆ ਵਿੱਚ ਪ੍ਰਵਾਹ ਕਰ ਦਿੱਤੀਆਂ ਜਾਣ।"

ਚੁਣੌਤੀ

ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਇਹ ਪੰਜ ਲੱਖ ਰੁਪੈ ਦਾ ਇਨਾਮ ਦੁਨੀਆਂ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼ ਸੁਸਾਇਟੀ ਨੂੰ ਪਹਿਲਾ ਇਨਾਮ ਜੇਤੂ ਮਿਲਣ ਤੱਕ ਖੁੱਲੀ ਹੋਵੇਗੀ। ਦੇਵ-ਪੁਰਸ਼, ਯੋਗੀ, ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ :

1. ਜਿਹੜਾ ਸੀਲਬੰਦ ਕਰੰਸੀ ਨੋਟ ਦਾ ਲੜੀ ਨੰਬਰ ਪੜ੍ਹ ਸਕਦਾ ਹੋਵੇ।
2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਕਰ ਸਕਦਾ ਹੋਵੇ।
3. ਜਿਹੜਾ ਬਲਦੀ ਹੋਈ ਅੱਗ ਤੇ ਅੱਧੇ ਮਿੰਟ ਲਈ ਬਿਨਾਂ ਜਲੇ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ।
4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿੱਚੋਂ ਪੇਸ਼ ਕਰ ਸਕਦਾ ਹੋਵੇ।
5. ਮਨੋਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ।
6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ।
7. ਪ੍ਰਮਾਤਮਾ ਜਾਂ ਦੈਵੀ ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇੱਕ ਇੰਚ ਵਧਾ ਸਕੇ।
8. ਜਿਹੜਾ ਯੋਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ।
9. ਯੋਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ।
10. ਪਾਣੀ ਉੱਤੇ ਪੈਦਲ ਤੁਰ ਸਕੇ।
11. ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ।
12. ਯੌਗਿਕ ਸ਼ਕਤੀ ਨਾਲ 30 ਮਿੰਟ ਲਈ ਸਾਂਹ ਕ੍ਰਿਆ ਰੋਕ ਸਕੇ।
13. ਭਗਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਿਕ ਬੁੱਧੀ ਦਾ ਵਿਕਾਸ ਕਰੇ।
14. ਪੁਨਰ ਜਨਮ ਦੇ ਤੌਰ ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ।
15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਿਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ।
16. ਫੋਟੋ ਖਿੱਚ ਲੈਣ ਪਿੱਛੋ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ।
17. ਜ਼ਿੰਦਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ।
18. ਕਿਸੇ ਵਸਤੂ ਦਾ ਭਾਰ ਵਧਾ ਸਕੇ।
19. ਛੁਪੀ ਜਾਂ ਛੁਪਾਈ ਵਸਤੂ ਲੱਭ ਸਕੇ।
20. ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਸਕੇ।
21. ਸ਼ਰਾਬ ਨੂੰ ਖ਼ੂਨ ਜਾਂ ਪੈਟ੍ਰੋਲ ਵਿੱਚ ਬਦਲ ਸਕੇ।
22. ਘਰਾਂ ਵਿੱਚ ਇੱਟਾਂ ਰੋੜੇ ਅਤੇ ਖ਼ੂਨ ਦੇ ਛਿੱਟੇ ਆਦਿ ਡਿੱਗਣ ਜਾਂ ਕੱਪੜਿਆਂ ਨੂੰ ਅੱਗ ਲੱਗਣ ਪਿੱਛੇ ਕਿਸੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ।
23. ਕੋਈ ਜੋਤਿਸ਼ੀ ਦਸ ਹੱਥ ਚਿੱਤਰਾਂ ਜਾਂ ਦਸ ਜਨਮ ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ ਵੱਖ ਗਿਣਤੀ ਮਰਿਆਂ ਅਤੇ ਜਿਉਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਅਤੇ ਅਕਸ਼ਾਸ਼ਾਂ ਤੇ ਰੇਖਾਸ਼ਾਂ ਦੇ ਦੱਸ ਸਕਣ। ਇਸ ਵਿੱਚ 5 ਪ੍ਰਤੀਸ਼ਤ ਗਲਤੀ ਮੁਆਫ ਹੋਵੇਗੀ।


ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ : ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਬੇਸ਼ੱਕ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਸਾਡੇ ਕੋਲ ਜਾਂ ਸਾਡੇ ਵੱਲੋਂ ਨਾਮਜ਼ਦ ਕੀਤੇ ਹੋਏ ਆਦਮੀ ਕੋਲ ਪੰਜ ਹਜ਼ਾਰ ਰੁਪੈ ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਪੈਣਗੇ। ਇਹ ਰਕਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੀ ਜਾਵੇਗੀ। ਕਿਸੇ ਆਦਮੀ ਦੀ ਚੁਣੌਤੀ ਉਸੇ ਹਾਲਤ ਵਿੱਚ ਹੀ ਸਵਿਕਾਰ ਕੀਤੀ ਜਾਵੇਗੀ ਜਦੋਂ ਉਹ ਜ਼ਮਾਨਤ ਦੇ ਪੈਸੇ ਜਮ੍ਹਾਂ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ। ਜਮਾਨਤ ਜਮ੍ਹਾਂ ਕਰਵਾਉਣ ਤੋਂ ਬਾਅਦ ਕਿਸੇ ਵਿਅਕਤੀ ਦੇ ਚਮਤਕਾਰ ਨੂੰ ਪਹਿਲਾਂ ਸਾਡੇ ਵੱਲੋਂ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਨੀਯਤ ਦਿਨ ਤੇ ਪਰਖੇਗਾ। ਜੇਕਰ ਚੁਣੌਤੀ ਦੇਣ ਵਾਲਾ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁਢਲੀ ਪਰਖ ਵਿੱਚ ਹੀ ਅਸਫਲ ਹੋ ਜਾਂਦਾ ਹੈ ਤਾਂ ਉਸਦੀ ਜਮਾਨਤ ਜ਼ਬਤ ਹੋ ਜਾਵੇਗੀ। ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ। ਜੇਕਰ ਕੋਈ ਆਦਮੀ ਆਖਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸਨੂੰ ਪੰਜ ਲੱਖ ਰੁਪੈ ਦਾ ਇਨਾਮ, ਸਮੇਤ ਜਮਾਨਤ ਦੇ ਦਿੱਤਾ ਜਾਵੇਗਾ। ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੇ ਵੱਲੋਂ ਨਾਮਜ਼ਦ ਜਾਂ ਸਾਡੀ ਸੂਬਾ ਕਮੇਟੀ ਵੱਲੋਂ ਪੂਰਨ ਤਸੱਲੀ ਤੱਕ ਕੀਤੀਆਂ ਜਾਣਗੀਆਂ।

Volume/ਜਿਲਦ ਨੰ. 10 ਰਜਿ ਨੰ: PUNPUN/2002/5393 Issue/ਅੰਕ : 4





ਵਿਸ਼ਵ ਵਾਤਾਵਰਨ ਦਿਵਸ ਮੌਕੇ ਸ਼ਾਹਕੋਟ ਅਤੇ ਨਕੋਦਰ ਵਿੱਚ ਸ਼ੋਰ ਪ੍ਰਦੂਸ਼ਣ, ਲੱਚਰ ਗਾਇਕੀ ਅਤੇ ਨਸ਼ਾਖੋਰੀ ਖਿਲਾਫ ਲੋਕ ਚੇਤਨਾ ਮਾਰਚ ਕਰਦੇ ਹੋਏ ਇਕਾਈ ਸ਼ਾਹਕੋਟ ਦੇ ਕਾਰਕੁੰਨ ਅਤੇ ਭਰਾਤਰੀ ਜਥੇਬੰਦੀਆਂ ਦੇ ਆਗੂ



ਸਰਕਾਰੀ ਹਾਈ ਸਕੂਲ, ਝੰਗੀ ਮਨਸੂਰਾਂ ਵਿਖੇ ਕਰਵਾਏ ਤਰਕਸ਼ੀਲ ਮੇਲੇ ਨੂੰ ਸੰਬੋਧਨ ਕਰਦੇ ਹੋਏ ਉੱਘੇ ਚਿੰਤਕ ਡਾ. ਪਰਮਿੰਦਰ ਸਿੰਘ



ਸੰਗਰੂਰ ਇਕਾਈ ਵੱਲੋਂ 'ਮਾਨਸਿਕ ਰੋਗ-ਕਾਰਨ ਅਤੇ ਇਲਾਜ' ਵਿਸ਼ੇ ਤੇ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਮਾਨਸਿਕ ਰੋਗ ਮਾਹਿਰ ਡਾ. ਬਲਵੰਤ ਸਿੰਘ



ਸਰਕਾਰੀ ਹਾਈ ਸਕੂਲ, ਭਿੰਡਰਾਂ (ਸੰਗਰੂਰ) ਵਿਖੇ ਕਰਵਾਏ ਤਰਕਸ਼ੀਲ ਸਮਾਗਮ ਦੌਰਾਨ ਸਕੂਲ ਮੁਖੀ ਨੂੰ ਜਾਦੂ ਰਾਹੀਂ ਪੈਦਾ ਕੀਤਾ ਗੁਲਦਸਤਾ ਭੇਂਟ ਕਰਦੀ ਤਰਕਸ਼ੀਲ ਟੀਮ



ਬਹਾਦਰਗੜ੍ਹ (ਪਟਿਆਲਾ) ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਤਰਕਸ਼ੀਲ ਆਗੂ ਰਾਮ ਕੁਮਾਰ ਪਟਿਆਲਾ

If undelivered please return to :

Tarksheel
Tarksheel Bhawan, Tarksheel Chowk,
Sanghera ByPass, BARNALA-148101
Post Box No. 55
Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....